Space for Available for Advertising
WWW.PREETNEWS.COM
WWW.PREETNAMA.COM
preetnamausa@gmail.com

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 253, ਮਿਤੀ : 17 ਮਈ ਤੋਂ 24 ਮਈ 2024 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਪੀਐੱਮ ਮੋਦੀ ਨੂੰ ਮੁਸਲਮਾਨ ਵਿਰੋਧੀ ਤੇ ਤਿੱਖੇ ਭਾਸ਼ਣਾਂ ਦੀ ਲੋੜ ਕਿਉਂ ਪਈ, ਚੋਣ ਕਮਿਸ਼ਨ ਦੀ ਭੂਮਿਕਾ ਨੂੰ ਲੈ ਕੇ ਉੱਠ ਰਹੇ ਇਹ ਸਵਾਲ



## ਚੋਣ ਕਮਿਸ਼ਨ ਨੇ ਕਿਉਂ ਧਾਰੀ ਹੈ ਚੁੱਪ ?

16 ਅਪ੍ਰੈਲ ਨੂੰ ਚੋਣ ਕਮਿਸ਼ਨ ਨੇ ਚੋਣ ਜ਼ਾਬਤਾ ਲਾਗੂ ਹੋਣ ਦਾ ਇੱਕ ਮਹੀਨਾ ਮੁਕੰਮਲ ਹੋਣ 'ਤੇ ਇੱਕ ਬਿਆਨ ਜਾਰੀ ਕੀਤਾ ਸੀ। ਚੋਣ ਕਮਿਸ਼ਨ ਦੇ ਅਨੁਸਾਰ ਕਮਸ਼ਿਨ ਦੇ ਕੋਲ ਤਕਰੀਬਨ 200 ਸ਼ਿਕਾਇਤਾਂ ਆਈਆਂ ਹਨ। ਇਨ੍ਹਾਂ 'ਚੋਂ 169 'ਤੇ ਕਾਰਵਾਈ ਕੀਤੀ ਗਈ ਹੈ। 51 ਸ਼ਿਕਾਇਤਾਂ ਭਾਜਪਾ ਵੱਲੋਂ ਦਰਜ ਕਰਵਾਈਆਂ ਗਈਆਂ ਹਨ, ਜਿਨ੍ਹਾਂ 'ਚੋਂ 38 ਮਾਮਲਿਆਂ 'ਚ ਕਾਰਵਾਈ ਕੀਤੀ ਗਈ ਹੈ। ਕਾਂਗਰਸ ਵੱਲੋਂ 59 ਸ਼ਿਕਾਇਤਾਂ ਦਰਜ ਕਰਵਾਈਆਂ ਗਈਆਂ ਹਨ, ਜਿਨ੍ਹਾਂ 'ਚੋਂ 51 ਮਾਮਲਿਆਂ ਦਾ ਨਿਪਟਾਰਾ ਹੋ ਗਿਆ ਹੈ। ਪਰ 'ਜ਼ਹਿਰੀਲੇ' ਚੋਣ ਭਾਸ਼ਣਾਂ ਦੇ ਇਸ ਦੌਰ 'ਚ ਚੋਣ ਕਮਿਸ਼ਨ 'ਤੇ ਲਗਾਤਾਰ ਇਲਜ਼ਾਮ ਲੱਗ ਰਹੇ ਹਨ ਕਿ ਉਹ ਜਿੰਨੀ ਸਖ਼ਤੀ ਵਿਰੋਧੀ ਧਿਰ ਦੇ ਆਗੂਆਂ 'ਤੇ ਕਰ ਰਿਹਾ ਹੈ, ਓਨੀ ਸਖ਼ਤੀ ਸੱਤਾ ਧਿਰ ਭਾਜਪਾ ਆਗੂਆਂ 'ਤੇ ਨਹੀਂ ਵਿਖਾ ਰਿਹਾ ਹੈ। ਉਹ ਵੀ ਅਜਿਹੇ ਸਮੇਂ ਜਦੋਂ ਭਾਜਪਾ ਆਗੂ ਆਪਣੇ ਭਾਸ਼ਣਾਂ 'ਚ ਹਿੰਦੂ ਪ੍ਰਤੀਕ ਚਿੰਨ੍ਹਾਂ ਦੀ ਗੱਲ ਕਰ ਰਹੇ ਹਨ। ਟੀਐੱਮਸੀ ਦੇ ਡੇਰੇਕ ਓਬ੍ਰਾਇਨ ਨੇ ਇਲਜ਼ਾਮ ਲਗਾਇਆ ਹੈ ਕਿ ਕੀ ਚੋਣ ਕਮਿਸ਼ਨ 'ਪੱਖਪਾਤੀ ਅੰਪਾਇਰ' ਦੀ ਤਰ੍ਹਾਂ ਵਿਵਹਾਰ ਕਰ ਰਿਹਾ ਹੈ। ਚੋਣ ਕਮਿਸ਼ਨ ਦੇ ਇੱਕ ਅਧਿਕਾਰੀ ਨੇ ਇਨ੍ਹਾਂ ਇਲਜ਼ਾਮਾਂ 'ਤੇ ਕਿਸੇ ਵੀ ਤਰ੍ਹਾਂ ਦੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਪ੍ਰਧਾਨ ਮੰਤਰੀ ਦੇ ਭਾਸ਼ਣ 'ਤੇ ਮਦਰਾਸ ਹਾਈਕੋਰਟ 'ਚ ਗੁਹਾਰ ਲਗਾਉਣ ਵਾਲੇ ਤਾਮਿਲਨਾਡੂ ਦੇ ਕਾਂਗਰਸ ਆਗੂ ਸੇਲਵਾਪੇਰੁੰਥਗਾਈ ਨੇ ਬੀਬੀਸੀ ਨਾਲ ਗੱਲਬਾਤ ਦੌਰਾਨ ਪੁੱਛਿਆ ਕਿ ਜਾਤੀ, ਧਰਮ ਅਤੇ ਭਾਈਚਾਰੇ/ਫਿਰਕਿਆਂ 'ਤੇ ਹੋ ਰਹੇ ਭਾਸ਼ਣਾਂ 'ਤੇ ਚੋਣ ਕਮਿਸ਼ਨ ਚੁੱਪ ਕਿਉਂ ਹੈ। ਇੱਕ ਸਾਬਕਾ ਚੋਣ ਕਮਿਸ਼ਨਰ ਦੇ ਅਨੁਸਾਰ ਜੇਕਰ ਚੋਣ ਕਮਿਸ਼ਨ ਨੇ ਬੀਤੇ ਸਮੇਂ 'ਚ ਦਿੱਤੇ ਗਏ ਭਾਸ਼ਣਾਂ 'ਤੇ ਸਖ਼ਤੀ ਵਰਤੀ ਹੁੰਦੀ ਤਾਂ ਅੱਜ ਇਹ ਨੌਬਤ ਹੀ ਨਾ ਆਉਂਦੀ।

ਸੱਤ ਗੇੜਾਂ ਵਾਲੀਆਂ 2024 ਦੀਆਂ ਲੋਕ ਸਭਾ ਚੋਣਾਂ ਜਿਵੇਂ-ਜਿਵੇਂ ਅੱਗੇ ਵੱਧ ਰਹੀਆਂ ਹਨ, ਚੋਣ ਭਾਸ਼ਣਾਂ 'ਚ ਵਰਤੀ ਜਾ ਰਹੀ 'ਮੁਸਲਿਮ ਵਿਰੋਧੀ' ਭਾਸ਼ਾ ਨੇ ਦੇਸ਼-ਵਿਦੇਸ਼ ਦੇ ਕਈ ਹਲਕਿਆਂ 'ਚ ਚਿੰਤਾਵਾਂ ਵਧਾ ਦਿੱਤੀਆ ਹਨ। ਇਹ ਭਾਸ਼ਣ ਅਜਿਹੇ ਸਮੇਂ 'ਚ ਸਾਹਮਣੇ ਆ ਰਹੇ ਹਨ, ਜਦੋਂ ਕਈ ਮਾਹਰ ਪ੍ਰਧਾਨ ਮੰਤਰੀ ਮੋਦੀ ਦੇ ਲਗਾਤਾਰ ਤੀਜੀ ਵਾਰ ਆਮ ਚੋਣਾਂ ਫਤਹਿ ਕਰਨ ਦੀ ਭਵਿੱਖਬਾਣੀ ਕਰ ਰਹੇ ਹਨ। ਹਾਲ ਹੀ ਦੇ ਚੋਣ ਭਾਸ਼ਣਾਂ 'ਤੇ ਇੱਕ ਸਾਬਕਾ ਚੋਣ ਕਮਿਸ਼ਨਰ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਕਿਹਾ, ਮੈਂ ਕਦੇ ਵੀ ਚੋਣ ਭਾਸ਼ਣਾਂ ਦੇ ਇਸ ਪੱਧਰ ਨੂੰ ਨਹੀਂ ਵੇਖਿਆ ਹੈ। ਭਾਸ਼ਣ ਕਦੇ ਵੀ ਇੰਨੇ ਜ਼ਹਿਰੀਲੇ ਨਹੀਂ ਰਹੇ ਹਨ। ਇਹ ਸਥਿਤੀ ਕਲਪਨਾ ਤੋਂ ਵੀ ਪਰੇ ਹੈ।

**'ਭਵਿੱਖ ਲਈ ਚੰਗੇ ਸੰਕੇਤ ਨਹੀਂ'**

1993 ਦੇ ਮੁੰਬਈ ਦੰਗਿਆਂ ਤੋਂ ਬਾਅਦ ਸ਼ਾਂਤੀ ਨੂੰ ਵਧਾਵਾ ਦੇਣ ਦੇ ਮਕਸਦ ਨਾਲ ਸਥਾਪਿਤ ਹੋਏ ਮੁੰਬਈ ਦੇ ਸੈਂਟਰ ਫਾਰ ਸਟੱਡੀ ਆਫ਼ ਸੁਸਾਇਟੀ ਐਂਡ ਸੈਕੂਲਰਿਜ਼ਮ ਦੇ ਇਰਫ਼ਾਨ ਇੰਜੀਨੀਅਰ ਦੇ ਅਨੁਸਾਰ, ਭਾਸ਼ਣਾਂ ਨਾਲ ਧਰੁਵੀਕਰਨ ਦਾ ਵਿਕਾਸ ਹੋਵੇਗਾ ਅਤੇ ਇਹ ਭਵਿੱਖ ਲਈ ਚੰਗੇ ਸੰਕੇਤ ਨਹੀਂ ਹਨ। ਉਨ੍ਹਾਂ ਦਾ ਕਹਿਣਾ ਹੈ, ਸਾਲ 2014 ਅਤੇ 2019 ਦੀਆਂ ਚੋਣਾਂ ਜਿੱਥੇ ਭ੍ਰਿਸ਼ਟਾਚਾਰ, ਵਧੀਆ ਦਿਨ ਅਤੇ ਰਾਸ਼ਟਰਵਾਦ ਦੇ ਮੁੱਦੇ 'ਤੇ ਲੜੀਆਂ ਗਈਆਂ ਸਨ, ਉੱਥੇ ਹੀ 2024 ਦੀਆਂ ਚੋਣਾਂ 'ਮੁਸਲਿਮ ਵਿਰੋਧ' 'ਤੇ ਲੜੀਆਂ ਜਾ ਰਹੀਆਂ ਹਨ। ਅਮਰੀਕਾ ਦੇ ਵਿਲਸਨ ਸੈਂਟਰ ਦੇ ਸਾਊਥ ਏਸ਼ੀਆ ਇੰਸਟੀਚਿਊਟ ਦੇ ਡਾਇਰੈਕਟਰ ਮਾਈਕਲ ਕੁਗੇਲਮੈਨ ਦੇ ਅਨੁਸਾਰ 400 ਸੀਟਾਂ ਦਾ ਟੀਚਾ ਹਾਸਲ ਕਰਨ ਲਈ ਜੋ ਕੁਝ ਵੀ ਕੀਤਾ ਜਾ ਸਕਦਾ ਹੈ, ਸ਼ਾਇਦ ਪ੍ਰਧਾਨ ਮੰਤਰੀ ਮੋਦੀ ਅਤੇ ਭਾਜਪਾ ਉਹ ਸਭ ਕਰ ਰਹੇ ਹਨ। ਪੀਐੱਮ ਮੋਦੀ ਵੱਲੋਂ ਰਾਜਸਥਾਨ ਦੇ ਬਾਂਸਵਾੜਾ 'ਚ ਦਿੱਤੇ ਗਏ ਭਾਸ਼ਣ 'ਤੇ ਅਖ਼ਬਾਰ ਇੰਡੀਅਨ ਐਕਸਪ੍ਰੈਸ ਨੇ ਇੱਕ ਸੰਪਾਦਕੀ ਲਿਖਿਆ ਸੀ, ਜਿਸ ਦੀ ਹੈੱਡਲਾਈਨ ਸੀ- 'ਨਹੀਂ, ਪ੍ਰਧਾਨ ਮੰਤਰੀ'। ਦਰਅਸਲ ਰਾਜਸਥਾਨ ਦੀ ਇੱਕ ਚੋਣ ਰੈਲੀ 'ਚ ਪ੍ਰਧਾਨ ਮੰਤਰੀ ਮੋਦੀ ਨੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਇੱਕ ਪੁਰਾਣੇ ਭਾਸ਼ਣ ਦਾ ਹਵਾਲਾ ਦਿੰਦੇ ਹੋਏ ਮੁਸਲਮਾਨਾਂ 'ਤੇ ਟਿੱਪਣੀ ਕੀਤੀ, ਜਿਸ 'ਚ ਉਨ੍ਹਾਂ ਨੇ ਮੁਸਲਮਾਨਾਂ ਨੂੰ 'ਘੁਸਪੈਠ ਕਰਨ ਵਾਲੇ' ਅਤੇ 'ਜ਼ਿਆਦਾ ਬੱਚੇ ਪੈਦਾ ਕਰਨ ਵਾਲੇ' ਕਿਹਾ ਸੀ।

**ਇੱਕ ਤੋਂ ਬਾਅਦ ਇੱਕ ਕਈ ਬਿਆਨ ਆਏ ਸਾਹਮਣੇ**

ਪਰ ਗੱਲ ਇੱਥੋਂ ਤੱਕ ਹੀ ਸੀਮਤ ਨਾ ਰਹੀ। ਰਾਖਵੇਂਕਰਨ ਨੂੰ ਲੈ ਕੇ ਕਰਨਾਟਕਾ ਭਾਜਪਾ ਵੱਲੋਂ ਕੀਤਾ ਗਿਆ ਇੱਕ ਟਵੀਟ 'ਮੁਸਲਿਮ ਵਿਰੋਧੀ' ਚੋਣ ਇਸ਼ਤਿਹਾਰ ਵਿਵਾਦਾਂ 'ਚ ਘਿਰਿਆ ਰਿਹਾ। ਕਾਂਗਰਸ ਦੇ ਚੋਣ ਮਨੋਰਥ ਪੱਤਰ ਨੂੰ ਅਧਾਰ ਬਣਾ ਕੇ ਭਾਜਪਾ ਆਗੂ ਜੋ ਦਾਅਵਾ ਕਰ ਰਹੇ ਹਨ, ਵਿਰੋਧੀ ਧਿਰ ਉਨ੍ਹਾਂ ਦਾਅਵਿਆਂ ਨੂੰ ਝੂਠਾ ਅਤੇ ਫੁੱਟ ਪਾਊ ਕਰਾਰ ਦੇ ਰਹੀ ਹੈ। ਇਸ ਤੋਂ ਇਲਾਵਾ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਕਿਹਾ, ਕਾਂਗਰਸ ਕਹਿੰਦੀ ਹੈ ਕਿ ਅਸੀਂ ਪਰਸਨਲ ਲਾਅ ਦੇ ਜ਼ਰੀਏ ਸ਼ਰੀਆ ਕਾਨੂੰਨ ਨੂੰ ਲਾਗੂ ਕਰਵਾ ਦੇਵਾਂਗੇ। ਭਾਜਪਾ ਪ੍ਰਧਾਨ ਜੇਪੀ ਨੱਡਾ ਨੇ ਸਮਾਚਾਰ ਏਜੰਸੀ ਏਐਨਆਈ ਨੂੰ ਦੱਸਿਆ, ਜਦੋਂ ਮੈਂ ਕਾਂਗਰਸ ਦੇ ਚੋਣ ਮਨੋਰਥ ਪੱਤਰ ਨੂੰ ਵੇਖਿਆ ਤਾਂ ਮੈਨੂੰ ਬਹੁਤ ਹੈਰਾਨੀ ਹੋਈ ਕਿ ਇਹ ਕਾਂਗਰਸ ਪਾਰਟੀ ਦਾ ਚੋਣ ਮਨੋਰਥ ਪੱਤਰ ਹੈ ਜਾਂ ਫਿਰ ਮੁਸਲਿਮ ਲੀਗ ਦਾ। ਭਾਜਪਾ ਦੇ ਸੋਸ਼ਲ ਮੀਡੀਆ ਦੇ ਇੰਚਾਰਜ ਅਮਿਤ ਮਾਲਵੀਆ ਨੇ ਪਲੇਟਫਾਰਮ ਐਕਸ 'ਤੇ ਲਿਖਿਆ ਹੈ, ਇਹ ਸਪੱਸ਼ਟ ਹੈ ਕਿ ਕਾਂਗਰਸ ਸਾਡੀ ਜਾਇਦਾਦ, ਛੋਟੀਆਂ ਬੱਚਤਾਂ ਨੂੰ ਆਪਣੇ ਕੰਟਰੋਲ ਹੇਠ ਲੈ ਲਵੇਗੀ ਅਤੇ ਫਿਰ ਉਨ੍ਹਾਂ ਨੂੰ ਮੁਸਲਮਾਨਾਂ 'ਚ ਮੁੜ ਵੰਡ ਦੇਵੇਗੀ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇੱਕ ਭਾਸ਼ਣ 'ਚ ਕਿਹਾ, ਇਸ ਵਾਰ ਦੇ ਚੋਣ ਮਨੋਰਥ ਪੱਤਰ 'ਚ ਕਾਂਗਰਸ ਨੇ ਮੁੜ ਸਰਕਾਰੀ ਨੌਕਰੀਆਂ 'ਚ ਧਾਰਮਿਕ ਘੱਟ ਗਿਣਤੀਆਂ ਲਈ ਰਾਖਵੇਂਕਰਨ ਦਾ ਸੰਕੇਤ ਦਿੱਤਾ ਹੈ, ਜਿਸ ਨੂੰ ਜੇਕਰ ਲਾਗੂ ਕੀਤਾ ਗਿਆ ਤਾਂ ਉਸ 'ਚ ਹਥਿਆਰਬੰਦ ਬਲਾਂ ਨੂੰ ਵੀ ਇਸ ਦੇ ਦਾਇਰੇ 'ਚ ਲਿਆ ਜਾ ਸਕਦਾ ਹੈ। ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਇੱਕ ਰੈਲੀ 'ਚ ਕਿਹਾ, ਕਾਂਗਰਸ ਦੇ ਚੋਣ ਮਨੋਰਥ ਪੱਤਰ 'ਚ ਕਾਂਗਰਸ ਦੇ ਨਾਲ-ਨਾਲ ਵਿਦੇਸ਼ੀ ਤਾਕਤਾਂ ਦਾ ਵੀ ਹੱਥ ਨਜ਼ਰ ਆਉਂਦਾ ਹੈ। ਜੋ ਕਿ ਤੁਹਾਡੇ ਬੱਚਿਆਂ ਦੀ ਜਾਇਦਾਦ ਮੁਸਲਮਾਨਾਂ ਨੂੰ ਦੇਣਾ ਚਾਹੁੰਦੇ ਹਨ। ਕਾਂਗਰਸ ਦੇ ਚੋਣ ਮਨੋਰਥ ਪੱਤਰ 'ਚ 'ਸ਼ਰੀਆ', 'ਤਾਲਿਬਾਨ' ਵਰਗੇ ਸ਼ਬਦ ਕਿਤੇ ਵੀ ਨਹੀਂ ਹਨ। ਪ੍ਰਧਾਨ ਮੰਤਰੀ ਮੋਦੀ ਦੇ ਬਾਂਸਵਾੜਾ 'ਚ ਦਿੱਤੇ ਗਏ ਭਾਸ਼ਣ 'ਤੇ ਭਾਜਪਾ ਦੇ ਬੁਲਾਰੇ ਗੌਰਵ ਭਾਟੀਆ ਨੇ ਪ੍ਰੈੱਸ ਕਾਨਫਰੰਸ 'ਚ ਕਿਹਾ ਸੀ, ਜੋ ਕੋਈ ਵੀ ਭਾਰਤ 'ਚ ਗ਼ੈਰ-ਕਾਨੂੰਨੀ ਢੰਗ ਨਾਲ ਘੁਸਪੈਠ ਕਰਦੇ ਹਨ, ਉਹ ਇੰਡੀ ਗਠਜੋੜ ਦੇ ਲਈ ਦੇਸ਼ ਦੀ ਜਨਤਾ ਨਾਲੋਂ ਜ਼ਿਆਦਾ ਖ਼ਾਸ ਹਨ।

## ਭਾਸ਼ਣਾਂ 'ਚ ਇਸ ਤਿੱਖੇਪਣ ਦਾ ਕਾਰਨ ਕੀ ਹੈ ?

ਪ੍ਰਧਾਨ ਮੰਤਰੀ ਮੋਦੀ ਦਾ ਬਾਂਸਵਾੜਾ ਵਾਲਾ ਭਾਸ਼ਣ ਦੂਜੇ ਗੇੜ ਤੋਂ ਪਹਿਲਾਂ ਆਇਆ ਸੀ। ਦੂਜੇ ਗੇੜ 'ਚ ਕੇਰਲ, ਕਰਨਾਟਕ, ਰਾਜਸਥਾਨ, ਮਹਾਰਾਸ਼ਟਰ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਅਸਾਮ, ਬਿਹਾਰ, ਛੱਤੀਸਗੜ੍ਹ, ਪੱਛਮੀ ਬੰਗਾਲ ਵਰਗੇ ਸੂਬਿਆਂ ਦੀਆਂ ਕਈ ਸੀਟਾਂ 'ਤੇ ਵੋਟਿੰਗ ਹੋਈ ਸੀ। ਅਮਰੀਕਾ ਦੀ ਜਾਰਜਟਾਊਨ ਯੂਨੀਵਰਸਿਟੀ 'ਚ ਭਾਰਤੀ ਰਾਜਨੀਤੀ ਦੇ ਪ੍ਰੋਫ਼ੈਸਰ ਇਰਫ਼ਾਨ ਨੂਰੂਦੀਨ ਦੇ ਅਨੁਸਾਰ, ਪਿਛਲੇ 10 ਸਾਲਾਂ ਦੇ ਕਾਰਜਕਾਲ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਪਾਰਟੀ ਦੇ ਕੋਰ ਬੇਸ (ਮੂਲ ਅਧਾਰ) ਨੂੰ ਲੁਭਾਉਣ ਦੇ ਲਈ ਕਈ ਵਾਰ ਇਸ਼ਾਰਿਆਂ ਦੀ ਵਰਤੋਂ ਕੀਤੀ ਹੈ ਅਤੇ ਟੇਢੀਆਂ, ਤਿੱਖੀਆਂ ਗੱਲਾਂ ਕਹਿਣ ਦਾ ਕੰਮ ਹੋਰਨਾਂ ਆਗੂਆਂ 'ਤੇ ਛੱਡ ਦਿੱਤਾ ਸੀ।ਪਰ ਇਸ ਵਾਰ ਉਨ੍ਹਾਂ ਵੱਲੋਂ ਇਸ ਤਰ੍ਹਾਂ ਨਾਲ ਗੱਲ ਕਰਨਾ ਇੱਕ ਵੱਡਾ ਬਦਲਾਅ ਹੈ। ਯਾਦ ਰਹੇ ਕਿ ਇਸ ਤੋਂ ਪਹਿਲਾਂ ਕਬਰਿਸਤਾਨ ਅਤੇ ਸ਼ਮਸ਼ਾਨਘਾਟ ਦਾ ਜ਼ਿਕਰ ਕਰਨ ਵਾਲਾ ਭਾਸ਼ਣ ਵਿਵਾਦਾਂ 'ਚ ਘਿਰਿਆ ਸੀ। ਉਹ ਅੱਗੇ ਕਹਿੰਦੇ ਹਨ, ਇਹ ਇੱਕ ਇਸ਼ਾਰਾ ਹੈ ਕਿ ਭਾਜਪਾ ਨੂੰ ਲੱਗਦਾ ਹੈ ਕਿ ਅਰਥ ਵਿਵਸਥਾ ਨਾਲ ਜੁੜੀਆਂ ਗੱਲਾਂ ਵੋਟਰਾਂ ਨੂੰ ਅਪੀਲ ਨਹੀਂ ਕਰ ਰਹੀਆਂ ਹਨ, ਕਿਉਂਕਿ ਪਿੰਡਾਂ ਅਤੇ ਸ਼ਹਿਰਾਂ 'ਚ ਬੇਰੁਜ਼ਗਾਰੀ ਅਤੇ ਨੌਕਰੀਆਂ ਪੈਦਾ ਕਰਨ ਦੀ ਚੁਣੌਤੀ ਅਹਿਮ ਵਿਸ਼ੇ ਹਨ।@@ ਪ੍ਰੋਫ਼ੈਸਰ ਇਰਫ਼ਾਨ ਨੂਰੂਦੀਨ ਦਾ ਕਹਿਣਾ ਹੈ ਕਿ ਭਾਜਪਾ ਨੂੰ ਇਹ ਵੀ ਲੱਗਦਾ ਹੈ ਕਿ ਚੋਣਾਂ ਤੋਂ ਠੀਕ ਪਹਿਲਾਂ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ 'ਹਿੱਟ ਵਿਕਟ' ਜਾਂ ਆਪਣਾ ਹੀ ਨੁਕਸਾਨ ਕਰਨ ਵਰਗੀ ਸੀ। ਉਸ ਕਦਮ ਨੇ ਹੱਥ-ਪੈਰ ਮਾਰ ਰਹੇ ਵਿਰੋਧੀ ਧਿਰ ਨੂੰ ਇਕਜੁੱਟ ਕਰ ਦਿੱਤਾ, ਜਿਸ ਕਾਰਨ ਉਹ 'ਲੋਕਤੰਤਰ ਖ਼ਤਰੇ 'ਚ ਹੈ' ਦੇ ਨਾਅਰੇ ਨੂੰ ਬੁਲੰਦ ਕਰਨ ਲੱਗੇ। ਉਹ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਬੇਲੋੜੇ ਆਤਮਵਿਸ਼ਵਾਸ ਦਾ ਨਤੀਜਾ ਮੰਨਦੇ ਹਨ। ਉਨ੍ਹਾਂ ਦੇ ਅਨੁਸਾਰ ਭਾਜਪਾ ਨੂੰ ਰਾਮ ਮੰਦਰ ਪ੍ਰਾਣ ਪ੍ਰਤਿਸ਼ਠਾ ਸਮਾਗਮ ਦਾ ਚੋਣਾਵੀਂ ਲਾਭ ਉਮੀਦ ਮੁਤਾਬਕ ਨਹੀਂ ਹਾਸਲ ਹੋਇਆ ਹੈ। ਪ੍ਰਧਾਨ ਮੰਤਰੀ ਦੇ ਹਾਲ ਹੀ ਦੇ ਚੋਣ ਭਾਸ਼ਣ 'ਚ ਰਾਹੁਲ ਗਾਂਧੀ 'ਤੇ ਹਮਲੇ ਦੇ ਲਈ ਅਡਾਨੀ ਅਤੇ ਅੰਬਾਨੀ ਦੇ ਜ਼ਿਕਰ 'ਤੇ ਉਹ ਪੁੱਛਦੇ ਹਨ ਕਿ ਜਿਨ੍ਹਾਂ ਲੋਕਾਂ ਦੇ ਬਾਰੇ 'ਚ ਮੰਨਿਆ ਜਾਂਦਾ ਹੈ ਕਿ ਉਹ ਭਾਜਪਾ ਦੇ ਨਜ਼ਦੀਕ ਹਨ, ਉਨ੍ਹਾਂ ਦਾ ਜ਼ਿਕਰ ਕਰਨ ਦਾ ਕੀ ਤਰਕ ਹੈ ? ਉਹ ਅੱਗੇ ਪੁੱਛਦੇ ਹਨ, ਕੌਣ ਇਸ ਗੱਲ 'ਤੇ ਭਰੋਸਾ ਕਰੇਗਾ ?

ਅਮਰੀਕਾ ਦੀ ਇੱਕ ਯੂਨੀਵਰਸਿਟੀ 'ਚ ਪੜ੍ਹਾ ਰਹੇ ਇੱਕ ਭਾਰਤੀ ਮੂਲ ਦੇ ਪ੍ਰੋਫ਼ੈਸਰ ਦੇ ਅਨੁਸਾਰ ਮਹਾਰਾਸ਼ਟਰ 'ਚ ਪਾਰਟੀਆਂ ਦੇ ਟੁੱਟਣ ਦੇ ਕਾਰਨ ਵੀ ਕਈ ਲੋਕਾਂ ਨੇ ਭਾਜਪਾ ਤੋਂ ਮੁੱਖ ਮੋੜਿਆ। ਮਾਈਕਲ ਕੁਗੇਲਮੈਨ ਦਾ ਮੰਨਣਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੂੰ ਯਕੀਨ ਹੈ ਕਿ ਉਹ ਅਤੇ ਉਨ੍ਹਾਂ ਦੀ ਪਾਰਟੀ ਚੋਣਾਂ 'ਚ ਚੰਗਾ ਪ੍ਰਦਰਸ਼ਨ ਕਰਨਗੇ ਅਤੇ ਉਹ ਆਪਣੇ ਮੁੱਖ ਸਮਰਥਕਾਂ ਤੋਂ ਇਲਾਵਾ ਹੋਰ ਨਵੇਂ ਲੋਕਾਂ ਨੂੰ ਆਪਣੇ ਨਾਲ ਜੋੜਨ ਦੀ ਕੋਸ਼ਿਸ਼ ਕਰ ਰਹੇ ਹਨ। ਮਾਈਕਲ ਦਾ ਕਹਿਣਾ ਹੈ, ਜੇਕਰ ਅਜਿਹਾ ਹੈ ਤਾਂ ਇਹ ਇੱਕ ਸਮਾਰਟ ਨੀਤੀ ਨਹੀਂ ਹੈ। ਉਨ੍ਹਾਂ ਲਈ ਇਹ ਬਿਹਤਰ ਹੋਵੇਗਾ ਕਿ ਉਹ ਮੁਸਲਿਮ ਵੋਟਰਾਂ, ਆਜ਼ਾਦ ਸੋਚ ਵਾਲੇ ਵੋਟਰਾਂ, ਵੋਟਰ ਜੋ ਕਿ ਬਹੁਤ ਜ਼ਿਆਦਾ ਸਿਆਸਤ 'ਚ ਭਾਗੀਦਾਰ ਨਹੀਂ ਹਨ ਜਾਂ ਫਿਰ ਭਾਜਪਾ ਦੇ ਨਜ਼ਦੀਕ ਨਹੀਂ ਹਨ।ਉਨ੍ਹਾਂ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰਨ, ਪਰ ਇਸ ਤੋਂ ਪਹਿਲਾਂ ਉਹ ਆਪਣੀ ਭਾਸ਼ਾ ਦੀ ਚੋਣ 'ਚ ਸੁਧਾਰ ਕਰਨ ਅਤੇ ਅਜਿਹੇ ਭਾਸ਼ਣਾਂ ਤੋਂ ਪਰਹੇਜ਼ ਕਰਨ। ਉਹ ਭਾਸ਼ਣਾਂ ਦੀ ਭਾਸ਼ਾ ਨੂੰ 'ਮੰਦਭਾਗਾ' ਮੰਨਦੇ ਹਨ।

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 253

Website: www.preetnama.com Email preetnamausa@gmail.com

17 MAY TO 23 MAY , 2024


# ਗੁਰੂ ਸਾਹਿਬ ਅੱਗੇ ਲਈਆਂ ਲਾਵਾਂ ਇੱਕ ਪਵਿੱਤਰ ਰਿਸ਼ਤਾ ਹੁੰਦਾ ਹੈ : ਮੋਹਨ ਸਿੰਘ ਬਡਾਨਾ

## ਢਾਡੀ ਭਾਈ ਮੋਹਨ ਜੀ ਬਡਾਨਾ ਨੇ ਵਿਆਹ ਦੀ 25ਵੀਂ ਵਰੇਗੰਢ ਮਨਾਈ



ਨਿਊਯਾਰਕ (ਪ੍ਰੀਤਨਾਮਾ) : ਨਿਊਯਾਰਕ ਦੇ ਪ੍ਰਸਿੱਧ ਢਾਡੀ ਭਾਈ ਮੋਹਨ ਸਿੰਘ ਜੀ ਬਡਾਨਾ ਨੇ ਬੀਤੇ ਦਿਨੀਂ ਆਪਣੇ ਵਿਆਹ ਦੀ 25ਵੀਂ ਵਰੇਗੰਢ ਮਨਾਈ। ਉਨ੍ਹਾਂ ਗੱਲਬਾਤ ਦੌਰਾਨ ਦੱਸਿਆ ਕਿ ਗੁਰੂ ਸਾਹਿਬ ਅੱਗੇ ਪੜ੍ਹੀਆਂ ਗਈਆਂ ਲਾਵਾਂ ਦਾ ਪਵਿੱਤਰ ਰਿਸ਼ਤਾ ਹਮੇਸ਼ਾ ਇੱਕ ਦੂਜੇ ਦਾ ਸਤਿਕਾਰ ਕਰਦੇ ਹੋਏ ਹੀ ਨਿਭਦਾ ਹੈ।ਉਨ੍ਹਾਂ ਕਿਹਾ ਕਿ ਇਹ ਸਤਿਕਾਰ ਅਤੇ ਪਿਆਰ ਗੁਰੂ ਸਾਹਿਬ ਦੇ ਓਟ ਆਸਰੇ ਨਾਲ ਮੇਰਾ ਅਤੇ ਮੇਰੀ ਧਰਮ ਪਤਨੀ ਦੀ 25 ਸਾਲਾਂ ਤੋਂ ਨਿਭਦਾ ਆ ਰਿਹਾ ਹੈ।ਉਨ੍ਹਾਂ ਕਿਹਾ ਕਿ ਬਾਕੀ ਰਿਸ਼ਤੇ ਸਾਨੂੰ ਭਾਵੇਂ ਪਿਤਾ ਪੁਰਖੀ ਤੋਂ ਹੀ ਮਿਲਦੇ ਹਨ ਪਰ ਵਿਆਹ ਦਾ ਰਿਸ਼ਤਾ ਸਾਨੂੰ ਆਪ ਚੁਣਨਾ ਪੈਂਦਾ ਹੈ ਅਤੇ ਇਸ ਨਾਲ ਹੀ ਇਹ ਰਿਸ਼ਤਾ ਇੱਕ ਪਵਿੱਤਰ ਰਿਸ਼ਤਾ ਬਣ ਜਾਂਦਾ ਹੈ।

# ਟੀ-20 ਵਿਸ਼ਵ ਕੱਪ ਟਰਾਫੀ ਟੂਰ ਦੀ ਸ਼ੁਰੂਆਤ ਬਰੈਂਪਟਨ ਵਿੱਚ ਬਹੁਤ ਧੂਮਧਾਮ ਨਾਲ ਹੋਈ





ਬਰੈਂਪਟਨ (ਸੁਰਜੀਤ ਸਿੰਘ ਫਲੋਰਾ) ਸਿਟੀ ਆਫ ਬਰੈਂਪਟਨ ਨੇ ਸ਼ਨੀਵਾਰ, 11 ਮਈ ਨੂੰ ਕਿਨ ਵਿਲਨਜ਼ ਸਕੁਏਅਰ ਵਿਖੇ ਮਾਣ ਨਾਲ ਇੱਕ ਵਿਸ਼ੇਸ਼ ਸਮਾਗਮ ਦੀ ਮੇਜ਼ਬਾਨੀ ਕੀਤੀ। ਮੀਡੀਆ ਅਤੇ ਨਿਵਾਸੀਆਂ ਨੂੰ ਟੀਮ ਕੈਨੇਡਾ ਦੇ ਕੁਝ ਪ੍ਰਤਿਭਾਸ਼ਾਲੀ ਖਿਡਾਰੀਆਂ ਨੂੰ ਮਿਲਣ ਲਈ ਸੱਦਾ ਦਿੱਤਾ ਗਿਆ ਸੀ, ਜਿਨ੍ਹਾਂ ਵਿੱਚ ਜੇਰੇਮੀ ਗੋਰਡਨ, ਨਿਕੋਲਸ ਕਿਰਟਨ, ਰੇਯਾਨ ਖਾਨ ਪਠਾਨ, ਸਾਦ ਬਿਨ ਜ਼ਫਰ, ਐਰੋਨ ਓਰਲੈਂਡੋ ਜਾਨਸਨ, ਦਿਲਪ੍ਰੀਤ ਸਿੰਘ ਬਾਜਵਾ, ਰਬਜੋਤ ਰਾਜਪੂਤ, ਸਨਿਆਹ ਜ਼ਿਆ ਅਤੇ ਅਚਿਨੀ ਪਰੇਰਾ। ਇਸ ਈਵੈਂਟ ਨੇ ਟੀਮ ਕੈਨੇਡਾ ਲਈ ਅਧਿਕਾਰਤ ਰਵਾਨਾ ਵਜੋਂ ਵੀ ਕੰਮ ਕੀਤਾ ਕਿਉਂਕਿ ਉਹ ਜੂਨ ਵਿੱਚ ਹੋਣ ਵਾਲੇ ਆਈਸੀਸੀ ਟੀ-20 ਪੁਰਸ਼ ਵਿਸ਼ਵ ਕੱਪ ਟੂਰਨਾਮੈਂਟ ਲਈ ਤਿਆਰ ਹਨ। ਬਰੈਂਪਟਨ ਨੇ ਸ਼ਹਿਰ ਨੇ ਟੀ-20 ਵਿਸ਼ਵ ਕੱਪ ਟਰਾਫੀ ਲਿਆਉਣ ਲਈ ਅੰਤਰਰਾਸ਼ਟਰੀ ਕ੍ਰਿਕਟ ਕੌਂਸਲ ਅਤੇ ਕ੍ਰਿਕਟ ਕੈਨੇਡਾ ਨਾਲ ਸਾਂਝੇਦਾਰੀ ਕੀਤੀ। ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਨੇ ਕਿਹਾ, ÷ਕੈਨੇਡਾ ਦੀ ਕ੍ਰਿਕਟ ਰਾਜਧਾਨੀ ਹੋਣ ਦੇ ਨਾਤੇ, ਬਰੈਂਪਟਨ ਨੂੰ ਸਾਡੇ ਸ਼ਹਿਰ ਵਿੱਚ ਟੀ-20 ਵਿਸ਼ਵ ਕੱਪ ਟਰਾਫੀ ਲਿਆਉਣ ਵਿੱਚ ਅੰਤਰਰਾਸ਼ਟਰੀ ਕ੍ਰਿਕਟ ਕੌਂਸਲ ਨਾਲ ਸਾਂਝੇਦਾਰੀ ਕਰਨ ਦਾ ਮਾਣ ਪ੍ਰਾਪਤ ਹੈ। ਇਹ ਸਮਾਗਮ ਨਾ ਸਿਰਫ਼ ਕ੍ਰਿਕਟ ਲਈ ਸਾਡੇ ਪਿਆਰ ਨੂੰ ਦਰਸਾਉਂਦਾ ਹੈ, ਸਗੋਂ ਵਿਭਿੰਨਤਾ ਅਤੇ ਸਾਡੇ ਭਾਈਚਾਰੇ ਦੇ ਅੰਦਰ ਏਕਤਾ ਦਾ ਸਬੂਤ ਵੀ ਪੇਸ਼ ਕਰਦਾ ਹੈ। ਆਓ ਸਾਡੀ ਟੀਮ ਦੇ ਪਿੱਛੇ ਇਕੱਠੇ ਹੋਈਏ ਕਿਉਂਕਿ ਉਹ ਗੋਲਡ ਦੇ ਲਈ ਜਾਂਦੇ ਹਨ!

ਨਾਲ ਹੀ, ਬ੍ਰਾਊਨ ਨੇ ਕਿਹਾ, 2024 ਦੇ ਬਜਟ ਵਿੱਚ, ਸਿਟੀ ਆਫ ਬਰੈਂਪਟਨ ਨੇ ਕ੍ਰਿਕਟ ਬੁਨਿਆਦੀ ਢਾਂਚੇ ਅਤੇ ਪ੍ਰੋਗਰਾਮਿੰਗ ਵਿੱਚ £8 ਮਿਲੀਅਨ ਦਾ ਨਿਵੇਸ਼ ਕਰਨ ਲਈ ਵਚਨਬੱਧ ਕੀਤਾ ਹੈ। 2 ਜੁਲਾਈ, 2024 ਤੋਂ, ਸਿਟੀ ਪਹਿਲੀ ਵਾਰ ਯੂਥ ਕ੍ਰਿਕਟ ਲੀਗ ਦੀ ਸ਼ੁਰੂਆਤ ਕਰੇਗਾ। ਛੇ ਤੋਂ 15 ਸਾਲ ਦੀ ਉਮਰ ਦੇ ਨੌਜਵਾਨਾਂ ਨੂੰ ਇਸ ਗਰਮੀ ਵਿੱਚ ਇੱਕ ਨਵੀਂ ਖੇਡ ਸਿੱਖਣ ਅਤੇ ਉਹਨਾਂ ਦੇ ਕ੍ਰਿਕਟ ਹੁਨਰ ਵਿੱਚ ਸੁਧਾਰ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਇਸ ਪਹਿਲਕਦਮੀ ਦਾ ਉਦੇਸ਼ ਨੌਜਵਾਨਾਂ ਨੂੰ ਸਰਗਰਮ ਹੋਣ, ਸਿਹਤਮੰਦ ਜੀਵਨ ਸ਼ੈਲੀ ਦੀ ਅਗਵਾਈ ਕਰਨ ਅਤੇ ਖੇਡਾਂ ਦੀ ਸ਼ਕਤੀ ਦਾ ਅਨੁਭਵ ਕਰਨ ਲਈ ਉਤਸ਼ਾਹਿਤ ਕਰਨਾ ਹੈ। ਬਰੈਂਪਟਨ ਮੇਅਰ ਪੈਟਰਿਕ ਬਰਾਉਨ ਨੇ ਇਹ ਵੀ ਕਿਹਾ ਕਿ ਬਰੈਂਪਟਨ ਸਰਦੀਆਂ ਦੇ ਮਹੀਨਿਆਂ ਵਿੱਚ ਵੀ ਖਿਡਾਰੀਆਂ ਲਈ ਵਰਤਣ ਲਈ ਅਰਨਸਕਲਿਫ ਪਾਰਕ ਵਿੱਚ ਸ਼ਹਿਰ ਦੇ ਪਹਿਲੇ ਸਾਲ ਭਰ ਦੇ ਕ੍ਰਿਕਟ ਡੋਮ ਦੀ ਯੋਜਨਾ ਦੇ ਨਾਲ ਅੱਗੇ ਵਧ ਰਿਹਾ ਹੈ। ਜਦਕਿ ਬਰੈਂਪਟਨ ਸਾਊਥ ਦੀ ਐਮਪੀ ਸੋਨੀਆ ਸਿੱਧੂ ਨੇ ਕਿਹਾ, ਕ੍ਰਿਕਟ ਸਿਰਫ਼ ਇੱਕ ਖੇਡ ਨਹੀਂ ਹੈ; ਇਹ ਇੱਕ ਜਨੂੰਨ ਹੈ ਜੋ ਸਾਨੂੰ ਸਾਰਿਆਂ ਨੂੰ ਇਕੱਠੇ ਲਿਆਉਂਦਾ ਹੈ। ਅੱਜ ਅਸੀਂ ਟੀ-20 ਵਿਸ਼ਵ ਕੱਪ ਲਈ ਜਾ ਰਹੀ ਕੈਨੇਡੀਅਨ ਪੁਰਸ਼ ਕ੍ਰਿਕਟ ਟੀਮ ਨੂੰ ਸ਼ੁਭਕਾਮਨਾਵਾਂ ਦੇਣ ਲਈ ਇਕੱਠੇ ਹੋਏ ਹਾਂ। ਗੋ ਟੀਮ ਗੋ -ਗੋ ਕੈਨੇਡਾ! ਸਾਦ ਬਿਨ ਜ਼ਫਰ ਨੇ ਕਿਹਾ ਕਿ ਉਸਨੇ ਆਪਣੇ ਆਪ ਨੂੰ ਵੀਹ ਸਾਲਾਂ ਲਈ ਇੱਕ ਫੁੱਲ-ਟਾਈਮ ਨੌਕਰੀ ਲਈ ਸਮਰਪਿਤ ਕੀਤਾ, ਜਦੋਂ ਕਿ ਆਪਣੀਆਂ ਰਾਤਾਂ ਸਥਾਨਕ ਲੀਗਾਂ ਵਿੱਚ ਬਿਨਾਂ ਕਿਸੇ ਵਿੱਤੀ ਮੁਆਵਜ਼ੇ ਦੇ ਕ੍ਰਿਕਟ ਖੇਡਣ ਲਈ ਸਮਰਪਿਤ ਕੀਤੀਆਂ। ਬਰੈਂਪਟਨ ਨਿਵਾਸੀ ਕੋਲ ਪੇਸ਼ੇਵਰ ਤੌਰ @ਤੇ ਖੇਡਣ ਦੇ ਸੀਮਤ ਮੌਕੇ ਸਨ। ਉਸਨੇ 2015 ਵਿੱਚ ਕੈਨੇਡੀਅਨ ਰਾਸ਼ਟਰੀ ਟੀਮ ਦੀ ਨੁਮਾਇੰਦਗੀ ਕਰਨੀ ਸ਼ੁਰੂ ਕੀਤੀ; ਬਦਕਿਸਮਤੀ ਨਾਲ, ਇਹ ਟੀਮ ਦੇ ਇੱਕ ਦਿਨਾ ਅੰਤਰਰਾਸ਼ਟਰੀ ਰੁਤਬੇ ਨੂੰ ਗੁਆਉਣ ਤੋਂ ਇੱਕ ਸਾਲ ਬਾਅਦ ਸੀ। ਉਨ੍ਹਾਂ ਮੁਤਾਬਕ ਉਸ ਸਮੇਂ ਦੇਸ਼ @ਚ ਕ੍ਰਿਕਟਰਾਂ ਲਈ ਕੋਈ ਕਰਾਰ ਨਹੀਂ ਸੀ। ਪਿਛਲੇ ਸਾਲ ਕੈਨੇਡੀਅਨ ਟੀਮ ਲਈ ਮਹੱਤਵਪੂਰਨ ਮੋੜ ਰਿਹਾ। ਉਹ ਜ਼ਿੰਬਾਬਵੇ ਵਿੱਚ ਇੱਕ ਕੁਆਲੀਫਾਇੰਗ ਵਿਸ਼ਵ ਕੱਪ ਜਿੱਤ ਪ੍ਰਾਪਤ ਕਰਨ ਵਿੱਚ ਕਾਮਯਾਬ ਰਹੇ, ਜਿਸ ਨਾਲ ਅੰਤ ਵਿੱਚ ਉਹਨਾਂ ਨੇ ਆਪਣਾ ਇੱਕ ਦਿਨਾ ਦਰਜਾ ਪ੍ਰਾਪਤ ਕੀਤਾ।

ਪਹਿਲੀ ਵਾਰ, ਕੈਨੇਡੀਅਨ ਟੀਮ ਨੇ ਟੀ-20 ਪੁਰਸ਼ ਵਿਸ਼ਵ ਕੱਪ ਲਈ ਕੁਆਲੀਫਾਈ ਕੀਤਾ ਹੈ, ਜੋ ਕਿ 1 ਤੋਂ 29 ਜੂਨ ਤੱਕ ਅਮਰੀਕਾ ਅਤੇ ਵੈਸਟਇੰਡੀਜ਼ ਦੇ ਵੱਖ-ਵੱਖ ਸ਼ਹਿਰਾਂ ਵਿੱਚ ਹੋਵੇਗਾ। ਜ਼ਫਰ ਕੈਨੇਡਾ ਲਈ ਕਪਤਾਨ ਦਾ ਅਹੁਦਾ ਸੰਭਾਲਦਾ ਹੈ। ਜ਼ਫਰ ਨੇ ਕਿਹਾ, ਆਖਰਕਾਰ ਇਹ ਹੋ ਰਿਹਾ ਹੈ; ਵਿਸ਼ਵ ਕੱਪ ਖੇਡਣ ਦਾ ਮੇਰਾ ਸੁਪਨਾ ਸਾਕਾਰ ਹੋ ਰਿਹਾ ਹੈ,÷ ਜ਼ਫਰ ਨੇ ਕਿਹਾ। ÷ਇੱਕ ਕਪਤਾਨ ਅਤੇ ਇੱਕ ਨੇਤਾ ਹੋਣਾ ਇੱਕ ਵਿਸ਼ੇਸ਼ ਅਧਿਕਾਰ ਦੀ ਸਥਿਤੀ ਹੈ।ਜਦੋਂ ਬਰੈਂਪਟਨ ਦੇ ਕ੍ਰਿਕਟਰ ਇਸ ਸਾਲ ਆਈਸੀਸੀ ਟੀ-20 ਵਿਸ਼ਵ ਕੱਪ ਵਿੱਚ ਹਿੱਸਾ ਲੈਣਗੇ ਤਾਂ ਸਥਾਨਕ ਅਥਲੀਟ ਇੱਕ ਵਾਰ ਫਿਰ ਵਿਸ਼ਵ ਪੱਧਰ @ਤੇ ਕੈਨੇਡਾ ਦੀ ਨੁਮਾਇੰਦਗੀ ਕਰਨਗੇ। ਕੈਨੇਡੀਅਨ ਪੁਰਸ਼ ਟੀਮ ਇਸ ਸਾਲ ਪਹਿਲੀ ਵਾਰ ਆਈਸੀਸੀ ਟੀ-20 ਵਿਸ਼ਵ ਕੱਪ ਲਈ 1 ਜੂਨ ਨੂੰ ਸੰਯੁਕਤ ਰਾਜ ਅਮਰੀਕਾ ਦੇ ਖਿਲਾਫ ਇੱਕ ਸ਼ੁਰੂਆਤੀ-ਦਿਨ ਮੈਚ ਦੇ ਨਾਲ ਜਾ ਰਹੀ ਹੈ, ਅਤੇ ਸ਼ਹਿਰ ਕਿੰਨ ਵਿਲੀਅਮ ਸਕੁਆਇਰ ਵਿੱਚ ਇੱਕ ਜਸ਼ਨ ਦੇ ਨਾਲ ਇਤਿਹਾਸਕ ਪਲ ਦੀ ਨਿਸ਼ਾਨਦੇਹੀ ਕਰ ਰਿਹਾ ਹੈ। ਲਾਸ ਏਂਜਲਸ ਵਿੱਚ 2028 ਸਮਰ ਓਲੰਪਿਕ ਲਈ ਕ੍ਰਿਕੇਟ ਦੀ ਮਨਜ਼ੂਰੀ ਦੇ ਨਾਲ, ਜ਼ਫਰ ਨੇ ਨਵੰਬਰ ਵਿੱਚ ਕਿਹਾ ਸੀ ਕਿ ਟੀ-20 ਬਣਾਉਣ ਦਾ ਮਤਲਬ ਹੈ ਕਿ ਕੈਨੇਡਾ ਦਾ ਕ੍ਰਿਕੇਟ ਭਵਿੱਖ ਚਮਕਦਾਰ ਦਿਖਾਈ ਦੇ ਰਿਹਾ ਹੈ। ਜ਼ਫਰ ਨੇ ਅੱਗੇ ਬੋਲਦੇ ਹੋਏ ਕਿਹਾ ਕਿ ਮੈਂ ਬਹੁਤ ਖੁਸ਼ ਹਾਂ, ਬਹੁਤ ਉਤਸ਼ਾਹਿਤ ਹਾਂ। ਮੈਂ ਭਵਿੱਖ ਵਿੱਚ ਕ੍ਰਿਕਟ ਵਿੱਚ ਹੋਰ ਬਹੁਤ ਵਧੀਆ ਚੀਜ਼ਾਂ ਦੀ ਉਮੀਦ ਕਰਦਾ ਹਾਂ, ਉਸਨੇ ਕਿਹਾ। ਮੈਂ ਸੱਚਮੁੱਚ ਸਕਾਰਾਤਮਕ ਮਹਿਸੂਸ ਕਰ ਰਿਹਾ ਹਾਂ। ਮੈਨੂੰ ਲਗਦਾ ਹੈ ਕਿ ਆਖਰਕਾਰ ਸਮਾਂ ਸਾਡੇ ਲਈ ਕੰਮ ਕਰ ਰਹੀਆਂ ਹਨ।

# ਜ਼ੈਲੇਂਸਕੀ ਵੱਲੋਂ ਰੂਸੀ ਹਮਲਿਆਂ ਕਾਰਨ ਵਿਦੇਸ਼ੀ ਦੌਰੇ ਮੁਲਤਵੀ

ਕੀਵ : ਯੂਕਰੇਨੀ ਰਾਸ਼ਟਰਪਤੀ ਵਲਾਦੀਮੀਰ ਜ਼ੈਲੇਂਸਕੀ ਨੇ ਰੂਸ ਵੱਲੋਂ ਕੀਤੇ ਜਾ ਰਹੇ ਤਿੱਖੇ ਹਮਲਿਆਂ ਕਾਰਨ ਆਪਣੇ ਸਾਰੇ ਵਿਦੇਸ਼ੀ ਦੌਰੇ ਮੁਲਤਵੀ ਕਰ ਦਿੱਤੇ ਹਨ। ਅਮਰੀਕੀ ਹਮਾਇਤ ਦਾ ਭਰੋਸਾ ਦੇਣ ਲਈ ਯੂਕਰੇਨ ਦੇ ਦੌਰੇ 'ਤੇ ਆਏ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਬੁੱਧਵਾਰ ਨੂੰ ਕੀਵ 'ਚ ਡਰੋਨ ਬਣਾਉਣ ਵਾਲੇ ਕਾਰਖਾਨੇ ਦਾ ਦੌਰਾ ਕੀਤਾ। ਜ਼ੈਲੇਂਸਕੀ ਨੇ ਸਾਰੇ ਵਿਦੇਸ਼ੀ ਦੌਰੇ ਰੱਦ ਕਰਦਿਆਂ ਆਪਣੀ ਟੀਮ ਨੂੰ ਨਵੇਂ ਸਿਰੇ ਤੋਂ ਪ੍ਰੋਗਰਾਮ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। 'ਟੈਲੀਗ੍ਰਾਮ' 'ਤੇ ਜ਼ੈਲੇਂਸਕੀ ਦੇ ਦਫ਼ਤਰ ਨੇ ਇਹ ਜਾਣਕਾਰੀ ਸਾਂਝੀ ਕਰਦਿਆਂ ਬਿਆਨ 'ਚ ਕਿਹਾ ਕਿ ਭਾਈਵਾਲ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਸਮਝਣਗੇ। ਜ਼ੈਲੇਂਸਕੀ ਨੇ ਸਪੇਨ ਅਤੇ ਪੁਰਤਗਾਲ ਦੇ ਦੌਰੇ 'ਤੇ ਜਾਣਾ ਸੀ। ਜ਼ੈਲੇਂਸਕੀ ਦੇ ਦੌਰਾ ਰੱਦ ਕਰਨ ਸਬੰਧੀ ਫ਼ੈਸਲੇ ਬਾਰੇ ਕੋਈ ਕਾਰਨ ਨਹੀਂ ਦੱਸਿਆ ਗਿਆ ਪਰ ਯੂਕਰੇਨ ਨੂੰ ਰੂਸ ਦੇ ਨਵੇਂ ਅਤੇ ਤਿੱਖੇ ਹਮਲੇ ਦਾ ਟਾਕਰਾ ਕਰਨ ਲਈ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਲਿੰਕਨ ਨੇ ਅਨਾਜ ਗੁਦਾਮ ਦਾ ਵੀ ਦੌਰਾ ਕੀਤਾ ਅਤੇ ਜੰਗ ਦੌਰਾਨ ਯੂਕਰੇਨ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਰੂਸ ਵੱਲੋਂ ਰਵਾਇਤੀ ਸਮੁੰਦਰੀ ਮਾਰਗ 'ਚ ਅੜਿੱਕੇ ਡਾਹੁਣ ਮਗਰੋਂ ਯੂਕਰੇਨ ਅਨਾਜ ਦੀ ਬਰਾਮਦ ਰੇਲ ਰਾਹੀਂ ਯਕੀਨੀ ਬਣਾ ਰਿਹਾ ਹੈ। ਰੂਸੀ ਫ਼ੌਜ ਨੇ ਯੂਕਰੇਨ ਦੇ ਖਾਰਕੀਵ ਖ਼ਿੱਤੇ 'ਚ ਨਵੇਂ ਸਿਰੇ ਤੋਂ ਹਮਲੇ ਸ਼ੁਰੂ ਕੀਤੇ ਹਨ। ਪਿਛਲੇ ਹਫ਼ਤੇ ਤੋਂ ਸ਼ੁਰੂ ਕੀਤੇ ਗਏ ਹਮਲਿਆਂ ਕਾਰਨ ਕਰੀਬ 8 ਹਜ਼ਾਰ ਲੋਕਾਂ ਨੂੰ ਆਪਣੇ ਘਰ-ਬਾਰ ਛੱਡਣ ਲਈ ਮਜਬੂਰ ਹੋਣਾ ਪਿਆ ਹੈ। ਸੇਵਾਸਤੋਪੋਲ ਦੇ ਗਵਰਨਰ ਮਿਖਾਈਲ ਰਾਜ਼ਵੋਜ਼ਯੇਵ ਨੇ ਕਿਹਾ ਕਿ ਰੂਸੀ ਹਵਾਈ ਰੱਖਿਆ ਪ੍ਰਣਾਲੀ ਨੇ ਕਾਲਾ ਸਾਗਰ ਅਤੇ ਬੇਲਬੇਕ ਏਅਰ ਬੇਸ ਨੇੜੇ ਕਈ ਯੂਕਰੇਨੀ ਮਿਜ਼ਾਈਲਾਂ ਨੂੰ ਤਬਾਹ ਕਰ ਦਿੱਤਾ। ਮਿਜ਼ਾਈਲਾਂ ਦੇ ਟੁਕੜੇ ਰਿਹਾਇਸ਼ੀ ਇਲਾਕਿਆਂ 'ਚ ਡਿੱਗੇ ਪਰ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਰੂਸ ਨੇ ਬੇਲਗ੍ਰਾਦ ਖ਼ਿੱਤੇ 'ਚ 9 ਯੂਕਰੇਨੀ ਡਰੋਨ, ਦੋ ਵਿਲਹਾ ਰਾਕੇਟ, ਦੋ ਰਡਾਰ ਵਿਰੋਧੀ ਹਾਰਮ ਮਿਜ਼ਾਈਲਾਂ ਅਤੇ ਦੋ ਹੈਮਰ ਬੰਬ ਵੀ ਤਬਾਹ ਕਰ ਦਿੱਤੇ। ਪਿੰਡ ਦੁਬੋਵੋਯੇ 'ਚ ਯੂਕਰੇਨੀ ਰਾਕੇਟ ਹਮਲੇ 'ਚ ਦੋ ਵਿਅਕਤੀ ਜ਼ਖ਼ਮੀ ਹੋ ਗਏ। ਕੁਰਸਕ ਖ਼ਿੱਤੇ 'ਚ ਪੰਜ ਅਤੇ ਬ੍ਰਿਯਾਂਸਕ ਖ਼ਿੱਤੇ 'ਚ ਤਿੰਨ ਡਰੋਨ ਮਾਰ ਸੁੱਟੇ। ਰੱਖਿਆ ਮੰਤਰਾਲੇ ਨੇ ਕਿਹਾ ਕਿ ਇਕ ਹੋਰ ਯੂਕਰੇਨੀ ਡਰੋਨ ਤਾਤਾਰਸਤਾਨ ਖ਼ਿੱਤੇ 'ਚ ਡੇਗਿਆ ਗਿਆ। ਇਸੇ ਤਰ੍ਹਾਂ ਰੋਸਤੋਵ ਖ਼ਿੱਤੇ 'ਚ ਦੋ ਡਰੋਨਾਂ ਨੇ ਤੇਲ ਡਿਪੂ 'ਤੇ ਹਮਲਾ ਕੀਤਾ ਪਰ ਕਿਸੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ।

# ਯੂਐੱਨ ਨੇ ਗਾਜ਼ਾ 'ਚ ਭਾਰਤੀ ਸੈਨਾ ਦੇ ਸਾਬਕਾ ਅਧਿਕਾਰੀ ਦੀ ਮੌਤ 'ਤੇ ਦੁੱਖ ਪ੍ਰਗਟਾਇਆ

ਸੰਯੁਕਤ ਰਾਸ਼ਟਰ : ਗਾਜ਼ਾ ਦੇ ਰਾਫਾਹ ਸ਼ਹਿਰ 'ਚ ਹਮਲੇ ਦੀ ਲਪੇਟ 'ਚ ਆਉਣ ਕਾਰਨ ਸੰਯੁਕਤ ਰਾਸ਼ਟਰ (ਯੂਐੱਨ) ਲਈ ਕੰਮ ਕਰਨ ਵਾਲੇ ਭਾਰਤੀ ਸੈਨਾ ਦੇ ਇਕ ਸਾਬਕਾ ਅਧਿਕਾਰੀ ਦੀ ਮੌਤ 'ਤੇ ਸੰਯੁਕਤ ਰਾਸ਼ਟਰ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਯੂਐੱਨ ਨੇ ਨਾਲ ਹੀ ਇਸ ਲਈ ਭਾਰਤ ਤੋਂ ਮੁਆਫੀ ਮੰਗੀ ਹੈ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਉਨ੍ਹਾਂ ਦੇ ਵਾਹਨ 'ਤੇ ਇਜ਼ਰਾਇਲੀ ਟੈਂਕ ਤੋਂ ਗੋਲੀਆਂ ਨਾਲ ਹਮਲਾ ਕੀਤਾ ਗਿਆ। ਕਰਨਲ ਵੈਭਵ ਅਨਿਲ ਕਾਲੇ (46) 2022 'ਚ ਭਾਰਤੀ ਸੈਨਾ 'ਚੋਂ ਸਮੇਂ ਤੋਂ ਪਹਿਲਾਂ ਸੇਵਾਮੁਕਤ ਹੋਏ ਅਤੇ ਉਨ੍ਹਾਂ ਨੂੰ ਦੋ ਮਹੀਨੇ ਪਹਿਲਾਂ ਸੰਯੁਕਤ ਰਾਸ਼ਟਰ ਦੇ ਸੁਰੱਖਿਆ ਤੇ ਰੱਖਿਆ ਵਿਭਾਗ (ਡੀਐੱਸਐੱਸ) 'ਚ ਸੁਰੱਖਿਆ ਤਾਲਮੇਲ ਅਧਿਕਾਰੀ ਨਿਯੁਕਤ ਕੀਤਾ ਗਿਆ ਸੀ। ਲੰਘੇ ਸੋਮਵਾਰ ਸਵੇਰੇ ਡੀਐੱਸਐੱਸ ਦੇ ਹੋਰ ਕਰਮਚਾਰੀਆਂ ਨਾਲ ਉਹ ਸੰਯੁਕਤ ਰਾਸ਼ਟਰ ਦੇ ਵਾਹਨ 'ਚ ਰਾਫਾਹ ਸਥਿਤ 'ਯੂਰਪੀਅਨ ਹਸਪਤਾਲ' ਜਾ ਰਹੇ ਸਨ ਤਾਂ ਹਮਲੇ ਦੀ ਜ਼ੱਦ 'ਚ ਆ ਗਏ ਜਿਸ 'ਚ ਉਨ੍ਹਾਂ ਦੀ ਮੌਤ ਹੋ ਗਈ ਅਤੇ ਜੌਰਡਨ ਦਾ ਇਕ ਹੋਰ ਡੀਐੱਸਐੱਸ ਕਰਮਚਾਰੀ ਜ਼ਖ਼ਮੀ ਹੋ ਗਿਆ। ਮੰਨਿਆ ਜਾ ਰਿਹਾ ਹੈ ਕਿ ਵਾਹਨ 'ਤੇ ਇਜ਼ਰਾਇਲੀ ਟੈਂਕ ਵੱਲੋਂ ਹਮਲਾ ਕੀਤਾ ਗਿਆ ਸੀ। ਕਾਲੇ ਆਲਮੀ ਸੰਸਥਾ ਨਾਲ ਸਬੰਧਤ ਅਜਿਹੇ ਪਹਿਲੇ ਵਿਅਕਤੀ ਹਨ ਜਿਨ੍ਹਾਂ ਦੀ ਪਿਛਲੇ ਸਾਲ ਇਜ਼ਰਾਈਲ-ਹਮਾਸ ਜੰਗ ਸ਼ੁਰੂ ਹੋਣ ਮਗਰੋਂ ਇਸ ਤਰ੍ਹਾਂ ਜਾਨ ਜਾਂਦੀ ਰਹੀ ਹੈ। ਉਹ ਕਸ਼ਮੀਰ 'ਚ 11 ਜੰਮੂ ਕਸ਼ਮੀਰ ਰਾਈਫਲਜ਼ ਦੀ ਕਮਾਨ ਸੰਭਾਲਦੇ ਰਹੇ ਸਨ। ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਐਂਤੋਨੀਓ ਗੁਟੇਰੇਜ਼ ਦੇ ਉਪ ਬੁਲਾਰੇ ਫਰਹਾਨ ਹੱਕ ਨੇ ਪ੍ਰੈੱਸ ਵਾਰਤਾ 'ਚ ਕਿਹਾ, 'ਅਸੀਂ ਭਾਰਤ ਦੀ ਸਰਕਾਰ ਅਤੇ ਲੋਕਾਂ ਪ੍ਰਤੀ ਮੁਆਫੀ ਤੇ ਅਫ਼ਸੋਸ ਜ਼ਾਹਿਰ ਕਰਦੇ ਹਾਂ।' ਉਨ੍ਹਾਂ ਕਿਹਾ, 'ਭਾਰਤ ਨੇ ਜੋ ਯੋਗਦਾਨ ਦਿੱਤਾ ਹੈ ਅਸੀਂ ਉਸ ਦੀ ਸ਼ਲਾਘਾ ਕਰਦੇ ਹਾਂ।' ਉਨ੍ਹਾਂ ਕਿਹਾ ਕਿ ਸੰਯੁਕਤ ਰਾਸ਼ਟਰ ਨੇ ਘਾਤਕ ਹਮਲੇ ਦੀ ਜਾਂਚ ਲਈ ਇੱਕ ਟੀਮ ਦਾ ਗਠਨ ਕੀਤਾ ਹੈ।

# ਭਾਰਤੀ ਵਿਅਕਤੀ ਨੇ ਟਰੱਕ ਰਾਹੀਂ ਵ੍ਹਾਈਟ ਹਾਊਸ 'ਤੇ ਹਮਲੇ ਦਾ ਦੋਸ਼ ਕਬੂਲਿਆ

ਵਾਸ਼ਿੰਗਟਨ : ਭਾਰਤੀ ਨਾਗਰਿਕ ਨੇ ਕਿਰਾਏ ਦੇ ਟਰੱਕ ਰਾਹੀਂ ਅਮਰੀਕੀ ਰਾਸ਼ਟਰਪਤੀ ਭਵਨ 'ਵ੍ਹਾਈਟ ਹਾਊਸ' ਉੱਤੇ ਹਮਲਾ ਕਰਨ ਦਾ ਦੋਸ਼ ਕਬੂਲ ਕਰ ਲਿਆ ਹੈ। ਉਸ ਨੂੰ ਇਸ ਮਾਮਲੇ ਵਿੱਚ 23 ਅਗਸਤ ਨੂੰ ਸਜ਼ਾ ਸੁਣਾਈ ਜਾਵੇਗੀ। ਅਮਰੀਕਾ ਦੇ ਅਟਾਰਨੀ ਅਨੁਸਾਰ ਦੇਸ਼ ਵਿਚ ਪੱਕੇ ਬਾਸ਼ਿੰਦੇ ਵਜੋਂ ਰਹਿ ਰਹੇ ਭਾਰਤੀ ਨਾਗਰਿਕ ਨੇ ਜਮਹੂਰੀ ਢੰਗ ਨਾਲ ਚੁਣੀ ਸਰਕਾਰ ਨੂੰ ਨਾਜ਼ੀ ਜਰਮਨ ਵਿਚਾਰਧਾਰਾ ਤੋਂ ਪ੍ਰੇਰਿਤ ਤਾਨਾਸ਼ਾਹੀ ਵਿੱਚ ਬਦਲਣ ਦੇ ਇਰਾਦੇ ਨਾਲ ਕਿਰਾਏ ਦੇ ਟਰੱਕ ਰਾਹੀਂ ਵ੍ਹਾਈਟ ਹਾਊਸ 'ਤੇ ਹਮਲਾ ਕਰਨ ਦਾ ਦੋਸ਼ ਕਬੂਲ ਕਰ ਲਿਆ ਹੈ। ਇਸਤਗਾਸਾ ਅਤੇ ਬਚਾਅ ਪੱਖ ਵਿਚਕਾਰ ਹੋਏ ਸਮਝੌਤੇ ਦੇ ਬਿਆਨ ਅਨੁਸਾਰ ਮਿਸੂਰੀ ਦੇ ਸੇਂਟ ਲੂਈ ਦੇ ਰਹਿਣ ਵਾਲੇ ਵਰਸ਼ਿਤ ਕੰਦੂਲਾ (20) ਨੇ ਕਿਰਾਏ ਦੇ ਟਰੱਕ ਨੂੰ ਵ੍ਹਾਈਟ ਹਾਊਸ ਕੰਪਲੈਕਸ ਵਿੱਚ ਵਾੜ ਦਿੱਤਾ ਅਤੇ ਉਸ ਨੇ ਸਿਆਸੀ ਸੱਤਾ ਹਾਸਲ ਕਰਨ ਲਈ ਵ੍ਹਾਈਟ ਹਾਊਸ ਤੱਕ ਪਹੁੰਚਣ ਦੀ ਕੋਸ਼ਿਸ਼ ਵੀ ਕੀਤੀ ਸੀ। ਅਮਰੀਕੀ ਜ਼ਿਲ੍ਹਾ ਅਦਾਲਤ ਦੇ ਜੱਜ ਡਾਬਨੀ ਐੱਲ. ਫਰੈਡਰਿਕ ਵੱਲੋਂ ਕੰਦੂਲਾ ਨੂੰ ਸਜ਼ਾ 23 ਅਗਸਤ ਨੂੰ ਸੁਣਾਈ ਜਾਵੇਗੀ। ਅਮਰੀਕੀ ਅਟਾਰਨੀ ਮੈਥਿਊ ਗ੍ਰੇਵਜ਼ ਨੇ ਸੋਮਵਾਰ ਨੂੰ ਕਿਹਾ ਕਿ ਕੰਦੂਲਾ ਦਾ ਇਰਾਦਾ ਜਮਹੂਰੀ ਢੰਗ ਨਾਲ ਚੁਣੀ ਹੋਈ ਸਰਕਾਰ ਨੂੰ ਨਾਜ਼ੀ ਜਰਮਨ ਵਿਚਾਰਧਾਰਾ ਤੋਂ ਪ੍ਰੇਰਿਤ ਤਾਨਾਸ਼ਾਹੀ ਵਾਲੀ ਸਰਕਾਰ ਵਿੱਚ ਬਦਲਣਾ ਅਤੇ ਖ਼ੁਦ ਨੂੰ ਅਮਰੀਕਾ ਦਾ ਸਰਵਉੱਚ ਨੇਤਾ ਸਥਾਪਤ ਕਰਨਾ ਸੀ। ਨਿਆਂ ਵਿਭਾਗ ਨੇ ਕਿਹਾ ਕਿ ਕੰਦੂਲਾ ਨੇ ਜਾਂਚ ਕਰਨ ਵਾਲਿਆਂ ਸਾਹਮਣੇ ਕਬੂਲ ਕੀਤਾ ਕਿ ਆਪਣੇ ਮਕਸਦ ਨੂੰ ਹਾਸਲ ਕਰਨ ਲਈ ਜੇਕਰ ਲੋੜ ਪੈਂਦੀ ਤਾਂ ਉਹ ਅਮਰੀਕੀ ਰਾਸ਼ਟਰਪਤੀ ਤੇ ਹੋਰ ਲੋਕਾਂ ਦੀ ਹੱਤਿਆ ਕਰਨ ਲਈ ਵੀ ਤਿਆਰ ਸੀ। ਵਿਭਾਗ ਨੇ ਕਿਹਾ ਕਿ ਉਸ ਦੀਆਂ ਹਰਕਤਾਂ ਦਾ ਮਕਸਦ ਡਰਾ-ਧਮਕਾ ਕੇ ਜਾਂ ਦਬਾਅ ਪਾ ਕੇ ਸਰਕਾਰ ਦੇ ਕੰਮ-ਕਾਜ ਨੂੰ ਪ੍ਰਭਾਵਿਤ ਕਰਨਾ ਸੀ।

# ਜਸਪ੍ਰੀਤ ਸਿੰਘ ਅਟਾਰਨੀ ਦੀ ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਨਾਲ ਹੋਈ ਮੁਲਾਕਾਤ

## ਇੰਮੀਗ੍ਰੇਸ਼ਨ ਤੇ ਅਮਰੀਕਾ 'ਚ ਸਿੱਖ ਮਸਲਿਆਂ ਬਾਰੇ ਕੀਤੇ ਖੁੱਲ੍ਹ ਕੇ ਵਿਚਾਰ-ਵਟਾਂਦਰੇ

ਸੈਕਰਾਮੈਂਟੋ (ਰਾਜ ਗੋਗਨਾ)- ਉੱਘੇ ਵਕੀਲ ਜਸਪ੍ਰੀਤ ਸਿੰਘ ਅਟਾਰਨੀ ਵੱਲੋਂ ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨਾਲ ਇਕ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਇਸ ਦੌਰਾਨ ਅਟਾਰਨੀ ਜਸਪ੍ਰੀਤ ਸਿੰਘ ਨੇ ਕਮਲਾ ਹੈਰਿਸ ਨਾਲ ਇੰਮੀਗ੍ਰੇਸ਼ਨ ਅਤੇ ਅਮਰੀਕਾ ਵਿਚ ਸਿੱਖ ਮਸਲਿਆਂ ਬਾਰੇ ਖੁੱਲ੍ਹ ਕੇ ਵਿਚਾਰ-ਵਟਾਂਦਰੇ ਕੀਤੇ। ਉਨ੍ਹਾਂ ਉਪ ਰਾਸ਼ਟਰਪਤੀ ਨੂੰ ਅਪੀਲ ਕੀਤੀ ਕਿ ਲੰਮੇ ਚਿਰਾਂ ਤੋਂ ਲਟਕਦੇ ਆ ਰਹੇ ਇੰਮੀਗ੍ਰੇਸ਼ਨ ਕੇਸਾਂ ਨੂੰ ਤੁਰੰਤ ਹੱਲ ਕਰਵਾਇਆ ਜਾਵੇ, ਖਾਸ ਕਰਕੇ ਫੈਮਿਲੀ ਪਟੀਸ਼ਨ ਦਾ ਨੰਬਰ ਕਾਫੀ ਦੇਰ ਬਾਅਦ ਆਉਂਦਾ ਹੈ। ਬੈਕਲਾਗ ਵੱਧ ਜਾਣ ਕਾਰਨ ਬਹੁਤ ਸਾਰੇ ਬੱਚੇ ਆਪਣੇ ਮਾਂ-ਬਾਪ ਨਾਲ ਅਮਰੀਕਾ ਵਿਚ ਆਉਣ ਤੋਂ ਵਾਂਝੇ ਰਹਿ ਜਾਂਦੇ ਹਨ। ਉਨ੍ਹਾਂ ਉਪ ਰਾਸ਼ਟਰਪਤੀ ਨੂੰ ਅਪੀਲ ਕੀਤੀ ਕਿ ਅਸਾਇਲਮ ਦੇ ਕੇਸਾਂ ਲਈ ਅਦਾਲਤਾਂ ਦੀ ਗਿਣਤੀ ਵਿਚ ਵਾਧਾ ਕੀਤਾ ਜਾਵੇ, ਤਾਂਕਿ ਉਨ੍ਹਾਂ ਦੇ ਕੇਸ ਜਲਦੀ ਨਿਪਟਾਏ ਜਾ ਸਕਣ। ਇਸ ਦੇ ਨਾਲ ਹੀ ਸ. ਜਸਪ੍ਰੀਤ ਸਿੰਘ ਅਟਾਰਨੀ ਨੇ ਕਿਹਾ ਕਿ ਕੁੱਝ ਤੱਤ ਸਿੱਖ ਕੌਮ ਨੂੰ ਨਿਸ਼ਾਨਾ ਬਣਾ ਰਹੇ ਹਨ, ਜਿਸ 'ਤੇ ਨੱਥ ਪਾਈ ਜਾਣੀ ਚਾਹੀਦੀ ਹੈ। ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਸ. ਜਸਪ੍ਰੀਤ ਸਿੰਘ ਦੀਆਂ ਦਲੀਲਾਂ ਬੜੇ ਧਿਆਨ ਨਾਲ ਸੁਣੀਆਂ ਅਤੇ ਉਨ੍ਹਾਂ ਦੇ ਇਹ ਮਸਲੇ ਹੱਲ ਕਰਵਾਉਣ ਲਈ ਵਚਨਬੱਧਤਾ ਪ੍ਰਗਟਾਈ।



# ਭਾਰਤੀ ਮੂਲ ਦੇ ਵਿਅਕਤੀ ਨੂੰ 11 ਮਹੀਨੇ ਜੇਲ੍ਹ ਦੀ ਸਜ਼ਾ

ਸਿੰਗਾਪੁਰ: ਸਿੰਗਾਪੁਰ ਹਵਾਈ ਸੈਨਾ ਵਿੱਚ ਮੁਲਾਜ਼ਮ ਭਾਰਤੀ ਮੂਲ ਦੇ ਇੱਕ ਵਿਅਕਤੀ ਨੂੰ ਔਰਤਾਂ ਦੀਆਂ ਨਿੱਜੀ ਤਸਵੀਰਾਂ ਹਾਸਲ ਕਰਨ ਲਈ ਉਨ੍ਹਾਂ ਦੇ ਸੋਸ਼ਲ ਮੀਡੀਆ ਖਾਤਿਆਂ ਦੇ ਲੌਗਇਨ ਵੇਰਵੇ ਚੁਰਾਉਣ ਦੇ ਦੋਸ਼ ਹੇਠ 11 ਮਹੀਨੇ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਚੈਨਲ ਨਿਊਜ਼ ਏਸ਼ੀਆ ਦੀ ਖ਼ਬਰ ਮੁਤਾਬਕ ਕੇ. ਈਸ਼ਵਰਨ (26) ਨੂੰ ਕੰਪਿਊਟਰ ਦੁਰਵਰਤੋਂ ਐਕਟ (ਸੀਐੱਮਏ) ਤਹਿਤ 10 ਮਾਮਲਿਆਂ ਲਈ ਦੋਸ਼ੀ ਠਹਿਰਾਇਆ ਗਿਆ ਹੈ। ਸਜ਼ਾ ਲਈ 21 ਹੋਰ ਦੋਸ਼ਾਂ 'ਤੇ ਵਿਚਾਰ ਕੀਤਾ ਗਿਆ। ਇਸ ਵਿੱਚ ਕਿਹਾ ਗਿਆ ਕਿ ਈਸ਼ਵਰਨ ਨੇ 2019 ਤੋਂ 2023 ਤੱਕ 22 ਪੀੜਤਾਂ ਨੂੰ ਉਨ੍ਹਾਂ ਦੇ ਸੋਸ਼ਲ ਮੀਡੀਆ, ਕਲਾਊਡ ਸਰਵਰ ਅਤੇ ਈਮੇਲ ਖਾਤਿਆਂ ਦੇ ਲੌਗਇਨ ਵੇਰਵੇ ਹਾਸਲ ਕਰਨ ਲਈ 'ਫਿਸ਼ਿੰਗ ਲਿੰਕ' (ਫਰਜ਼ੀ ਲਿੰਕ) ਭੇਜੇ। ਵਕੀਲ ਨੇ ਦੱਸਿਆ ਕਿ ਈਸ਼ਵਰਨ ਨੇ ਉਨ੍ਹਾਂ ਪੀੜਤਾਂ ਨੂੰ ਨਿਸ਼ਾਨਾ ਬਣਾਇਆ ਜਿਨ੍ਹਾਂ ਨੂੰ ਉਹ ਜਾਣਦਾ ਸੀ ਜਾਂ ਜਿਨ੍ਹਾਂ ਦੀਆਂ ਨਿੱਜੀ ਤਸਵੀਰਾਂ ਇੱਕ ਅਡਲਟ ਫੋਰਮ 'ਤੇ ਪੋਸਟ ਕੀਤੀਆਂ ਗਈਆਂ ਸਨ।

# ਸਲੋਵਾਕੀਆ ਦੇ ਪ੍ਰਧਾਨ ਮੰਤਰੀ ਨੂੰ ਗੋਲੀ ਮਾਰੀ



ਬ੍ਰਾਤੀਸਲਾਵਾ (ਸਲੋਵਾਕੀਆ) : ਸਲੋਵਾਕੀਆ ਦੇ ਪ੍ਰਧਾਨ ਮੰਤਰੀ ਰੌਬਰਟ ਫਿਕੋ ਗੋਲੀਬਾਰੀ ਵਿੱਚ ਜ਼ਖ਼ਮੀ ਹੋ ਗਏ ਅਤੇ ਉਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਸਲੋਵਾਕੀਆ ਟੈਲੀਵਿਜ਼ਨ ਸਟੇਸ਼ਨ 'ਟੀਏ3' ਦੀ ਖ਼ਬਰ ਮੁਤਾਬਕ, ਇਹ ਘਟਨਾ ਰਾਜਧਾਨੀ ਤੋਂ ਲਗਪਗ 150 ਕਿਲੋਮੀਟਰ ਦੂਰ ਉੱਤਰ-ਪੂਰਬ ਵਿੱਚ ਹੈਂਡਲੋਵਾ ਸ਼ਹਿਰ ਵਿੱਚ ਵਾਪਰੀ ਜਿੱਥੇ ਆਗੂ ਸਮਰਥਕਾਂ ਨਾਲ ਮੀਟਿੰਗ ਕਰ ਰਹੇ ਸਨ। ਖ਼ਬਰ ਮੁਤਾਬਕ ਇਸ ਮਾਮਲੇ ਵਿੱਚ ਇੱਕ ਸ਼ੱਕੀ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਪੁਲੀਸ ਨੇ ਘਟਨਾ ਸਥਾਨ ਨੂੰ ਸੀਲ ਕਰ ਦਿੱਤਾ ਹੈ। ਸਲੋਵਾਕ ਟੀਏਐੱਸਆਰ ਖ਼ਬਰ ਏਜੰਸੀ ਨੇ ਕਿਹਾ ਕਿ ਸੰਸਦ ਦੇ ਡਿਪਟੀ ਸਪੀਕਰ ਲੂਬੋਸ ਬਲਾਹਾ ਨੇ ਸੰਸਦ ਦੇ ਸੈਸ਼ਨ ਦੌਰਾਨ ਵਾਪਰੀ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ ਅਤੇ ਸਦਨ ਨੂੰ ਅਗਲੇ ਹੁਕਮਾਂ ਤੱਕ ਮੁਲਤਵੀ ਕਰ ਦਿੱਤਾ ਹੈ। ਰਾਸ਼ਟਰਪਤੀ ਜ਼ੂਜ਼ਨਾ ਕੈਪੂਤੋਵਾ ਨੇ ਪ੍ਰਧਾਨ ਮੰਤਰੀ 'ਤੇ ਹਮਲੇ ਦੀ ਨਿਖੇਧੀ ਕੀਤੀ ਹੈ।

# ਪਤਨੀ ਸਮੇਤ ਸਹੁਰੇ ਪਰਿਵਾਰ ਦੇ ਚਾਰ ਜੀਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਦੇ ਦੋਸ਼ 'ਚ ਅਦਾਲਤ ਨੇ ਭਾਰਤੀ ਮੂਲ ਦੇ ਟਰੱਕ ਡਰਾਈਵਰ ਨੂੰ ਸੁਣਾਈ ਮੌਤ ਦੀ ਸ਼ਜਾ



ਨਿਊਯਾਰਕ (ਰਾਜ ਗੋਗਨਾ)- ਅਮਰੀਕਾ ਦੇ ਓਹੀਓ ਸੂਬੇ ਵਿੱਚ ਇੱਕ ਤਿੰਨ ਜੱਜਾਂ ਦੇ ਪੈਨਲ ਨੇ ਸੰਨ 2019 ਵਿੱਚ ਆਪਣੀ ਪਤਨੀ ਅਤੇ ਤਿੰਨ ਸਹੁਰਿਆਂ ਦੇ ਕਤਲ ਲਈ ਚੱਲ ਰਹੇ ਇੱਕ ਮੁਕੱਦਮੇ ਵਿੱਚ ਮੰਗਲਵਾਰ ਨੂੰ ਇੱਕ ਭਾਰਤੀ ਮੂਲ ਦੇ ਵਿਅਕਤੀ ਗੁਰਪ੍ਰੀਤ ਸਿੰਘ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਬੀਤੇਂ ਦਿਨ ਮੰਗਲਵਾਰ ਨੂੰ ਬਟਲਰ ਕਾਉਂਟੀ ਕਾਮਨ ਪਲੀਜ਼ ਕੋਰਟ ਦੇ ਜੱਜਾਂ ਨੇ ਦੋ ਘੰਟੇ ਦੇ ਵਿਚਾਰ-ਵਟਾਂਦਰੇ ਤੋਂ ਬਾਅਦ ਸਰਬਸੰਮਤੀ ਨਾਲ ਗੁਰਪ੍ਰੀਤ ਸਿੰਘ (41) ਨੂੰ ਮੌਤ ਦੀ ਸਜ਼ਾ ਸੁਣਾਈ। ਉਨ੍ਹਾਂ ਨੇ ਕਥਿਤ ਤੌਰ @ਤੇ ਗੁਰਪ੍ਰੀਤ ਸਿੰਘ ਨੂੰ ਉਸ ਦੀ ਪਤਨੀ ਸ਼ਲਿੰਦਰਜੀਤ ਕੌਰ (39) ਅਤੇ ਤਿੰਨ ਸਹੁਰਿਆਂ ਦੇ ਗੰਭੀਰ ਕਤਲ ਦੇ ਚਾਰ ਮਾਮਲਿਆਂ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ। ਉਸ ਵੱਲੋਂ ਪਰਿਵਾਰ ਦੇ ਮਾਰੇ ਗਏ ਮੈਂਬਰਾਂ ਵਿੱਚ ਉਸ ਨੇ ਆਪਣੀ ਪਤਨੀ ਸ਼ਲਿੰਦਰਜੀਤ ਕੌਰ ਅਤੇ ਉਸ ਦੇ 62 ਸਾਲਾ ਪਿਤਾ ਹਕੀਕਤ ਸਿੰਘ, 59 ਸਾਲਾ ਮਾਂ ਪਰਮਜੀਤ ਕੌਰ ਅਤੇ 58 ਸਾਲਾ ਮਾਸੀ ਅਮਰਜੀਤ ਕੌਰ ਸ਼ਾਮਲ ਸਨ। ਹੈਮਿਲਟਨ ਕਾਉਂਟੀ ਦੇ ਚੀਫ ਡਿਪਟੀ ਕੋਰੋਨਰ ਡਾ. ਕੈਰਨ ਲੂਮਨ ਨੇ ਦੱਸਿਆ, ਉਨ੍ਹਾਂ ਦੀ ਹੱਤਿਆ ਲੰਘੀ 28 ਅਪ੍ਰੈਲ, 2019 ਨੂੰ ਕੀਤੀ ਗਈ ਸੀ।ਦੂਜੇ ਪਾਸੇ ਚਾਰ ਕਤਲਾਂ ਦੇ ਮਕਸਦ ਬਾਰੇ ਸਰਕਾਰੀ ਵਕੀਲਾਂ ਨੇ ਕਿਹਾ ਕਿਸੇ ਗੈਰ ਔਰਤ ਨਾਲ ਸਬੰਧ ਅਤੇ ਪਤਨੀ ਨਾਲ ਰਿਸ਼ਤੇ ਵਿੱਚ ਵਿਗਾੜ ਇਹ ਦਿਲ ਦਹਿਲਾਉਣ ਵਾਲੀ ਵਾਰਦਾਤ ਦਾ ਕਾਰਨ ਸੀ।ਓਹਾਇਓ ਰਾਜ ਦੀ ਬਟਲਰ ਕਾਉਂਟੀ ਦੇ ਜੱਜ ਕੀਥ ਸਪੈਥ,ਗ੍ਰੇਗੋਰੀ ਹਾਵਰਡ, ਗ੍ਰੇਗ .ਐਸ.ਸਟੀਫਨਜ਼, ਦੇ 3 ਮੈਂਬਰੀ ਪੈਨਲ ਨੇ ਮੰਗਲਵਾਰ 14 ਮਈ ਨੂੰ ਨੂੰ ਹੈਮਿਲਟਨ ਵਿੱਚ ਬਟਲਰ ਕਾਉਟੀ ਕਾਮਨ ਪਲੀਜ ਕੋਰਟ ਵਿੱਚ ਗੁਰਪ੍ਰੀਤ ਸਿੰਘ ਨੂੰ ਮੌਤ ਦੀ ਸ਼ਜਾ ਸੁਣਾਈ।ਜਿਸ ਵੱਲੋਂ 2019 ਵਿੱਚ ਆਪਣੇ ਪਰਿਵਾਰ ਦੇ 4 ਮੈਂਬਰਾਂ ਦੀ ਹੱਤਿਆ ਕਰਨ ਲਈ ਸਾਰੇ ਮਾਮਲਿਆਂ ਵਿੱਚ ਦੋਸ਼ੀ ਪਾਇਆ ਗਿਆ ਸੀ।ਗੁਰਪ੍ਰੀਤ ਸਿੰਘ ਤਿੰਨ ਬੱਚਿਆਂ ਦਾ ਪਿਤਾ ਹੈ।ਪੇਸ਼ੇ ਵੱਲੋਂ ਉਹ ਇੱਕ ਡਰਾਈਵਰ ਹੈ।

# ਪਾਰਟੀ ਬਦਲਣ ਵਾਲਿਆਂ ਦਾ ਗੜ੍ਹ ਬਣਿਆ ਹਲਕਾ ਜਲੰਧਰ

## ਆਗੂਆਂ ਵੱਲੋਂ ਲਗਾਤਾਰ ਪਾਰਟੀਆਂ ਬਦਲਣ ਤੋਂ ਬਾਅਦ ਸ਼ਸ਼ੋਪੰਜ 'ਚ ਪਏ ਵੋਟਰ






ਫਿਲੌਰ : ਲੋਕ ਸਭਾ ਹਲਕਾ ਜਲੰਧਰ ਤੋਂ ਬਹੁਤੇ ਉਮੀਦਵਾਰ ਅਜਿਹੇ ਹਨ, ਜਿਹੜੇ ਇੱਕ ਪਾਰਟੀ ਛੱਡ ਕੇ ਦੂਜੀ ਅਤੇ ਤੀਜੀ 'ਚ ਵੀ ਸ਼ਾਮਲ ਹੋਏ ਹਨ। ਵੋਟਰਾਂ ਨੂੰ ਇਹ ਪਤਾ ਨਹੀਂ ਲੱਗ ਰਿਹਾ ਹੈ ਕਿ ਉਹ ਉਮੀਦਵਾਰ ਦੇਖ ਕੇ ਵੋਟ ਪਾਉਣ ਜਾਂ ਪਾਰਟੀ ਦੇਖ ਕੇ। ਭਾਜਪਾ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਇਸ 'ਚ ਪਹਿਲੇ ਸਥਾਨ 'ਤੇ ਹਨ, ਜਿਨ੍ਹਾਂ ਮੌਜੂਦਾ ਸੰਸਦ ਮੈਂਬਰ ਵਜੋਂ ਟਿਕਟ ਛੱਡ ਕੇ ਪਲਟੀ ਮਾਰੀ ਹੈ। ਆਮ ਆਦਮੀ ਪਾਰਟੀ ਦੇ ਮੌਜੂਦਾ ਉਮੀਦਵਾਰ ਪਵਨ ਟੀਨੂੰ ਪਹਿਲਾਂ ਵੀ ਇਸ ਹਲਕੇ ਤੋਂ ਹੀ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਜੋਂ ਚੋਣ ਲੜ ਚੁੱਕੇ ਹਨ। ਅਕਾਲੀ ਦਲ ਤੋਂ ਪਹਿਲਾਂ ਉਹ ਬਸਪਾ 'ਚ ਸਨ। ਸ਼੍ਰੋਮਣੀ ਅਕਾਲੀ ਦਲ ਦੇ ਮੌਜੂਦਾ ਉਮੀਦਵਾਰ ਵੀ ਪਹਿਲਾਂ ਇਸ ਹਲਕੇ ਤੋਂ ਬਤੌਰ ਕਾਂਗਰਸੀ ਉਮੀਦਵਾਰ ਜਿੱਤ ਪ੍ਰਾਪਤ ਕਰ ਚੁੱਕੇ ਹਨ। ਜੱਜਾ ਕਲਾਂ ਦੇ ਨੰਬਰਦਾਰ ਤੀਰਥ ਸਿੰਘ ਨੇ ਕਿਹਾ ਕਿ ਉਹ ਕੰਮ ਦੇਖ ਕੇ ਹੀ ਵੋਟ ਪਾਉਣਗੇ, ਉਮੀਦਵਾਰਾਂ ਦਾ ਪਤਾ ਨਹੀਂ ਕਦੋਂ ਪਲਟੀ ਮਾਰ ਜਾਣ। ਪ੍ਰਿੰਸੀਪਲ ਚਰਨਜੀਤ ਸਿੰਘ ਨੇ ਕਿਹਾ ਕਿ ਜਦੋਂ ਅਜਿਹੇ ਹਾਲਾਤ ਬਣੇ ਹੋਣ ਤਾਂ ਆਮ ਵੋਟਰ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਹ ਕਿਸ ਨਾਲ ਬਣਾ ਕੇ ਰੱਖਣ ਅਤੇ ਕਿਸ ਦਾ ਪਿੰਡ ਪੱਧਰ 'ਤੇ ਵਿਰੋਧ ਕਰਨ। ਮੁੱਖ ਉਮੀਦਵਾਰਾਂ 'ਚੋਂ ਬਹੁਜਨ ਸਮਾਜ ਪਾਰਟੀ ਦੇ ਬਲਵਿੰਦਰ ਕੁਮਾਰ ਹੀ ਅਜਿਹੇ ਉਮੀਦਵਾਰ ਹਨ, ਜਿਹੜੇ ਲਗਾਤਾਰ ਇੱਕੋ ਪਾਰਟੀ 'ਚ ਹਨ ਅਤੇ ਉਹ ਇਸ ਹਲਕੇ ਅਤੇ ਕਰਤਾਰਪੁਰ ਵਿਧਾਨ ਸਭਾ ਸੀਟ ਤੋਂ ਬਸਪਾ ਵੱਲੋਂ ਪਹਿਲਾਂ ਵੀ ਚੋਣ ਲੜ ਚੁੱਕੇ ਹਨ। ਇਸੇ ਤਰ੍ਹਾਂ ਸੀਪੀਐੱਮ ਦੇ ਉਮੀਦਵਾਰ ਮਾਸਟਰ ਪ੍ਰਸ਼ੋਤਮ ਬਿਲਗਾ ਵੀ ਫਿਲੌਰ ਤੇ ਨਕੋਦਰ ਵਿਧਾਨ ਸਭਾ ਦੀ ਸੀਟ ਤੋਂ ਸੀਪੀਐੱਮ ਵੱਲੋਂ ਚੋਣ ਲੜ ਚੁੱਕੇ ਹਨ। ਉਨ੍ਹਾਂ ਕਦੇ ਪਾਰਟੀ ਨਹੀਂ ਬਦਲੀ। ਮਾਸਟਰ ਬਿਲਗਾ ਨੇ ਕਿਹਾ ਕਿ ਕਿਸੇ ਵੇਲੇ ਕਿਸੇ ਵਿਅਕਤੀ ਦੇ ਵਿਚਾਰ ਬਦਲ ਸਕਦੇ ਹਨ ਪਰ ਉਸ ਨੂੰ ਇਹ ਮਤਭੇਦ ਜਨਤਕ ਕਰਨੇ ਚਾਹੀਦੇ ਹਨ।

# ਦੌਲਤਾਂ ਵਾਲੇ: ਵੱਡੇ ਪਰਿਵਾਰਾਂ ਦਾ 'ਸੋਨਾ' ਚਮਕਣ ਲੱਗਾ

## ਅਰਵਿੰਦ ਖੰਨਾ ਕੋਲ 10.68 ਕਰੋੜ ਤੇ ਹਰਸਿਮਰਤ ਕੌਰ ਬਾਦਲ ਕੋਲ 7.03 ਕਰੋੜ ਦੇ ਗਹਿਣੇ






ਚੰਡੀਗੜ੍ਹ : ਲੋਕ ਸਭਾ ਚੋਣਾਂ ਦੇ ਪਿੜ ਵਿੱਚ ਕੁੱਦੇ ਵੱਡੇ ਪਰਿਵਾਰਾਂ ਕੋਲ ਬੇਤਹਾਸ਼ਾ ਸੋਨਾ ਹੈ ਜਦੋਂਕਿ ਗ਼ਰੀਬ ਦੇ ਪੀਪੇ ਵਿਚ ਐਨਾ ਆਟਾ ਨਹੀਂ ਹੁੰਦਾ। ਉਮੀਦਵਾਰਾਂ ਨੇ ਸੰਪਤੀ ਦੇ ਜੋ ਵੇਰਵੇ ਨਸ਼ਰ ਕੀਤੇ ਹਨ, ਉਨ੍ਹਾਂ ਅਨੁਸਾਰ ਸੰਗਰੂਰ ਤੋਂ ਭਾਜਪਾ ਉਮੀਦਵਾਰ ਅਰਵਿੰਦ ਖੰਨਾ ਦੀ ਗਹਿਣਿਆਂ ਦੇ ਮਾਮਲੇ 'ਚ ਝੰਡੀ ਹੈ। ਉਨ੍ਹਾਂ ਬਾਦਲ ਪਰਿਵਾਰ ਨੂੰ ਵੀ ਪਿਛਾਂਹ ਛੱਡ ਦਿੱਤਾ ਹੈ। ਦਿਲਚਸਪ ਗੱਲ ਇਹ ਹੈ ਕਿ ਜਦੋਂ ਹੁਣ ਸੋਨੇ ਦਾ ਭਾਅ ਅਸਮਾਨੀ ਚੜ੍ਹਿਆ ਹੋਇਆ ਹੈ ਤਾਂ ਇਨ੍ਹਾਂ ਉਮੀਦਵਾਰਾਂ ਦੇ ਸੋਨੇ ਦੇ ਭਾਅ ਨੂੰ ਬਰੇਕ ਲੱਗੀ ਹੋਈ ਹੈ। ਅਰਵਿੰਦ ਖੰਨਾ ਦੇ ਪਰਿਵਾਰ ਕੋਲ ਇਸ ਵੇਲੇ 10.68 ਕਰੋੜ ਰੁਪਏ ਦੇ ਗਹਿਣੇ ਹਨ ਜਦੋਂਕਿ 2012 ਵਿੱਚ ਇਸ ਪਰਿਵਾਰ ਕੋਲ 4.69 ਕਰੋੜ ਰੁਪਏ ਦੇ ਗਹਿਣੇ ਸਨ। ਅਰਵਿੰਦ ਖੰਨਾ ਦੀ ਪਤਨੀ ਕੋਲ ਇਸ ਵੇਲੇ 4.83 ਕਰੋੜ ਰੁਪਏ ਦੇ ਗਹਿਣੇ ਹਨ। ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਕੋਲ ਇਸ ਵੇਲੇ 7.03 ਕਰੋੜ ਰੁਪਏ ਦੇ ਗਹਿਣੇ ਹਨ ਜਦੋਂਕਿ ਸਾਲ 2019 ਦੀਆਂ ਚੋਣਾਂ ਵੇਲੇ ਵੀ ਬੀਬੀ ਬਾਦਲ ਕੋਲ 7.03 ਕਰੋੜ ਦੇ ਗਹਿਣੇ ਸਨ।

# ਅਤਿਵਾਦੀ ਮਾਡਿਊਲ ਦੇ ਮੁੱਖ ਸੰਚਾਲਕ ਗੁਰਵਿੰਦਰ ਸ਼ੇਰਾ ਸਣੇ ਚਾਰ ਗ੍ਰਿਫ਼ਤਾਰ

ਐੱਸਏਐੱਸ ਨਗਰ/ਪਟਿਆਲਾ : ਪੰਜਾਬ ਪੁਲੀਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐੱਫ) ਨੇ ਵਿਦੇਸ਼ ਆਧਾਰਿਤ ਮਾਸਟਰ ਮਾਈਂਡ ਇਕਬਾਲਪ੍ਰੀਤ ਸਿੰਘ ਉਰਫ਼ ਬੁਚੀ ਵੱਲੋਂ ਚਲਾਏ ਜਾ ਰਹੇ ਅਤਿਵਾਦੀ ਮਾਡਿਊਲ ਦੇ ਮੁੱਖ ਸੰਚਾਲਕ ਗੁਰਵਿੰਦਰ ਸਿੰਘ ਉਰਫ਼ ਸ਼ੇਰਾ ਸਣੇ ਚਾਰ ਮੁਲਜ਼ਮਾਂ ਨੂੰ ਨਾਜਾਇਜ਼ ਅਸਲੇ ਸਣੇ ਗ੍ਰਿਫ਼ਤਾਰ ਕੀਤਾ ਹੈ। ਬਾਕੀ ਮੁਲਜ਼ਮਾਂ ਦੀ ਪਛਾਣ ਗੁਰਪ੍ਰੀਤ ਸਿੰਘ ਵਾਸੀ ਪਟਿਆਲਾ, ਰਣਜੀਤ ਸਿੰਘ ਉਰਫ਼ ਸੋਨੂ ਅਤੇ ਜਗਜੀਤ ਸਿੰਘ ਉਰਫ਼ ਜਸ਼ਨ ਦੋਵੇਂ ਵਾਸੀ ਪੱਟੀ, ਤਰਨ ਤਾਰਨ ਵਜੋਂ ਹੋਈ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁਲਜ਼ਮਾਂ ਖ਼ਿਲਾਫ਼ ਪੰਜਾਬ ਪੁਲੀਸ ਦੇ ਸਟੇਟ ਕਰਾਈਮ ਥਾਣਾ ਮੁਹਾਲੀ ਵਿੱਚ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਕੋਲੋਂ ਤਿੰਨ ਪਿਸਤੌਲ ਅਤੇ 13 ਕਾਰਤੂਸ ਬਰਾਮਦ ਕੀਤੇ ਗਏ ਹਨ। ਪੁਲੀਸ ਨੇ ਮੁਲਜ਼ਮਾਂ ਦੀ ਸਕਾਰਪੀਓ ਕਾਰ ਵੀ ਜ਼ਬਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਗੁਰਵਿੰਦਰ ਸ਼ੇਰਾ, ਇਸ ਸਮੇਂ ਪੰਜਾਬ ਵਿੱਚ ਮਿੱਥ ਕੇ ਕਤਲ ਦੀਆਂ




ਵਾਰਦਾਤਾਂ ਨੂੰ ਅੰਜਾਮ ਦੇਣ ਦੇ ਮਾਮਲੇ ਵਿੱਚ ਜੇਲ੍ਹ 'ਚੋਂ ਜ਼ਮਾਨਤ 'ਤੇ ਬਾਹਰ ਆਇਆ ਸੀ। ਉਸ ਨੂੰ ਏਜੀਟੀਐੱਫ ਨੇ 2022 ਵਿੱਚ ਗ੍ਰਿਫ਼ਤਾਰ ਕੀਤਾ ਸੀ। ਇਕਬਾਲਪ੍ਰੀਤ ਬੁਚੀ ਨੇ ਗੁਰਵਿੰਦਰ ਸ਼ੇਰਾ ਨੂੰ ਵਾਰਦਾਤਾਂ ਨੂੰ ਅੰਜਾਮ ਦੇਣ ਲਈ 1.50 ਲੱਖ ਰੁਪਏ ਦਿੱਤੇ ਸਨ। ਜ਼ਿਕਰਯੋਗ ਹੈ ਕਿ ਇਕਬਾਲਪ੍ਰੀਤ ਬੁਚੀ ਕੈਨੇਡਾ 'ਚ ਕਤਲ ਕੀਤੇ ਗਏ ਹਰਦੀਪ ਸਿੰਘ ਨਿੱਝਰ ਦੇ ਸੰਪਰਕ ਵਿੱਚ ਸੀ ਅਤੇ ਰਮਨਦੀਪ ਬੱਗਾ ਉਰਫ਼ ਕੈਨੇਡੀਅਨ ਜੋ ਕਿ 2016-17 ਦੌਰਾਨ ਮਿੱਥ ਕੇ ਕਤਲ ਦੀਆਂ ਹੋਈਆਂ 7 ਵਾਰਦਾਤਾਂ ਵਿੱਚ ਮੁੱਖ ਸ਼ੂਟਰ ਸੀ। ਉਸ 'ਤੇ 11 ਪਰਚੇ ਦਰਜ ਹਨ। ਇਸ ਸਮੇਂ ਬੱਗਾ ਤਿਹਾੜ ਜੇਲ੍ਹ ਵਿੱਚ ਬੰਦ ਹੈ।

# ਕਿਸਾਨਾਂ ਦਾ ਕਰਜ਼ਾ ਮੁਆਫ਼ ਕਰੇਗੀ ਕਾਂਗਰਸ ਸਰਕਾਰ: ਵੜਿੰਗ

ਲੁਧਿਆਣਾ : ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਲੋਕ ਸਭਾ ਹਲਕੇ ਤੋਂ ਪਾਰਟੀ ਦੇ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਪਣੇ ਵਿਰੋਧੀ ਭਾਜਪਾ ਆਗੂ ਰਵਨੀਤ ਸਿੰਘ ਬਿੱਟੂ ਤੇ 'ਆਪ' ਉਮੀਦਵਾਰ ਅਸ਼ੋਕ ਪਰਾਸ਼ਰ ਪੱਪੀ ਦਾ ਘਿਰਾਓ ਕਰਦਿਆਂ ਕਿਹਾ ਕਿ ਉਹ ਦੱਸਣ ਕਿ ਉਨ੍ਹਾਂ ਦੀ ਲੋਕਾਂ ਨੂੰ 'ਜੁਮਲਿਆਂ' (ਝੂਠੇ ਵਾਅਦਿਆਂ) ਤੋਂ ਇਲਾਵਾ ਹੋਰ ਕੀ ਦੇਣ ਹੈ। ਉਨ੍ਹਾਂ ਕਿਹਾ ਕਿ ਰਵਨੀਤ ਸਿੰਘ ਬਿੱਟੂ 10 ਸਾਲ ਲੋਕਾਂ ਨੂੰ ਆਪਣੇ ਹਲਕੇ ਵਿੱਚ ਨਜ਼ਰ ਨਹੀਂ ਆਏ। ਇਸੇ ਤਰ੍ਹਾਂ ਅਸ਼ੋਕ ਪਰਾਸ਼ਰ ਪੱਪੀ ਹਲਕਾ ਕੇਂਦਰੀ ਤੋਂ ਵਿਧਾਇਕ ਹਨ, ਜਿਸ ਵਿਧਾਇਕ ਨੇ ਦੋ ਸਾਲਾਂ ਵਿੱਚ ਆਪਣੇ ਹਲਕੇ ਵਿੱਚ ਕੋਈ ਕੰਮ ਨਹੀਂ ਕੀਤਾ, ਉਹ ਲੋਕ ਸਭਾ ਲੋਕਾਂ ਦੀ ਕਿਵੇਂ ਆਵਾਜ਼ ਬਣੇਗਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਵੜਿੰਗ ਨੇ ਕਿਹਾ ਕਿ ਕਾਂਗਰਸ ਦਾ ਇੱਕ ਸਪੱਸ਼ਟ ਮਿਸ਼ਨ, ਸਾਰੇ ਵਰਗਾਂ ਦੇ ਲੋਕਾਂ ਦੀ ਭਲਾਈ ਕਰਨਾ ਹੈ, ਭਾਵੇਂ ਉਹ ਕਿਸਾਨ, ਨੌਜਵਾਨ, ਔਰਤਾਂ ਜਾਂ ਆਮ ਵਰਕਰ ਹਨ। ਉਨ੍ਹਾਂ ਐਲਾਨ ਕੀਤਾ ਕਿ ਕਾਂਗਰਸ ਪਾਰਟੀ ਨੇ ਸਾਰੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੀ ਗਾਰੰਟੀ ਦਿੱਤੀ ਹੈ। ਇਸ ਤੋਂ ਇਲਾਵਾ, ਐੱਮਐੱਸਪੀ ਲਈ ਕਾਨੂੰਨੀ ਗਾਰੰਟੀ ਹੋਵੇਗੀ। ਉਨ੍ਹਾਂ ਕਿਹਾ ਕਿ ਕਰਜ਼ਾ ਮੁਆਫ਼ੀ ਇੱਕ ਵਾਰ ਦੀ ਗੱਲ ਨਹੀਂ ਹੋਵੇਗੀ, ਸਗੋਂ ਇੱਕ ਸਥਾਈ 'ਕਰਜ਼ਾ ਰਾਹਤ ਕਮਿਸ਼ਨ' ਹੋਵੇਗਾ, ਜੋ ਸਮੇਂ-ਸਮੇਂ 'ਤੇ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਦੀ ਲੋੜ ਨੂੰ ਘੋਖਦਾ ਰਹੇਗਾ। ਵੜਿੰਗ ਨੇ ਭਾਜਪਾ, ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਕਿਹਾ ਕਿ ਉਹ ਕਿਸਾਨਾਂ ਪ੍ਰਤੀ ਇੱਕ ਵੀ ਅਜਿਹੀ ਵਚਨਬੱਧਤਾ ਦਰਸਾਉਣ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਭਾਜਪਾ ਤੋਂ ਕੋਈ ਉਮੀਦ ਨਹੀਂ ਹੈ, ਕਿਉਂਕਿ ਇਸ ਦਾ 'ਕਿਸਾਨ ਵਿਰੋਧੀ ਏਜੰਡਾ' ਸਭ ਜਾਣਦੇ ਹਨ। ਉਨ੍ਹਾਂ ਅਕਾਲੀਆਂ ਨੂੰ ਪੁੱਛਿਆ ਕਿ ਉਹ ਕੀ ਪੇਸ਼ਕਸ਼ ਕਰ ਸਕਦੇ ਹਨ। ਸੂਬਾ ਕਾਂਗਰਸ ਪ੍ਰਧਾਨ ਨੇ ਸੂਬਾ ਸਰਕਾਰ 'ਤੇ ਵਾਅਦਾਖ਼ਿਲਾਫ਼ੀ ਦਾ ਦੋਸ਼ ਲਾਉਂਦਿਆਂ ਕਿਹਾ ਕਿ ਜੇਕਰ 'ਆਪ' ਸਰਕਾਰ ਦੇਸ਼ ਭਰ ਵਿੱਚ ਇਸ਼ਤਿਹਾਰਾਂ ਦੇ ਪ੍ਰਕਾਸ਼ਨ ਅਤੇ ਪ੍ਰਸਾਰਣ ਲਈ ਕਰਜ਼ਾ ਲੈ ਸਕਦੀ ਹੈ ਤਾਂ ਉਹ ਕਿਸਾਨਾਂ ਨੂੰ ਰਾਹਤ ਦੇਣ ਲਈ ਇਸ ਤਰ੍ਹਾਂ ਕਰਜ਼ਾ ਕਿਉਂ ਨਹੀਂ ਲੈ ਸਕਦੀ।

# ਰੁਲਦਾ ਸਿੰਘ ਕਤਲ ਕੇਸ: ਤਾਰਾ ਦੇ ਬਿਆਨਾਂ ਦੀ ਪ੍ਰਕਿਰਿਆ ਸ਼ੁਰੂ

ਪਟਿਆਲਾ : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅਤ ਸਿੰਘ ਦੇ ਕਤਲ ਦੇ ਮਾਮਲੇ ਵਿੱਚ ਬੁੜੈਲ ਜੇਲ੍ਹ ਚੰਡੀਗੜ੍ਹ ਵਿੱਚ ਬੰਦ ਜਗਤਾਰ ਸਿੰਘ ਤਾਰਾ ਨੂੰ 'ਰਾਸ਼ਟਰੀ ਸਿੱਖ ਸੰਗਤ' ਪੰਜਾਬ ਦੇ ਪ੍ਰਧਾਨ ਰਹੇ ਰੁਲਦਾ ਸਿੰਘ ਖਰੌੜ ਦੇ ਕਤਲ ਮਾਮਲੇ ਵਿੱਚ ਅੱਜ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠਾਂ ਚੰਡੀਗੜ੍ਹ ਪੁਲੀਸ ਪਟਿਆਲਾ ਲੈ ਕੇ ਆਈ। ਇਸ ਦੌਰਾਨ ਜ਼ਿਲ੍ਹਾ ਕਚਹਿਰੀਆਂ ਪੁਲੀਸ ਛਾਉਣੀ ਬਣੀਆਂ ਰਹੀਆਂ। ਸਥਾਨਕ ਅਦਾਲਤ ਵਿੱਚ ਅੱਜ ਤਾਰਾ ਦੇ ਬਿਆਨ ਦਰਜ ਕਰਨ ਦੀ ਕਾਰਵਾਈ ਸ਼ੁਰੂ ਹੋ ਗਈ। ਤਾਰਾ ਦੇ ਵਕੀਲ ਬਰਜਿੰਦਰ ਸੋਢੀ ਦਾ ਕਹਿਣਾ ਹੈ ਕਿ ਇਸ ਮਾਮਲੇ 'ਚ ਅਦਾਲਤ ਨੇ ਅਗਲੀ ਸੁਣਵਾਈ 6 ਜੂਨ 'ਤੇ ਪਾਈ ਹੈ। ਇਸ ਮੌਕੇ ਤਾਰਾ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਉਸ ਦੇ ਬਿਆਨਾਂ ਸਬੰਧੀ ਅਗਲੀਆਂ ਪੇਸ਼ੀਆਂ 'ਤੇ ਵੀ ਉਸ ਨੂੰ ਵੀਡੀਓ ਕਾਨਫ਼ਰੰਸਿੰਗ ਦੀ ਥਾਂ ਨਿੱਜੀ ਤੌਰ 'ਤੇ ਪੇਸ਼ ਕਰਨਾ ਯਕੀਨੀ ਬਣਾਇਆ ਜਾਵੇ। ਬਸੀ ਪਠਾਣਾਂ ਦੇ ਵਸਨੀਕ ਰਮਨਦੀਪ ਗੋਲਡੀ ਨੇ ਵੀ ਇਹ ਪੇਸ਼ੀ ਭੁਗਤੀ। ਜ਼ਿਕਰਯੋਗ ਹੈ ਕਿ ਰੁਲਦਾ ਸਿੰਘ ਦੀ 28-29 ਜੁਲਾਈ 2009 ਦੀ ਰਾਤ ਨੂੰ ਸਥਾਨਕ ਅਨਾਜ ਮੰਡੀ 'ਚ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇਸ ਸਬੰਧੀ ਥਾਣਾ ਤ੍ਰਿਪੜੀ ਵਿੱਚ ਕੇਸ ਦਰਜ ਕੀਤਾ ਗਿਆ ਸੀ। ਮਗਰੋਂ ਕੀਤੀ ਗਈ ਤਫ਼ਤੀਸ਼ ਦੌਰਾਨ ਇਹ ਕਤਲ ਵਿਦੇਸ਼ੋਂ ਆਏ ਗਰਮਖਿਆਲੀ ਨੌਜਵਾਨਾਂ ਵੱਲੋਂ ਕੀਤਾ ਪਾਇਆ ਗਿਆ। ਇਨ੍ਹਾਂ ਦੇ ਹਮਾਇਤੀਆਂ ਵਜੋਂ ਗ੍ਰਿਫ਼ਤਾਰ ਕੀਤੇ ਗਏ ਪੰਜ ਜਣੇ ਪੁਲੀਸ ਨੇ ਡਿਸਚਾਰਜ ਕਰ ਦਿੱਤੇ ਸਨ। ਫਿਰ ਪੰਜ ਹੋਰ ਨੌਜਵਾਨ ਗ੍ਰਿਫ਼ਤਾਰ ਕੀਤੇ ਗਏ। ਇਸ ਕੇਸ 'ਚ ਇੰਗਲੈਂਡ ਰਹਿੰਦੇ ਮੁਹਾਲੀ ਵਾਸੀ ਪਰਮਜੀਤ ਪੰਮਾ ਦਾ ਨਾਮ ਵੀ ਬੋਲਦਾ ਹੈ, ਇਸ ਕਰਕੇ ਇੰਗਲੈਂਡ ਤੋਂ ਆਈ ਅੱਠ ਮੈਂਬਰੀ ਪੁਲੀਸ ਪਾਰਟੀ ਨੇ ਸਬੰਧਤ ਮੁਲਜ਼ਮਾਂ ਤੋਂ ਜੇਲ੍ਹ 'ਚ ਜਾ ਕੇ ਪੁੱਛਗਿਛ ਵੀ ਕੀਤੀ ਸੀ। ਇਸ ਮਗਰੋਂ ਇੰਗਲੈਂਡ ਪੁਲੀਸ ਨੇ ਪੰਮਾ ਨੂੰ ਕਲੀਨ ਚਿੱਟ ਦੇ ਦਿੱਤੀ ਸੀ। ਫਿਰ ਕੇਸ ਟਰਾਇਲ



ਦੌਰਾਨ ਐਡਵੋਕੇਟ ਬਰਜਿੰਦਰ ਸੋਢੀ ਤੇ ਹੋਰ ਵਕੀਲਾਂ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਅਦਾਲਤ ਨੇ ਇਨ੍ਹਾਂ ਪੰਜਾਂ ਨੂੰ ਵੀ ਬਰੀ ਕਰ ਦਿੱਤਾ ਸੀ। ਇਨ੍ਹਾਂ ਵਿੱਚ ਜਸਵਿੰਦਰ ਰਾਜਪੁਰਾ ਵੀ ਸ਼ਾਮਲ ਰਿਹਾ। ਇਸੇ ਕੇਸ 'ਚ 2004 ਵਿੱਚ ਬੁੜੈਲ ਜੇਲ੍ਹ ਤੋੜ ਕੇ ਭੱਜਿਆ ਜਗਤਾਰ ਸਿੰਘ ਤਾਰਾ ਭਾਵੇਂ ਕਿ ਪਾਕਿਸਤਾਨ ਚਲਾ ਗਿਆ ਸੀ। ਰਮਨਦੀਪ ਗੋਲਡੀ ਵੀ ਪਾਕਿਸਤਾਨ ਰਹਿੰਦਾ ਰਿਹਾ ਹੈ। ਇਨ੍ਹਾਂ ਦੋਹਾਂ ਨੂੰ ਵੀ ਇਸ ਕੇਸ 'ਚ ਸ਼ਾਜਿਸ਼ਘਾੜਿਆਂ ਵਜੋਂ ਸ਼ਾਮਲ ਕੀਤਾ ਹੋਇਆ ਹੈ।

**ਤਾਰਾ ਵੱਲੋਂ ਮਾਨ ਤੇ ਅੰਮ੍ਰਿਤਪਾਲ ਨੂੰ ਜਿਤਾਉਣ ਦਾ ਸੱਦਾ**

ਪੇਸ਼ੀ 'ਤੇ ਆਏ ਬੱਬਰ ਖਾਲਸਾ ਦੇ ਕਾਰਕੁਨ ਜਗਤਾਰ ਤਾਰਾ ਨੇ ਲੋਕਾਂ ਨੂੰ ਸੰਗਰੂਰ ਤੋਂ ਸਿਮਰਨਜੀਤ ਸਿੰਘ ਮਾਨ ਅਤੇ ਖਡੂਰ ਸਾਹਿਬ ਤੋਂ ਭਾਈ ਅੰਮ੍ਰਿਤਪਾਲ ਸਿੰਘ ਸਣੇ ਪੰਥਕ, ਪੰਜਾਬ ਅਤੇ ਪੰਜਾਬੀਅਤ ਪ੍ਰਤੀ ਹਮਦਰਦੀ ਤੇ ਉਸਾਰੂ ਸੋਚ ਰੱਖਣ ਵਾਲਿਆਂ ਦੇ ਹੱਕ ਵਿੱਚ ਵੋਟਾਂ ਪਾਉਣ ਦਾ ਸੱਦਾ ਦਿੱਤਾ। ਇਹ ਸੁਨੇਹਾ ਉਨ੍ਹਾਂ ਨੇ ਆਪਣੇ ਵਕੀਲ ਅਤੇ ਮਨੁੱਖੀ ਅਧਿਕਾਰਾਂ ਦੇ ਹਾਮੀ ਐਡਵੋਕੇਟ ਬਰਜਿੰਦਰ ਸਿੰਘ ਸੋਢੀ ਰਾਹੀਂ ਭੇਜਿਆ, ਜਿਨ੍ਹਾਂ ਨੇ ਖੁਦ ਮੀਡੀਆ ਨਾਲ ਗੱਲਬਾਤ ਕਰਦਿਆਂ ਇਸ ਦਾ ਖੁਲਾਸਾ ਕੀਤਾ।

# ਐਤਕੀਂ ਫ਼ਿਲਮੀ ਸਿਤਾਰਿਆਂ ਦੀ ਚਮਕ ਤੋਂ ਦੂਰ ਰਿਹਾ ਗੁਰਦਾਸਪੁਰ

## ਸਿਆਸੀ ਪਾਰਟੀਆਂ ਦੇ ਸਥਾਨਕ ਉਮੀਦਵਾਰ ਚੋਣ ਮੈਦਾਨ ਵਿੱਚ ਡਟੇ; ਬਹੁਕੋਨੇ ਮੁਕਾਬਲੇ ਦੇ ਆਸਾਰ





ਅੰਮ੍ਰਿਤਸਰ : ਇਸ ਵਾਰ ਗੁਰਦਾਸਪੁਰ ਲੋਕ ਸਭਾ ਹਲਕੇ ਵਿੱਚ ਫਿਲਮੀ ਸਿਤਾਰਿਆਂ ਦੀ ਚਮਕ-ਦਮਕ ਦਿਖਾਈ ਨਹੀਂ ਦੇਵੇਗੀ। ਲੋਕ ਫ਼ਿਲਮੀ ਸਿਤਾਰਿਆਂ ਦੇ ਵਾਅਦਿਆਂ ਤੇ ਭਰੋਸਿਆਂ ਤੋਂ ਤੰਗ ਆ ਚੁੱਕੇ ਹਨ। ਇਸ ਲੋਕ ਸਭਾ ਹਲਕੇ ਵਿਚ ਪਿਛਲੇ ਲਗਪਗ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਫਿਲਮੀ ਅਦਾਕਾਰ ਚੋਣ ਲੜ ਰਹੇ ਹਨ ਅਤੇ ਉਨ੍ਹਾਂ ਦੀ ਹਮਾਇਤ ਵਿੱਚ ਕਈ ਕਲਾਕਾਰ ਵੀ ਪੁੱਜਦੇ ਰਹੇ ਹਨ। ਪਿਛਲੀ ਵਾਰ ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਉੱਘੇ ਫਿਲਮ ਅਦਾਕਾਰ ਸਨੀ ਦਿਓਲ ਨੇ ਚੋਣ ਜਿੱਤੀ ਸੀ। ਉਨ੍ਹਾਂ ਨੇ ਲੋਕਾਂ ਨਾਲ ਕਈ ਵਾਅਦੇ ਵੀ ਕੀਤੇ ਸਨ ਪਰ ਚੋਣ ਜਿੱਤਣ ਤੋਂ ਬਾਅਦ ਨਾ ਤਾਂ ਉਹ ਆਪਣੇ ਹਲਕੇ ਵਿੱਚ ਆਏ ਤੇ ਨਾ ਹੀ ਸੰਸਦ ਵਿੱਚ ਗਏ ਜਿਸ ਨਾਲ ਹਲਕੇ ਦੇ ਵਿਕਾਸ ਦੀ ਗੱਲ ਕਦੇ ਸਰਕਾਰ ਕੋਲ ਪੁੱਜੀ ਹੀ ਨਹੀਂ। ਉਨ੍ਹਾਂ ਦੇ ਕਾਰਜਕਾਲ ਦੌਰਾਨ ਕਈ ਵਾਰ ਤਾਂ ਵਿਰੋਧੀ ਧਿਰਾਂ ਵੱਲੋਂ ਸੰਸਦ ਮੈਂਬਰ ਦੀ ਗੁਮਸ਼ੁਦਗੀ ਦੇ ਪੋਸਟਰ ਵੀ ਹਲਕੇ ਵਿੱਚ ਲਾਏ ਗਏ। ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਹਲਕੇ ਦੇ ਵਿਕਾਸ ਕੰਮ ਕਰਵਾਉਣ ਲਈ ਕਿਸੇ ਫਿਲਮੀ ਕਲਾਕਾਰ ਦੀ ਲੋੜ ਨਹੀਂ ਸਗੋਂ ਸਥਾਨਕ ਪ੍ਰਤੀਨਿਧਾਂ ਦੀ ਲੋੜ ਹੈ ਜੋ ਉਨ੍ਹਾਂ ਦੇ ਸੁੱਖ ਦੁੱਖ ਦੇ ਭਾਈਵਾਲ ਬਣ ਸਕਣ।

ਦੱਸਣਯੋਗ ਹੈ ਕਿ 1998, 1999, 2004 ਅਤੇ ਮੁੜ 2014 ਵਿੱਚ ਫਿਲਮ ਅਦਾਕਾਰ ਵਿਨੋਦ ਖੰਨਾ ਨੇ ਭਾਜਪਾ ਉਮੀਦਵਾਰ ਵਜੋਂ ਇਸ ਲੋਕ ਸਭਾ ਹਲਕੇ ਤੋਂ ਚੋਣ ਜਿੱਤੀ ਸੀ। 2017 ਵਿੱਚ ਉਨ੍ਹਾਂ ਦੀ ਮੌਤ ਤੋਂ ਬਾਅਦ ਹੋਈ ਉਪ ਚੋਣ ਵਿੱਚ ਕਾਂਗਰਸ ਦੇ ਉਮੀਦਵਾਰ ਸੁਨੀਲ ਜਾਖੜ ਨੇ ਚੋਣ ਜਿੱਤੀ ਪਰ 2019 ਵਿੱਚ ਹੋਈਆਂ ਸੰਸਦੀ ਚੋਣਾਂ ਵਿੱਚ ਮੁੜ ਭਾਜਪਾ ਵੱਲੋਂ ਫਿਲਮੀ ਅਦਾਕਾਰ ਸਨੀ ਦਿਓਲ ਨੂੰ ਭਾਜਪਾ ਉਮੀਦਵਾਰ ਬਣਾਇਆ ਗਿਆ ਅਤੇ ਸਨੀ ਦਿਓਲ ਚੋਣ ਜਿੱਤ ਗਏ। ਇਸ ਵਾਰ ਗੁਰਦਾਸਪੁਰ ਲੋਕ ਸਭਾ ਹਲਕੇ ਵਿੱਚ ਭਾਜਪਾ ਵੱਲੋਂ ਦਿਨੇਸ਼ ਬੱਬੂ, ਕਾਂਗਰਸ ਵੱਲੋਂ ਸੁਖਜਿੰਦਰ ਸਿੰਘ ਰੰਧਾਵਾ, 'ਆਪ' ਵੱਲੋਂ ਅਮਨ ਸ਼ੇਰ ਸਿੰਘ ਕਲਸੀ, ਸ਼੍ਰੋਮਣੀ ਅਕਾਲੀ ਦਲ ਵੱਲੋਂ ਡਾ. ਦਲਜੀਤ ਸਿੰਘ ਚੀਮਾ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਹਮਾਇਤ ਪ੍ਰਾਪਤ ਗੁਰਿੰਦਰ ਸਿੰਘ ਚੋਣ ਮੈਦਾਨ ਵਿੱਚ ਹਨ। ਇਨ੍ਹਾਂ ਤੋਂ ਇਲਾਵਾ ਬਸਪਾ ਦੇ ਰਾਜਕੁਮਾਰ ਵੀ ਚੋਣ ਪਿੜ ਵਿੱਚ ਹਨ। ਕਾਂਗਰਸ ਦੇ ਸੁਖਜਿੰਦਰ ਸਿੰਘ ਰੰਧਾਵਾ ਚਾਰ ਵਾਰ ਕਾਂਗਰਸ ਵੱਲੋਂ ਵਿਧਾਇਕ ਬਣ ਚੁੱਕੇ ਹਨ, ਭਾਜਪਾ ਦੇ ਦਿਨੇਸ਼ ਸਿੰਘ ਬੱਬੂ ਵੀ ਤਿੰਨ ਵਾਰ ਵਿਧਾਇਕ ਰਹਿ ਚੁੱਕੇ ਹਨ, ਆਪ ਦੇ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਇਸ ਵੇਲੇ 'ਆਪ' ਦੇ ਮੌਜੂਦਾ ਵਿਧਾਇਕ ਹਨ ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਅਕਾਲੀ-ਭਾਜਪਾ ਸਰਕਾਰ ਵੇਲੇ ਦੋ ਵਾਰ ਕੈਬਨਿਟ ਮੰਤਰੀ ਰਹਿ ਚੁੱਕੇ ਹਨ। ਜੇਕਰ ਇਸ ਹਲਕੇ ਦੇ ਪਿਛੋਕੜ 'ਤੇ ਝਾਤ ਮਾਰੀ ਜਾਵੇ 1952 ਤੋਂ ਲੈ ਕੇ ਹੁਣ ਤੱਕ 2019 ਤੱਕ ਹੋਈਆਂ 19 ਚੋਣਾਂ ਅਤੇ ਉਪ ਚੋਣਾਂ ਦੌਰਾਨ 13 ਵਾਰ ਇਸ ਲੋਕ ਸਭਾ ਹਲਕੇ ਤੋਂ ਕਾਂਗਰਸੀ ਉਮੀਦਵਾਰ ਨੇ ਜਿੱਤ ਪ੍ਰਾਪਤ ਕੀਤੀ ਹੈ। ਜਦੋਂ ਕਿ ਭਾਜਪਾ ਉਮੀਦਵਾਰ ਨੇ ਛੇ ਵਾਰ ਜਿੱਤ ਪ੍ਰਾਪਤ ਕੀਤੀ ਹੈ। ਅੰਕੜਿਆਂ ਮੁਤਾਬਕ ਇਹ ਹਲਕਾ ਕਾਂਗਰਸ ਦਾ ਗੜ੍ਹ ਰਿਹਾ ਹੈ। 2022 ਵਿਧਾਨ ਸਭਾ ਚੋਣਾਂ ਵਿੱਚ ਜਦੋਂ ਸੂਬੇ ਵਿੱਚ 'ਆਪ' ਨੇ ਹੂੰਝਾ ਫਿਰ ਜਿੱਤ ਹਾਸਲ ਕੀਤੀ ਸੀ ਪਰ ਗੁਰਦਾਸਪੁਰ ਲੋਕ ਸਭਾ ਹਲਕੇ ਹੇਠ ਆਉਂਦੇ ਨੌਂ ਵਿਧਾਨ ਸਭਾ ਹਲਕਿਆਂ ਵਿੱਚੋਂ ਛੇ ਹਲਕਿਆਂ ਵਿੱਚ ਕਾਂਗਰਸ ਜਿੱਤੀ ਸੀ ਅਤੇ ਦੋ ਹਲਕਿਆਂ ਵਿੱਚ 'ਆਪ' ਦੇ ਵਿਧਾਇਕ ਤੇ ਇੱਕ ਹਲਕੇ ਵਿੱਚ ਭਾਜਪਾ ਦਾ ਵਿਧਾਇਕ ਬਣਿਆ।

# ਭਾਜਪਾ ਕੇਂਦਰ ਵਿੱਚ ਅਗਲੀ ਸਰਕਾਰ ਨਹੀਂ ਬਣਾ ਸਕੇਗੀ: ਸੁਖਬੀਰ

## ਅਕਾਲੀ ਦਲ ਦੇ ਪ੍ਰਧਾਨ ਨੇ ਕੇਸਗੜ੍ਹ ਨਤਮਸਤਕ ਹੋ ਕੇ 'ਪੰਜਾਬ ਬਚਾਓ ਯਾਤਰਾ' ਸਮਾਪਤ ਕੀਤੀ



ਮੋਰਿੰਡਾ/ਚਮਕੌਰ ਸਾਹਿਬ/ ਸ੍ਰੀ ਆਨੰਦਪੁਰ ਸਾਹਿਬ : ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਆਨੰਦਪੁਰ ਸਾਹਿਬ ਵਿੱਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋ ਕੇ ਆਪਣੀ 'ਪੰਜਾਬ ਬਚਾਓ ਯਾਤਰਾ' ਸਮਾਪਤ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਯਾਤਰਾ 1 ਫਰਵਰੀ ਨੂੰ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼ੁਰੂ ਕੀਤੀ ਗਈ ਸੀ। ਇਸ ਦੌਰਾਨ 80 ਹਲਕਿਆਂ ਵਿੱਚ ਉਨ੍ਹਾਂ 3200 ਕਿੱਲੋਮੀਟਰ ਦਾ ਸਫਰ ਤੈਅ ਕੀਤਾ। ਇਸ ਮੌਕੇ ਸ੍ਰੀ ਬਾਦਲ ਵੱਲੋਂ ਆਨੰਦਪੁਰ ਸਾਹਿਬ ਤੋਂ ਅਕਾਲੀ ਉਮੀਦਵਾਰ ਪ੍ਰੇਮ ਸਿੰਘ ਚੰਦੂ ਮਾਜਰਾ ਦੇ ਹੱਕ ਵਿੱਚ ਪ੍ਰਚਾਰ ਵੀ ਕੀਤਾ ਗਿਆ। ਅਕਾਲੀ ਦਲ ਦੇ ਪ੍ਰਧਾਨ ਨੇ ਸਪੱਸ਼ਟ ਕੀਤਾ ਕਿ ਭਾਜਪਾ ਕੇਂਦਰ ਵਿੱਚ ਅਗਲੀ ਸਰਕਾਰ ਨਹੀਂ ਬਣਾ ਸਕੇਗੀ। ਉਨ੍ਹਾਂ ਕਿਹਾ ਕਿ ਖੇਤਰੀ ਪਾਰਟੀਆਂ ਅਗਲੀ ਸਰਕਾਰ ਬਣਾਉਣ ਵਿੱਚ ਅਹਿਮ ਭੂਮਿਕਾ ਅਦਾ ਕਰਨਗੀਆਂ ਤੇ ਲੋਕ ਲਹਿਰ ਖੇਤਰੀ ਪਾਰਟੀ ਦੇ ਹੱਕ ਵਿੱਚ ਹੈ। ਸ੍ਰੀ ਬਾਦਲ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਦੀ ਵੱਡੀ ਯੋਜਨਾ ਹੈ ਕਿ ਜਿਵੇਂ ਮੁੰਬਈ ਵਿੱਚ ਸ਼ਿਵ ਸੈਨਾ ਤੋੜੀ ਹੈ, ਉਸੇ ਤਰੀਕੇ ਨਾਲ ਉਹ ਪੰਜਾਬ ਵਿੱਚ 'ਆਪ' ਨੂੰ ਤੋੜਨਾ ਚਾਹੁੰਦੇ ਹਨ ਤੇ ਭਗਵੰਤ ਮਾਨ, ਅਰਵਿੰਦ ਕੇਜਰੀਵਾਲ ਦੀ ਪਾਰਟੀ ਨਾਲੋਂ ਨਾਤਾ ਤੋੜ ਕੇ ਭਾਜਪਾ ਨਾਲ ਰਲ ਕੇ ਸਰਕਾਰ ਬਣਾਉਣਗੇ। ਉਧਰ, ਚਮਕੌਰ ਸਾਹਿਬ ਅਤੇ ਮੋਰਿੰਡਾ ਵਿੱਚ ਸ੍ਰੀ ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਦੋ ਸਾਲਾਂ ਦੌਰਾਨ 70 ਹਜ਼ਾਰ ਕਰੋੜ ਤੋਂ ਵੱਧ ਕਰਜ਼ਾ ਚੁੱਕਿਆ। ਉਨ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਦੋਸ਼ ਲਗਾਇਆ ਕਿ ਸਰਕਾਰ ਨੇ ਝੂਠੀਆਂ ਗਾਰੰਟੀਆਂ ਦੇ ਪ੍ਰਚਾਰ ਲਈ ਦੋ ਸਾਲਾਂ ਵਿੱਚ ਇੰਨਾ ਕਰਜ਼ਾ ਚੁੱਕ ਲਿਆ ਹੈ ਜਿੰਨਾ ਅਕਾਲੀ ਸਰਕਾਰ ਨੇ ਆਪਣੇ 10 ਸਾਲਾਂ ਦੇ ਰਾਜ ਵਿੱਚ ਨਹੀਂ ਚੁੱਕਿਆ ਸੀ। ਇਸ ਮੌਕੇ ਹਲਕਾ ਇੰਚਾਰਜ ਕਰਨ ਸਿੰਘ ਡੀਟੀਓ ਅਤੇ ਸੀਨੀਅਰ ਆਗੂ ਅਮਨਦੀਪ ਸਿੰਘ ਮਾਂਗਟ ਹਾਜ਼ਰ ਸਨ।

**ਪੰਜਾਬ ਦੇ ਮੁੱਖ ਮੰਤਰੀ ਨੂੰ ਆਪਣੀ ਮਰਿਆਦਾ ਦਾ ਨਹੀਂ ਪਤਾ: ਸੁਖਬੀਰ**

ਇੱਥੇ ਲੋਕ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪ੍ਰੇਮ ਸਿੰਘ ਚੰਦੂਮਾਜਰਾ ਦੇ ਹੱਕ ਵਿੱਚ ਰੋਡ ਸ਼ੋਅ ਕੱਢਣ ਲਈ ਰੂਪਨਗਰ ਪੁੱਜੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ਼ਰਾਬ ਦਾ ਸੇਵਨ ਕਰਨ ਲੱਗਿਆਂ ਆਪਣੇ ਅਹੁਦੇ ਦੀ ਮਰਿਆਦਾ ਨੂੰ ਵੀ ਭੁੱਲ ਜਾਂਦੇ ਹਨ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਦੀ ਬਠਿੰਡਾ ਰੈਲੀ ਦੀ ਵਾਇਰਲ ਵੀਡੀਓ ਦਾ ਹਵਾਲਾ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਨੇ ਇੰਨਾ ਜ਼ਿਆਦਾ ਨਸ਼ਾ ਕਰ ਲਿਆ ਕਿ ਉਹ ਜਨਤਕ ਇਕੱਠ ਦੌਰਾਨ ਹੀ ਆਪਣੇ ਸਿਰ ਵਿੱਚ ਪਾਣੀ ਪਾਉਣ ਲੱਗ ਗਏ।

# ਰੋਡ ਸ਼ੋਅ ਉਪਰੰਤ ਕਰਮਜੀਤ ਅਨਮੋਲ ਨੇ ਭਰੀ ਨਾਮਜ਼ਦਗੀ



ਫਰੀਦਕੋਟ : ਫਰੀਦਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਨੇ ਅੱਜ ਕੋਟਕਪੂਰਾ ਤੋਂ ਲੈ ਕੇ ਫਰੀਦਕੋਟ ਤੱਕ ਰੋਡ ਸ਼ੋਅ ਕੀਤਾ। ਉਸ ਉਪਰੰਤ ਇੱਥੇ ਰਿਟਰਨਿੰਗ ਅਫ਼ਸਰ ਦੇ ਦਫ਼ਤਰ ਵਿੱਚ ਨਾਮਜ਼ਦਗੀ ਪੱਤਰ ਦਾਖਲ ਕੀਤਾ। ਪਿਆਰਾ ਸਿੰਘ ਬੱਧਨੀ ਕਲਾਂ ਨੇ ਕਰਮਜੀਤ ਅਨਮੋਲ ਦੇ ਕਵਰਿੰਗ ਉਮੀਦਵਾਰ ਵਜੋਂ ਨਾਮਜ਼ਦਗੀ ਪੱਤਰ ਦਾਖਲ ਕੀਤਾ। ਇਸ ਮੌਕੇ ਉਨ੍ਹਾਂ ਨਾਲ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਫਰੀਦਕੋਟ ਦੇ ਵਿਧਾਇਕ ਦਲਜੀਤ ਸਿੰਘ ਸੇਖੋਂ, ਬੀਨੂੰ ਢਿੱਲੋਂ, ਗਿੱਪੀ ਗਰੇਵਾਲ, ਮਲਕੀਤ ਰੌਣੀ, ਬਲਕਾਰ ਸਿੱਧੂ, ਲਾਡੀ ਢੋਸ, ਅਮੋਲਕ ਸਿੰਘ, ਅਮਨਦੀਪ ਅਰੋੜਾ, ਸੁਖਜਿੰਦਰ ਕਾਉਣੀ ਅਤੇ ਲੋਕ ਸਭਾ ਹਲਕਾ ਫਰੀਦਕੋਟ ਦੀ ਸਮੁੱਚੀ ਲੀਡਰਸ਼ਿਪ ਹਾਜ਼ਰ ਸੀ। ਫਰੀਦਕੋਟ ਪੁੱਜਣ ਤੋਂ ਪਹਿਲਾਂ ਕਰਮਜੀਤ ਅਨਮੋਲ ਨੇ ਕੋਟਕਪੂਰਾ ਦਾਣਾ ਮੰਡੀ ਵਿੱਚ ਇੱਕ ਚੋਣ ਰੈਲੀ ਕੀਤੀ ਅਤੇ ਇਸ ਉਪਰੰਤ ਫਰੀਦਕੋਟ ਤੱਕ ਰੋਡ ਸ਼ੋਅ ਕੀਤਾ ਅਤੇ ਨਾਮਜ਼ਦਗੀ ਪੱਤਰ ਦਾਖਲ ਕਰਨ ਮਗਰੋਂ ਫਰੀਦਕੋਟ ਦੀ ਅਨਾਜ ਮੰਡੀ ਵਿੱਚ ਵੀ ਇੱਕ ਰੈਲੀ ਕੀਤੀ। ਰੈਲੀ ਨੂੰ ਸੰਬੋਧਨ ਕਰਦਿਆਂ ਕਰਮਜੀਤ ਅਨਮੋਲ ਨੇ ਕਿਹਾ ਕਿ ਉਹ ਫਰੀਦਕੋਟ ਵਿੱਚ ਉਦਯੋਗ ਲੈ ਕੇ ਆਉਣ ਦਾ ਵਾਅਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਸੰਸਦ ਮੈਂਬਰ ਬਣਨ ਮਗਰੋਂ ਉਹ ਇਲਾਕੇ ਦੀਆਂ ਸਮੱਸਿਆਵਾਂ ਨੂੰ ਦੇਸ਼ ਦੀ ਸੰਸਦ ਵਿੱਚ ਰੱਖਣਗੇ ਅਤੇ ਫਰੀਦਕੋਟ ਦੇ ਮੈਡੀਕਲ ਕਾਲਜ ਤੇ ਯੂਨੀਵਰਸਿਟੀ ਨੂੰ ਵਿਸ਼ਵ ਪੱਧਰ ਦੀਆਂ ਸਹੂਲਤਾਂ ਮੁਹੱਈਆ ਕਰਵਾਉਣਗੇ।

# ਤਰਨਜੀਤ ਸਿੰਘ ਸੰਧੂ ਵੱਲੋਂ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਮੁਲਾਕਾਤ

ਅੰਮ੍ਰਿਤਸਰ : ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਭਾਜਪਾ ਦੇ ਉਮੀਦਵਾਰ ਅਤੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਡੇਰਾ ਬਿਆਸ ਦੇ ਰਾਧਾ ਸੁਆਮੀ ਸਤਿਸੰਗ ਵਿਖੇ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨਾਲ ਧਾਰਮਿਕ ਅਤੇ ਸਮਾਜਿਕ ਸਰੋਕਾਰਾਂ 'ਤੇ ਚਰਚਾ ਕੀਤੀ। ਲਗਪਗ ਇਕ ਘੰਟਾ ਚੱਲੀ ਮੁਲਾਕਾਤ ਦੌਰਾਨ ਦੋਵਾਂ ਨੇ ਅਤੀਤ ਦੇ ਦਿਨਾਂ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਭਾਈਚਾਰਕ ਸਾਂਝ ਦੀ ਮਜ਼ਬੂਤੀ ਨਾਲ ਹੀ ਵਿਕਾਸ ਦੀ ਗੱਡੀ ਅੱਗੇ ਚੱਲ ਸਕਦੀ ਹੈ। ਇਸ ਮੌਕੇ ਡੇਰਾ ਮੁਖੀ ਨੇ ਨੌਜਵਾਨੀ ਦੀ ਵਿਦੇਸ਼ਾਂ ਨੂੰ ਜਾਣ ਦੇ ਵੱਧ ਰਹੇ ਰੁਝਾਨ ਅਤੇ ਨਸ਼ਿਆਂ ਦੇ ਪ੍ਰਚਲਣ ਪ੍ਰਤੀ ਚਿੰਤਾ ਦਾ ਪ੍ਰਗਟਾਵਾ ਕੀਤਾ। ਪੰਜਾਬ ਦੇ ਨੌਜਵਾਨ ਹਰ ਖੇਤਰ 'ਚ ਅੱਗੇ ਹਨ ਪਰ ਅਜ ਉਨ੍ਹਾਂ ਨੂੰ ਮੁੜ ਉਸਾਰੂ ਸੇਧ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਡੇਰਾ ਬਿਆਸ ਅਧਿਆਤਮ ਵਿਵਸਥਾ ਦੇ ਨਾਲ ਨਾਲ ਸਮਾਜਿਕ ਸਰੋਕਾਰਾਂ ਦੇ ਚੰਗੇ ਨਤੀਜਿਆਂ ਲਈ ਹਮੇਸ਼ਾਂ ਯਤਨਸ਼ੀਲ ਰਿਹਾ ਹੈ। ਇਸ ਸਬੰਧੀ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਡੇਰਾ ਮੁਖੀ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਬਹੁਤ ਖ਼ੁਸ਼ੀ ਅਤੇ ਸਕੂਨ ਮਿਲਿਆ ਹੈ। ਉਨ੍ਹਾਂ ਡੇਰੇ ਵਿਚ ਚੱਲ ਰਹੀਆਂ ਧਾਰਮਿਕ, ਵਿੱਦਿਅਕ ਅਤੇ ਸਮਾਜਕ ਸਰਗਰਮੀਆਂ ਬਾਰੇ ਜਾਣਕਾਰੀ ਹਾਸਲ ਕੀਤੀ ਹੈ। ਡੇਰੇ ਦੇ ਪ੍ਰਬੰਧ ਨੂੰ ਪੂਰੀ ਤਰ੍ਹਾਂ ਵਲੰਟੀਅਰਾਂ ਦੁਆਰਾ ਸੰਭਾਲਿਆ ਜਾਂਦਾ ਹੈ, ਉਨ੍ਹਾਂ ਦਾ ਬਿਆਸ ਹਸਪਤਾਲ ਦਿਹਾਤੀ ਖੇਤਰ 'ਚ ਚੰਗੀਆਂ ਮੈਡੀਕਲ ਸੁਵਿਧਾਵਾਂ ਦੇ ਰਿਹਾ ਹੈ।



# ਸੂਬੇ 'ਚ 90 ਫ਼ੀਸਦੀ ਘਰਾਂ ਦੇ ਬਿਜਲੀ ਬਿੱਲ ਜ਼ੀਰੋ ਆਏ: ਭਗਵੰਤ ਮਾਨ

ਸਮਰਾਲਾ : ਇੱਥੇ ਅੱਜ ਰੋਡ ਸ਼ੋਅ ਦੌਰਾਨ ਲੋਕਾਂ ਦੇ ਇੱਕਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੇ ਦੋ ਸਾਲਾਂ ਦੌਰਾਨ 'ਆਪ' ਸਰਕਾਰ ਵੱਲੋਂ ਕੀਤੇ ਗਏ ਕੰਮਾਂ ਨੂੰ ਗਿਣਾਉਂਦਿਆਂ ਕਿਹਾ ਕਿ ਅੱਜ ਸੂਬੇ ਅੰਦਰ 90 ਫੀਸਦੀ ਘਰਾਂ ਦੇ ਬਿਜਲੀ ਬਿੱਲ ਜ਼ੀਰੋ ਆ ਰਹੇ ਹਨ ਅਤੇ 14 ਲੱਖ ਖੇਤੀ ਟਿਊਬਵੈੱਲਾਂ ਨੂੰ 24 ਘੰਟੇ ਬਿਜਲੀ ਮਿਲ ਰਹੀ ਹੈ, ਜੋ ਕਿ ਆਪਣੇ-ਆਪ ਵਿੱਚ ਵੱਡੀ ਕ੍ਰਾਂਤੀ ਹੈ। ਉਨ੍ਹਾਂ ਲੋਕਾਂ ਨੂੰ ਲੋਕ ਸਭਾ ਹਲਕਾ ਫ਼ਤਹਿਗੜ੍ਹ ਸਾਹਿਬ ਤੋਂ ਪਾਰਟੀ ਉਮੀਦਵਾਰ ਗੁਰਪ੍ਰੀਤ ਸਿੰਘ ਜੀਪੀ ਨੂੰ ਵੱਡੀ ਲੀਡ ਨਾਲ ਜਿਤਾਉਣ ਦੀ ਅਪੀਲ ਕੀਤੀ। ਰੋਡ ਸ਼ੋਅ ਵਿੱਚ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਸਣੇ ਹਲਕੇ ਦੀ ਸਮੁੱਚੀ 'ਆਪ' ਲੀਡਰਸ਼ਿਪ, ਬਲਾਕ ਪ੍ਰਧਾਨ ਅਤੇ ਹੋਰ ਆਗੂਆਂ ਨੇ ਸ਼ਿਰਕਤ ਕੀਤੀ। ਭਗਵੰਤ ਮਾਨ ਨੇ ਕੇਂਦਰ ਦੀ ਭਾਜਪਾ ਸਰਕਾਰ 'ਤੇ ਆਮ ਆਦਮੀ ਪਾਰਟੀ ਨੂੰ ਖਤਮ ਕਰਨ ਲਈ ਕੇਜਰੀਵਾਲ ਨੂੰ ਜੇਲ੍ਹ ਭੇਜਣ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਭਾਜਪਾ ਨੂੰ ਸ਼ਾਇਦ ਇਹ ਭੁਲੇਖਾ ਸੀ ਕਿ ਕੇਜਰੀਵਾਲ ਦੇ ਜੇਲ੍ਹ ਜਾਣ ਨਾਲ 'ਆਪ' ਖਤਮ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਸਾਲ ਸਿਰਫ ਤਿੰਨ ਮਹੀਨਿਆਂ ਵਿੱਚ ਹੀ ਐੱਸਐੱਸਐੱਫ ਫੋਰਸ 1250 ਕੀਮਤੀ ਜਾਨਾਂ ਬਚਾਉਣ ਵਿੱਚ ਸਫ਼ਲ ਰਹੀ ਹੈ।



ਹਫ਼ਤਾਵਾਰੀ ਪ੍ਰੀਤਨਾਮਾ

Weekly Preetnama

www.preetnama.com
+1 (201) 312-4180



PRITPAL KAUR
Editor-In-Chief
+1 201-312-4180
+1 917-328-8436

ADVISORY BOARD

ਜੋਗਾ ਸਿੰਘ
******************************
ਜਸਵਿੰਦਰ ਸਿੰਘ ਨਿਊਜਰਸੀ
******************************
ਗੁਰਮੀਤ ਸਿੰਘ ਧਲਵਾਨ ਸ਼ਿਕਾਗੋ
******************************
ਜੀ. ਐਸ ਸਿੰਘ ਪੰਜਾਬ
******************************
ਸੁਜਾਨ ਨਾਗ, ਯੂ.ਐਸ.ਏ.
********************
ਸਰਬਜੀਤ ਕੌਰ ਪੰਜਾਬ
**********************
ਸੁਖਮੰਦਰ ਬਰਾੜ
(ਭਗਤਾ ਭਾਈਕਾ) ਵੈਨਕੂਵਰ,
******************************
ਗਗਨਦੀਪ ਸਿੰਘ
ਗ੍ਰਾਫਿਕ ਡਿਜ਼ਾਇਨਰ
9592398822
******************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

The Preetnama is not responsible or legally lible for any news, article, advertisement or typing mistakes in the news or articles

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

Preetnamausa@gmail.com
www.preetnama.com

# ਭੋਜਨ ਵਸਤਾਂ ਦੀਆਂ ਵਧਦੀਆਂ ਕੀਮਤਾਂ ਅਤੇ ਕਿਰਤੀਆਂ ਦੇ ਹਾਲਾਤ

ਪਿਛਲੇ ਕੁਝ ਸਮੇਂ ਤੋਂ ਭੋਜਨ ਵਸਤਾਂ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। 2020 ਤੋਂ ਬਾਅਦ ਭਾਰਤ ਵਿੱਚ ਹੀ ਨਹੀਂ, ਸੰਸਾਰ ਪੱਧਰ 'ਤੇ ਮਹਿੰਗਾਈ ਵਧਣ ਨਾਲ ਖਾਧ ਪਦਾਰਥਾਂ ਦੀਆਂ ਕੀਮਤਾਂ ਵਿੱਚ ਤੇਜ਼ੀ ਆਈ ਜਿਸ ਨਾਲ਼ ਕਿਰਤੀ ਆਬਾਦੀ ਦਾ ਜੀਵਨ ਪੱਧਰ ਤੇਜ਼ੀ ਨਾਲ ਹੇਠਾਂ ਡਿੱਗਾ ਹੈ। ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ ਜ਼ਰੂਰੀ ਖਾਧ ਪਦਾਰਥਾਂ ਦੀਆਂ ਕੀਮਤਾਂ ਪਿਛਲੇ 20 ਸਾਲਾਂ ਦੇ ਸਿਖਰ 'ਤੇ ਹਨ। ਚਾਹੇ ਅਨਾਜ ਹੋਵੇ, ਖਾਣ ਵਾਲੇ ਤੇਲ, ਦੁੱਧ ਜਾਂ ਦੁੱਧ ਤੋਂ ਬਣੇ ਹੋਰ ਪਦਾਰਥ, ਸਭ ਭਾਰਤ ਦੀ ਗਰੀਬ ਆਬਾਦੀ ਦੀ ਪਹੁੰਚ ਤੋਂ ਦੂਰ ਹੋ ਰਹੇ ਹਨ। 2023 ਦੀ ਸੰਸਾਰ ਭੁੱਖਮਰੀ ਸੂਚਕ ਅੰਕ ਦੀ ਰਿਪੋਰਟ ਅਨੁਸਾਰ ਭਾਰਤ 125 ਦੇਸ਼ਾਂ ਵਿੱਚੋਂ 111ਵੇਂ ਸਥਾਨ 'ਤੇ ਹੈ। ਸਾਰੇ ਸੰਸਾਰ ਦੀ ਕੁੱਲ ਆਬਾਦੀ ਦਾ 9.2 ਫੀਸਦ ਕੁਪੋਸ਼ਣ ਦਾ ਸ਼ਿਕਾਰ ਹੈ ਪਰ ਭਾਰਤ ਦੀ ਲੱਗਭੱਗ 16.6 ਫੀਸਦ ਆਬਾਦੀ ਕੁਪੋਸ਼ਿਤ ਹੈ ਜੋ ਗਿਣਤੀ ਪੱਖੋਂ ਲੱਗਭੱਗ 23 ਕਰੋੜ 36 ਲੱਖ ਤੋਂ ਉੱਪਰ ਬਣਦੀ ਹੈ।

ਮਹਿੰਗਾਈ ਦਰ ਦੇ ਅੰਕੜਿਆਂ ਅਨੁਸਾਰ, ਜਨਵਰੀ 2024 ਵਿੱਚ ਇਹ 5.10% ਅਤੇ ਦਸੰਬਰ 2023 ਵਿੱਚ 5.69% ਸੀ। ਰੌਲ਼ਾ ਪਾਇਆ ਜਾ ਰਿਹਾ ਹੈ ਕਿ ਭਾਰਤ ਵਿੱਚ ਸਰਕਾਰ ਨੇ ਮਹਿੰਗਾਈ ਉੱਤੇ ਕਾਬੂ ਪਾ ਲਿਆ ਹੈ ਪਰ ਗੋਦੀ ਮੀਡੀਏ ਵਿੱਚ ਇਹ ਨਹੀਂ ਦੱਸਿਆ ਜਾ ਰਿਹਾ ਕਿ ਫਰਵਰੀ ਮਹੀਨੇ ਅਨਾਜ ਮਹਿੰਗਾਈ ਵਧ ਕੇ 6.95%, ਸਬਜ਼ੀਆਂ ਦੀ ਮਹਿੰਗਾਈ ਵਧ ਕੇ 19.78% ਅਤੇ ਦਾਲਾਂ ਦੀ ਮਹਿੰਗਾਈ ਵਧ ਕੇ 18.48% ਹੋ ਚੁੱਕੀ ਹੈ! ਜਿਹੜੀਆਂ ਬੁਨਿਆਦੀ ਚੀਜ਼ਾਂ ਕਿਰਤੀਆਂ ਨੂੰ ਸਭ ਤੋਂ ਵੱਧ ਲੋੜੀਂਦੀਆਂ ਹਨ, ਉਨ੍ਹਾਂ ਦੀ ਮਹਿੰਗਾਈ ਪਿਛਲੇ ਸਾਲ ਮੁਕਾਬਲੇ ਵਧੀ ਹੈ। ਦੂਸਰਾ ਮਸਲਾ ਮਹਿੰਗਾਈ ਦਰ ਮਾਪਣ ਦੇ ਪੈਮਾਨੇ ਦਾ ਵੀ ਹੈ ਜਿਸ ਕਰ ਕੇ ਅਸਲ ਮਹਿੰਗਾਈ ਅੱਖੋਂ ਓਹਲੇ ਹੋ ਜਾਂਦੀ ਹੈ।

ਮਹਿੰਗਾਈ ਦਾ ਮਾਪ ਅਸਲ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਵੱਖ-ਵੱਖ ਜਿਣਸਾਂ ਤੇ ਸੇਵਾਵਾਂ ਦੀ ਕੀਮਤ ਦੇ ਵਾਧੇ ਦਾ ਔਸਤ ਮਾਪ ਹੁੰਦਾ ਹੈ ਪਰ ਖਪਤ ਵਾਲੀਆਂ ਵੱਖ-ਵੱਖ ਜਿਣਸਾਂ ਦੀ ਮਹਿੰਗਾਈ ਅਸਲ ਵਿੱਚ ਕਾਫੀ ਵੱਖ ਹੁੰਦੀ ਹੈ। ਇਸੇ ਲਈ ਇਨ੍ਹਾਂ ਸਾਰੀਆਂ 'ਤੇ ਵੱਖੋ-ਵੱਖ ਵਜ਼ਨ ਮਿੱਥ ਕੇ ਔਸਤ ਮਾਪ ਕੱਢਿਆ ਜਾਂਦਾ ਹੈ ਪਰ ਲੋਕ ਵੱਖ-ਵੱਖ ਜਮਾਤਾਂ ਵਿੱਚ ਵੰਡੇ ਹਨ, ਇਸੇ ਕਰ ਕੇ ਗਰੀਬ ਪਰਿਵਾਰ ਦੀਆਂ ਖਪਤ ਕੀਤੀਆਂ ਵਸਤਾਂ ਅਮੀਰ ਪਰਿਵਾਰ ਦੀ ਖਪਤ ਨਾਲੋਂ ਅੱਡ ਹੋਣਗੀਆਂ ਤੇ ਉਸੇ ਮੁਤਾਬਕ ਦੋਹਾਂ 'ਤੇ ਮਹਿੰਗਾਈ ਦਾ ਬੋਝ ਵੱਖ-ਵੱਖ ਹੋਵੇਗਾ। ਮਹਿੰਗਾਈ ਦਰ ਮਾਪਣ ਲਈ ਵਰਤਿਆ ਜਾਂਦਾ ਬੁਨਿਆਦੀ ਸੂਚਕ ਹੈ- ਖਪਤਕਾਰ ਕੀਮਤ ਸੂਚਕ। ਉਦਹਾਰਨ ਦੇ ਤੌਰ 'ਤੇ ਖਪਤਕਾਰ ਕੀਮਤ ਸੂਚਕ ਅੰਕ ਵਿੱਚ ਸਿਹਤ ਬਾਰੇ ਰੱਖੇ ਵਜ਼ਨ ਦੀ ਗੱਲ ਕਰਦੇ ਹਾਂ। ਸਿਹਤ ਸਹੂਲਤਾਂ ਦੇ ਖਰਚੇ ਦਾ ਵਜ਼ਨ ਇਸ ਸੂਚਕ ਵਿੱਚ ਸਿਰਫ 5.89% ਹੈ। ਹੁਣ ਜੇ ਤਾਂ ਆਮ ਪਰਿਵਾਰ ਦਾ ਕੋਈ ਜੀਅ ਸਾਲ ਵਿੱਚ ਬਿਮਾਰ ਨਾ ਹੋਇਆ ਹੋਵੇ ਤਾਂ ਇਹ ਖਰਚਾ ਬੇਹੱਦ ਘੱਟ ਜਾਂ ਸਿਫਰ ਵੀ ਹੋ ਸਕਦਾ ਹੈ ਪਰ ਜੇ ਕੋਈ ਬਿਮਾਰੀ ਆ ਪਵੇ ਤਾਂ ਉਸ ਲਈ ਖਰਚਾ ਵੱਸੋਂ ਬਾਹਰਾ ਵੀ ਹੋ ਸਕਦਾ ਹੈ ਤੇ ਉਸ ਦੀ ਬੱਚਤ ਦਾ ਵੱਡਾ ਹਿੱਸਾ ਚੂਸ ਸਕਦਾ ਹੈ ਪਰ ਕਿਉਂਕਿ ਸੂਚਕ ਵਿੱਚ ਇਸ ਦਾ ਵਜ਼ਨ 6% ਤੋਂ ਵੀ ਘੱਟ ਹੈ, ਇਸ ਲਈ ਇਸ ਖਰਚੇ ਦਾ ਬੋਝ ਮਹਿੰਗਾਈ ਦੀ ਸਰਕਾਰੀ ਦਰ ਵਿੱਚ ਓਨਾ ਝਲਕਦਾ ਹੀ ਨਹੀਂ। ਜੇ ਭੋਜਨ ਦੀ ਗੱਲ ਕਰੀਏ ਤਾਂ ਇੱਥੇ ਵੀ ਮਾਮਲਾ ਵੱਖੋ-ਵੱਖਰਾ ਹੈ। ਭੋਜਨ ਵਿੱਚ ਫਲਾਂ, ਸਬਜ਼ੀਆਂ ਦਾ ਵਜ਼ਨ ਕ੍ਰਮਵਾਰ 2.89% ਅਤੇ 6.04% ਹੈ ਪਰ ਰੋਜ਼ਾਨਾ ਸਬਜ਼ੀਆਂ 'ਤੇ ਨਿਰਭਰ ਕਿਰਤੀ ਆਬਾਦੀ ਜਾਣਦੀ ਹੈ ਕਿ ਇਨ੍ਹਾਂ ਚੀਜ਼ਾਂ ਦੀ ਮਹਿੰਗਾਈ ਅਸਲੋਂ ਵੱਧ ਹੈ। ਫਲਾਂ ਸਬਜ਼ੀਆਂ ਦੀ ਇਹ ਮਹਿੰਗਾਈ ਸਰਕਾਰੀ ਅੰਕੜਿਆਂ ਵਿੱਚ ਘੱਟ ਨਜ਼ਰ ਆਉਣ ਦਾ ਇੱਕ ਹੋਰ ਕਾਰਨ ਇਹ ਵੀ ਹੈ ਕਿ ਇਹ ਅੰਕੜੇ ਪਿਛਲੇ ਸਾਲ ਦੀ ਮਹਿੰਗਾਈ ਨੂੰ ਬੁਨਿਆਦ ਬਣਾ ਕੇ ਕੱਢੇ ਜਾਂਦੇ ਹਨ; ਭਾਵ, ਜੇ ਪਿਛਲੇ ਸਾਲ ਕਿਸੇ ਜਿਣਸ ਦੀ ਮਹਿੰਗਾਈ ਵੱਧ ਤੇਜ਼ੀ ਨਾਲ ਵਧੀ ਹੋਵੇਗੀ ਤਾਂ ਇਸ ਸਾਲ ਮੁਕਾਬਲਤਨ ਉਸ ਦਾ ਵਾਧਾ ਘੱਟ ਨਜ਼ਰ ਆਵੇਗਾ ਭਾਵੇਂ ਕੁੱਲ ਵਿੱਚ ਉਹ ਆਮ ਪਰਿਵਾਰ ਲਈ ਵੱਡਾ ਬੋਝ ਬਣੀ ਹੋਵੇ। ਕੀ ਅਨਾਜ, ਸਬਜ਼ੀਆਂ ਆਦਿ ਦੀ ਵਧ ਰਹੀ ਮਹਿੰਗਾਈ ਜਾਂ ਭਾਰਤ ਵਿੱਚ ਵੱਡੀ ਗਿਣਤੀ ਲੋਕਾਂ ਦਾ ਭੁੱਖਮਰੀ ਦਾ ਸ਼ਿਕਾਰ ਹੋਣ ਦਾ ਮਤਲਬ ਹੈ ਕਿ ਭਾਰਤ ਵਿੱਚ ਅਨਾਜ ਦੀ ਘਾਟ ਹੈ ? ਬਿਲਕੁਲ ਨਹੀਂ! ਪੈਦਾਵਾਰ ਨੂੰ ਆਧਾਰ ਬਣਾ ਕੇ ਗੱਲ ਕਰੀਏ ਤਾਂ 2000 ਤੋਂ 2019 ਤੱਕ ਮੁੱਖ ਫਸਲਾਂ ਦੀ ਕੁੱਲ ਪੈਦਾਵਾਰ 53% ਵਧੀ ਤੇ 2022-23 ਵਿੱਚ ਅਨਾਜ ਦੀ ਪੈਦਾਵਾਰ 32.9 ਕਰੋੜ ਟਨ ਦੇ ਉੱਚੇ ਪੱਧਰ ਉੱਤੇ ਪਹੁੰਚ ਗਈ। ਸੰਸਾਰ ਪੱਧਰ 'ਤੇ ਮੁੱਖ ਫਸਲਾਂ ਦੀ ਪੈਦਾਵਾਰ ਦਾ ਅੱਧਾ ਹਿੱਸਾ ਸਿਰਫ ਚਾਰ ਫ਼ਸਲਾਂ- ਗੰਨਾ, ਮੱਕੀ, ਕਣਕ ਤੇ ਚੌਲ ਤੋਂ ਬਣਦਾ ਹੈ। ਇਸੇ ਤਰ੍ਹਾਂ ਦਾਲਾਂ ਦੀ ਪੈਦਾਵਾਰ 2022-23 ਵਿੱਚ 2.6 ਕਰੋੜ ਟਨ, ਫਲਾਂ ਦੀ ਪੈਦਾਵਾਰ ਵੀ 10.8 ਕਰੋੜ ਟਨ ਤੇ ਸਬਜ਼ੀਆਂ ਦੀ ਪੈਦਾਵਾਰ 21.2 ਕਰੋੜ ਟਨ ਦੇ ਰਿਕਾਰਡ ਪੱਧਰ ਉੱਤੇ ਸੀ। ਮਨੁੱਖਤਾ ਕੋਲ ਇੰਨਾ ਭੋਜਨ ਪੂਰੇ ਇਤਿਹਾਸ ਵਿੱਚ ਕਦੀ ਵੀ ਮੌਜੂਦ ਨਹੀਂ ਸੀ। ਫਿਰ ਕੀ ਕਾਰਨ ਹੈ, ਇੰਨੀ ਪੈਦਾਵਾਰ ਹੋਣ ਦੇ ਬਾਵਜੂਦ ਸੰਸਾਰ ਵਿੱਚ ਭੁੱਖਮਰੀ ਵਧ ਰਹੀ ਹੈ ? ਲੋਕ ਭੁੱਖੇ ਮਰ ਰਹੇ ਹਨ ? ਵੱਡੀ ਗਿਣਤੀ ਔਰਤਾਂ ਖ਼ੂਨ ਦੀ ਕਮੀ ਨਾਲ ਜੂਝ ਰਹੀਆਂ ਹਨ ? ਕਿਉਂ ਕਿਰਤੀ ਆਬਾਦੀ ਜੋ ਖ਼ੂਨ ਪਸੀਨਾ ਇੱਕ ਕਰ ਕੇ ਕੰਮ ਕਰਦੀ ਹੈ, ਆਪਣੀਆਂ ਲੋੜਾਂ 'ਤੇ ਕਟੌਤੀ ਲਈ ਮਜਬੂਰ ਹੈ ? ਇਸ ਸਭ ਦਾ ਇੱਕੋ ਕਾਰਨ ਮੌਜੂਦਾ ਸਰਮਾਏਦਾਰੀ ਢਾਂਚਾ ਹੈ ਜਿੱਥੇ ਪੈਦਾਵਾਰ ਦਾ ਇੱਕ ਹੀ ਮਕਸਦ ਹੈ- ਮੁਨਾਫ਼ਾ! ਇਸ ਢਾਂਚੇ ਦਾ ਮਕਸਦ ਕਦੇ ਵੀ ਮਨੁੱਖੀ ਲੋੜਾਂ ਪੂਰੀਆਂ ਕਰਨਾ ਨਹੀਂ ਰਿਹਾ। ਚਾਹੇ ਅੰਨ ਦੇ ਭਰੇ ਗੋਦਾਮਾਂ ਸਾਹਮਣੇ ਗਰੀਬ ਭੁੱਖ ਨਾਲ਼ ਮਰ ਜਾਣ, ਫਿਰ ਵੀ ਉਨ੍ਹਾਂ ਲਈ ਗੋਦਾਮਾਂ ਦੇ ਬੂਹੇ ਬੰਦ ਰਹਿਣਗੇ ਸਗੋਂ ਸਰਮਾਏਦਾਰ ਹੋਰ ਜ਼ਿਆਦਾ ਮੁਨਾਫਾ ਕਮਾਉਣ ਦੇ ਇਰਾਦੇ ਨਾਲ ਅਨਾਜ ਦੀ ਜਮ੍ਹਾਂਖੋਰੀ ਵੀ ਕਰਦੇ ਹਨ। ਉੱਪਰੋਂ ਲੋਟੂ ਸਰਕਾਰਾਂ ਭੋਜਨ ਵਸਤਾਂ ਉੱਤੇ ਵੀ ਟੈਕਸ ਲਾਉਂਦੀਆਂ ਹਨ। ਦੁੱਧ ਦੇ ਪੈਕਟ ਹੋਣ ਜਾਂ ਸਰ੍ਹੋਂ ਦੇ ਤੇਲ ਦੀ ਬੋਤਲ ਜਾਂ ਅਜਿਹੀਆਂ ਹੋਰ ਖਾਣ ਪੀਣ ਵਾਲੀਆਂ ਵਸਤਾਂ, ਇਨ੍ਹਾਂ 'ਤੇ ਟੈਕਸ ਲਾਇਆ ਜਾਂਦਾ ਹੈ। ਦੂਜਾ, ਆਜ਼ਾਦੀ ਦੇ 77 ਸਾਲਾਂ ਮਗਰੋਂ ਵੀ ਦੇਸ਼ ਵਿੱਚ ਸਬਜ਼ੀਆਂ, ਫਲ, ਅਨਾਜ ਆਦਿ ਭੋਜਨ ਵਸਤਾਂ ਦੀ ਸਾਂਭ-ਸੰਭਾਲ ਦਾ ਕੋਈ ਢੁੱਕਵਾਂ ਪ੍ਰਬੰਧ ਨਹੀਂ ਜਿਸ ਕਰ ਕੇ ਹਰ ਸਾਲ ਲੱਖਾਂ ਕਰੋੜਾਂ ਟਨ ਅਨਾਜ ਤੇ ਹੋਰ ਵਸਤਾਂ ਗਰੀਬਾਂ ਦੇ ਮੂੰਹ ਜਾਣ ਦੀ ਥਾਂ ਸੜ ਜਾਂਦੀਆਂ ਹਨ। ਸਰਕਾਰ ਨੂੰ ਚਾਹੀਦਾ ਤਾਂ ਇਹ ਹੈ ਕਿ ਅਮੀਰਾਂ ਦੀਆਂ ਸਬਸਿਡੀਆਂ ਬੰਦ ਕਰ ਕੇ, ਉਨ੍ਹਾਂ ਉੱਤੇ ਵਧਵੇਂ ਟੈਕਸ ਲਾ ਕੇ ਆਮ ਲੋਕਾਂ ਨੂੰ ਸਸਤਾ ਮਿਲਦਾ ਰਾਸ਼ਨ ਵੱਧ ਮੁਹੱਈਆ ਕਰਵਾਏ ਪਰ ਭਾਰਤ ਵਿੱਚ ਬਿਲਕੁਲ ਇਸ ਦੇ ਉਲਟ ਹੁੰਦਾ ਹੈ। ਗਰੀਬਾਂ ਦੇ ਤਾਂ ਰਾਸ਼ਨ ਕਾਰਡ ਵੀ ਕੱਟੇ ਜਾ ਰਹੇ ਹਨ, ਉਨ੍ਹਾਂ ਨੂੰ ਮਿਲਦੇ ਸਸਤੇ ਰਾਸ਼ਨ ਤੇ ਹੋਰ ਸਹੂਲਤਾਂ 'ਚ ਕਟੌਤੀ ਕੀਤੀ ਜਾ ਰਹੀ ਹੈ; ਅਮੀਰਾਂ ਨੂੰ ਸਬਸਿਡੀਆਂ ਤੇ ਹੋਰ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ, ਕਰਜ਼ੇ ਵੀ ਮੁਆਫ਼ ਕੀਤੇ ਜਾ ਰਹੇ ਹਨ। ਵਧਦੀ ਮਹਿੰਗਾਈ ਅਸਲ ਵਿੱਚ ਕਿਰਤੀਆਂ ਦੇ ਜਿਊਣ ਦੇ ਹੀ ਹੱਕ 'ਤੇ ਸਿੱਧਾ ਹਮਲਾ ਹੈ। ਸਰਕਾਰ ਚਾਹੇ ਤਾਂ ਇਨ੍ਹਾਂ ਕਦਮਾਂ ਰਾਹੀਂ ਮਹਿੰਗਾਈ ਦੀ ਮਾਰ ਤੋਂ ਕਿਰਤੀਆਂ ਨੂੰ ਫੌਰੀ ਰਾਹਤ ਦੇ ਸਕਦੀ ਹੈ: ਪਹਿਲਾ, ਪੈਟਰੋਲ ਡੀਜ਼ਲ ਤੇ ਹੋਰ ਜਿਣਸਾਂ 'ਤੇ ਕਰ ਘਟਾ ਕੇ ਇਨ੍ਹਾਂ ਦੀ ਮਹਿੰਗਾਈ ਘਟਾਉਣਾ; ਦੂਜਾ, ਜਨਤਕ ਵੰਡ ਪ੍ਰਣਾਲੀ ਦਾ ਘੇਰਾ ਵਧਾ ਕੇ ਲੋਕਾਂ ਨੂੰ ਸਸਤਾ ਰਾਸ਼ਨ ਜਾਰੀ ਕਰਨਾ; ਤੀਜਾ, ਮਗਨਰੇਗਾ ਦਾ ਘੇਰਾ ਵਧਾਉਣਾ ਤੇ ਸ਼ਹਿਰੀ ਖੇਤਰ ਲਈ ਵੀ ਰੁਜ਼ਗਾਰ ਦੀ ਅਜਿਹੀ ਸਕੀਮ ਚਲਾਉਣਾ ਤੇ ਜਦੋਂ ਤੱਕ ਲੋਕਾਂ ਨੂੰ ਰੁਜ਼ਗਾਰ ਨਹੀਂ ਮਿਲਦਾ, ਉਨ੍ਹਾਂ ਨੂੰ ਵਾਜਿਬ ਬੇਰੁਜ਼ਗਾਰੀ ਭੱਤਾ ਦੇਣਾ; ਚੌਥਾ, ਇਨ੍ਹਾਂ ਸਾਰੇ ਕਦਮਾਂ ਲਈ ਸਾਧਨ ਜੁਟਾਉਣ ਵਾਸਤੇ ਸਰਮਾਏਦਾਰਾਂ 'ਤੇ ਕਰ ਲਾਉਣਾ ਪਰ ਮੌਜੂਦਾ ਕੇਂਦਰੀ ਹਕੂਮਤ ਨੇ ਲੋਕਾਂ ਦੀਆਂ ਹੱਕੀ ਮੰਗਾਂ 'ਤੇ ਕੋਈ ਗੌਰ ਨਹੀਂ ਕੀਤਾ। ਇਨ੍ਹਾਂ ਬੁਨਿਆਦੀ ਮੰਗਾਂ ਲਈ ਵੀ ਕਿਰਤੀਆਂ ਨੂੰ ਹੀ ਅੱਗੇ ਆ ਕੇ ਸਰਕਾਰ 'ਤੇ ਦਬਾਅ ਪਾਉਣਾ ਪਵੇਗਾ। ਇਸ ਦੇ ਨਾਲ-ਨਾਲ ਇਨ੍ਹਾਂ ਅਲਾਮਤਾਂ ਦੇ ਸਦੀਵੀ ਖ਼ਾਤਮੇ ਲਈ ਮੁਨਾਫ਼ਾਖੋਰ ਢਾਂਚਾ ਖ਼ਤਮ ਕਰ ਕੇ ਅਜਿਹਾ ਢਾਂਚਾ ਉਸਾਰਨ ਦੀ ਲੋੜ ਹੈ ਜਿਸ ਵਿੱਚ ਸਮਾਜ ਦੇ ਹਰ ਵਰਗ ਲਈ ਪੂਰੀਆਂ ਸਹੂਲਤਾਂ ਹੋਣ।



# ਪੰਜਾਬ ਦੀ ਉੱਚ-ਸਿੱਖਿਆ ਡੁੱਬਣ ਕਿਨਾਰੇ

ਯੂ.ਜੀ.ਸੀ. ਦੇ ਰਿਕਾਰਡ ਮੁਤਾਬਕ, ਪੰਜਾਬ ਵਿਚ ਪਹਿਲਾ ਕਾਲਜ, ਰਣਧੀਰ ਕਾਲਜ 1856 ਵਿਚ ਕਪੂਰਥਲੇ ਵਿਚ ਬਣਿਆ ਸੀ। ਹੁਣ ਇਸ ਦਾ ਨਾਂ ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ ਹੈ। ਆਜ਼ਾਦੀ ਵੇਲੇ ਸਮੁੱਚੇ ਪੰਜਾਬ ਵਿਚ ਸਿਰਫ਼ ਇਕ ਯੂਨੀਵਰਸਿਟੀ ਸੀ ਤੇ 1947 ਤਕ ਅਣਵੰਡੇ ਪੰਜਾਬ ਵਿਚ 37 ਕਾਲਜ ਸਨ। ਹੁਣ 31 ਮਾਰਚ 2023 ਨੂੰ ਅੱਜ ਵਾਲੇ ਪੰਜਾਬ ਵਿਚ 35 ਯੂਨੀਵਰਸਿਟੀਆਂ ਹਨ। ਇਨ੍ਹਾਂ ਵਿਚੋਂ ਇਕ ਕੇਂਦਰੀ ਯੂਨੀਵਰਸਿਟੀ, 14 ਸਰਕਾਰੀ ਯੂਨੀਵਰਸਿਟੀਆਂ, 18 ਨਿੱਜੀ ਯੂਨੀਵਰਸਿਟੀਆਂ ਤੇ ਦੋ ਡੀਮਡ ਯੂਨੀਵਰਸਿਟੀਆਂ। ਸਰਕਾਰੀ ਅੰਕੜਿਆਂ ਮੁਤਾਬਕ ਸੰਨ 2021 ਵਿਚ ਪੰਜਾਬ ਵਿਚ 1039 ਕਾਲਜ ਸਨ। ਪੰਜਾਬ ਵਿਚ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਵਾਧਾ ਕਿਵੇਂ ਤੇ ਕਦੋਂ ਹੋਇਆ ਇਹ ਪੰਜਾਬ ਸਰਕਾਰ ਦੇ ਇਸ ਸਾਲ (2023-24) ਦੇ ਬਜਟ ਵਿਚ ਦਿੱਤੇ ਹੇਠ ਦਰਸਾਈ ਸਾਰਣੀ ਤੋਂ ਜ਼ਾਹਰ ਹੋ ਜਾਂਦਾ ਹੈ। ਇਸ ਸਾਰਣੀ 'ਤੇ ਨਜ਼ਰ ਮਾਰਿਆਂ ਕਾਫ਼ੀ ਹੱਦ ਤਕ ਇਹ ਸਮਝ ਆ ਜਾਂਦੀ ਹੈ ਕਿ ਪਿਛਲੇ 10-15 ਸਾਲਾਂ ਦੌਰਾਨ ਪੰਜਾਬ ਦੀ ਪੜ੍ਹਾਈ ਵਿਚ ਮਿਆਰੀ ਗਿਰਾਵਟ ਕਿਉਂ ਆਈ ਹੈ। ਬਿਨਾਂ ਯੋਗਅਧਿਆਪਕਾਂ ਦੀ ਹੋਂਦ ਤੋਂ, ਬਿਨਾਂ ਯੋਗ ਸਹੂਲਤਾਂ ਤੋਂ, ਬਿਨਾਂ ਲੋੜੀਂਦੇ ਸਾਜ-ਸਾਮਾਨ ਤੋਂ ਤੇ ਬਿਨਾਂ ਲੋੜ ਤੋਂ ਸਿਰਫ਼ ਸਿਆਸੀ ਲਾਭ ਲੈਣ ਲਈ ਤੇ ਨਿੱਜੀ ਸੰਸਥਾਵਾਂ ਨੂੰ, ਅੰਞਾਣ ਤੇ ਅਭੋਲ ਵਿਦਿਆਰਥੀਆਂ ਨੂੰ ਲੁੱਟਣ ਦੀ ਖੁੱਲ੍ਹ ਦੇਣ ਲਈ ਧੜਾ-ਧੜ ਕਾਲਜ ਤੇ ਯੂਨੀਵਰਸਿਟੀਆਂ ਖੋਲ੍ਹੀਆਂ ਗਈਆਂ। ਜੇ ਇਕੱਲੇ-ਇਕੱਲੇ ਸਾਲ ਦਾ ਖ਼ਾਸ ਕਰ 2000 ਤੋਂ 2022 ਤਕ ਦੇ ਅੰਕੜਿਆਂ ਦਾ ਅਧਿਐਨ ਕੀਤਾ ਜਾਵੇ ਤਾਂ ਇਹ ਖੁੱਲ੍ਹ ਕੇ ਸਾਹਮਣੇ ਆ ਜਾਵੇਗਾ ਕਿ ਪੰਜਾਬ ਦੀ ਉੱਚ-ਵਿੱਦਿਆ ਦੇ ਪੱਧਰ ਨੂੰ ਡੇਗਣ ਲਈ ਕਿਨ੍ਹਾਂ ਸਿਆਸੀ ਪਾਰਟੀਆਂ ਨੇ ਵਧੇਰੇ ਯੋਗਦਾਨ ਪਾਇਆ ਹੈ। ਇੰਡੀਅਨ ਐਕਸਪ੍ਰੈਸ ਵਿਚ 26 ਅਕਤੂਬਰ 2023 ਨੂੰ ਛਪੀ ਖ਼ਬਰ ਮੁਤਾਬਕ ਪੰਜਾਬ ਵਿਚ 64 ਆਮ ਸਰਕਾਰੀ ਕਾਲਜ ਹਨ ਜਿਨ੍ਹਾਂ ਵਿਚ ਅਧਿਆਪਕਾਂ ਦੀਆਂ 2353 ਮਨਜ਼ੂਰਸ਼ੁਦਾ ਅਸਾਮੀਆਂ ਹਨ। ਇਨ੍ਹਾਂ ਵਿਚੋਂ ਸਿਰਫ਼ 250 ਦੇ ਕਰੀਬ ਅਧਿਆਪਕ ਪੂਰੀ ਤਨਖ਼ਾਹ ਵਾਲੇ ਹਨ। ਨਿੱਜੀ ਅਦਾਰਿਆਂ ਵਾਲੇ ਕਾਲਜਾਂ ਵਿਚ ਕੀ ਅਵਸਥਾ ਹੋਵੇਗੀ ਉਸ ਬਾਰੇ ਇਸੇ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ। ਪੜ੍ਹਨ ਵਾਲੇ ਕਿੰਨਾ ਕੁ ਗਿਆਨ ਹਾਸਲ ਕਰ ਕੇ ਨਿਕਲਣਗੇ ਯੂਨੀਵਰਸਿਟੀਆਂ ਦਾ ਹਾਲ ਵੀ ਅਜਿਹਾ ਹੀ ਹੈ। ਘਟੀਆ ਮਿਆਰ ਵਾਲੇ ਬਿਨਾਂ ਯੋਗ ਸਹੂਲਤਾਂ ਤੇ ਬਿਨਾਂ ਯੋਗ ਅਧਿਆਪਕਾਂ ਤੋਂ ਅੰਧਾਧੁੰਦ ਖੋਲ੍ਹੇ ਗਏ ਕਾਲਜਾਂ ਦਾ ਇਕ ਨਤੀਜਾ ਇਹ ਵੀ ਹੋਇਆ ਕਿ ਕਈ ਕਾਲਜ, ਖ਼ਾਸ ਕਰਕੇ ਇੰਜੀਨੀਅਰਿੰਗ ਤੇ ਬੀ.ਐੱਡ., ਘੱਟ ਬੱਚੇ ਹੋਣ ਕਰਕੇ ਬੰਦ ਹੋਣ ਦੀ ਕਗਾਰ 'ਤੇ ਵੀ ਪਹੁੰਚ ਗਏ। ਹਿੰਦੁਸਤਾਨ ਟਾਈਮਜ਼ ਅਖ਼ਬਾਰ ਦੀ 21 ਜਨਵਰੀ 2021 ਦੀ ਰਿਪੋਰਟ ਮੁਤਾਬਕ ਸੰਨ 2020- 21 ਵਿਚ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਕਾਲਜਾਂ ਵਿਚ 46 ਫ਼ੀਸਦੀ ਸੀਟਾਂ ਖ਼ਾਲੀ ਸਨ। 7 ਅਕਤੂਬਰ 2023 ਦੀ ਟ੍ਰਿਬਿਊਨ ਅਖ਼ਬਾਰ ਮੁਤਾਬਕ 2022 ਵਿਚ ਪੰਜਾਬ ਦੇ ਟੈਕਨੀਕਲ ਕਾਲਜਾਂ ਵਿਚ 45 ਫ਼ੀਸਦੀ ਸੀਟਾਂ ਖ਼ਾਲੀ ਰਹੀਆਂ ਤੇ ਸੰਨ 2023 ਵਿਚ 55 ਫ਼ੀਸਦੀ ਸੀਟਾਂ ਖ਼ਾਲੀ ਹਨ। ਜਿਹੜੀਆਂ ਭਰੀਆਂ ਵੀ ਗਈਆਂ ਹਨ, ਉਨ੍ਹਾਂ ਵਿਚ ਸਿਰਫ਼ 25 ਫ਼ੀਸਦੀ ਬੱਚੇ ਪੰਜਾਬ ਤੋਂ ਹਨ। 24 ਸਤੰਬਰ 2019 ਦੀ 'ਹਿੰਦੁਸਤਾਨ ਟਾਈਮਜ਼' ਦੇ ਅਨੁਸਾਰ ਉਸ ਸਾਲ ਪੰਜਾਬ ਵਿਚ ਬੀ.ਐੱਡ. ਦੀਆਂ 21,000 ਸੀਟਾਂ ਵਿਚੋਂ 9000 ਸੀਟਾਂ (43 ਫ਼ੀਸਦੀ) ਖ਼ਾਲੀ ਰਹੀਆਂ। 'ਟਾਈਮਜ਼ ਆਫ ਇੰਡੀਆ' (20 ਜਨਵਰੀ 2021) ਮੁਤਾਬਕ 2021 ਵਿਚ ਬੀ.ਐੱਡ. ਦੀਆਂ 21,088 ਸੀਟਾਂ ਵਿਚੋਂ ਸਿਰਫ਼ 11,113 ਸੀਟਾਂ ਭਰੀਆਂ ਗਈਆਂ ਤੇ 47.3 ਫ਼ੀਸਦੀ ਖ਼ਾਲੀ ਰਹੀਆਂ। 2022-23 ਦੇ ਢੁਕਵੇਂ ਅੰਕੜੇ ਨਹੀਂ ਮਿਲੇ ਪਰ ਉਹ ਇਨ੍ਹਾਂ ਤੋਂ ਬਦਤਰ ਹੀ ਹੋਣਗੇ। ਨਰਸਿੰਗ ਕਾਲਜਾਂ ਦਾ ਵੀ ਅਜਿਹਾ ਹਾਲ ਹੈ। 2019 ਵਿਚ 'ਟ੍ਰਿਬਿਊਨ' ਦੀ 2 ਜਨਵਰੀ ਦੀ ਰਿਪੋਰਟ ਮੁਤਾਬਕ ਪੰਜਾਬ ਦੇ 109 ਨਰਸਿੰਗ ਕਾਲਜਾਂ ਵਿਚ 5700 ਸੀਟਾਂ ਖ਼ਾਲੀ ਰਹੀਆਂ। 'ਟਾਈਮਜ਼ ਆਫ ਇੰਡੀਆ' ਦੀ 3 ਅਕਤੂਬਰ 2023 ਦੀ ਖ਼ਬਰ ਮੁਤਾਬਕ ਪੰਜਾਬ ਦੇ ਨਰਸਿੰਗ ਕਾਲਜਾਂ ਵਿਚ 40 ਫ਼ੀਸਦੀ ਸੀਟਾਂ ਲਈ ਵਿਦਿਆਰਥੀ ਨਹੀਂ ਹਨ। ਇਹ ਉੱਚ-ਸਿੱਖਿਆ ਦੀ ਦੁਰਗਤੀ ਸਿਰਫ਼ ਇੰਜੀਨੀਅਰਿੰਗ, ਬੀ.ਐੱਡ., ਫਾਰਮੇਸੀ ਤੇ ਨਰਸਿੰਗ ਕਾਲਜਾਂ ਦੀ ਨਹੀਂ ਬਲਕਿ ਡਾਕਟਰੀ ਦੀ ਵਿਸ਼ੇਸ਼ਗਤਾ-ਸਿੱਖਿਆ ਦਾ ਵੀ ਅਜਿਹਾ ਹਾਲ ਹੀ ਹੈ। 13 ਜਨਵਰੀ 2023 ਦੀ 'ਹਿੰਦੁਸਤਾਨ ਟਾਈਮਜ਼' ਵਿਚ ਛਪੀ ਖ਼ਬਰ ਅਨੁਸਾਰ ਪੰਜਾਬ ਵਿਚ ਐੱਮ.ਡੀ. ਐੱਮ.ਐੱਸ ਵਿਚ ਦਾਖ਼ਲਾ-ਟੈਸਟ ਵਿਚੋਂ ਪਾਸ ਹੋਣ ਲਈ ਘੱਟੋ-ਘੱਟ ਨੰਬਰ ਲੈਣ ਦੀ ਪੱਧਰ ਨੂੰ ਦੋ ਵਾਰ ਘਟਾਉਣ ਤੋਂ ਬਾਅਦ ਵੀ 80 ਸੀਟਾਂ ਖ਼ਾਲੀ ਰਹਿ ਗਈਆਂ। ਬਾਕੀ ਦੇ ਮੁਲਕ ਵਾਂਗ, ਇਨ੍ਹਾਂ ਵਿਸ਼ੇਸ਼ਗਤਾ ਕੋਰਸਾਂ ਵਿਚ 'ਜ਼ੀਰੋ ਪ੍ਰਤੀਸ਼ਤਤ' ਨੰਬਰ ਹਾਸਲ ਕੀਤੇ ਸਨ ਉਹ ਵੀ ਦਾਖ਼ਲੇ ਦੇ ਕਾਬਲ ਕਰਾਰ ਕਰ ਦਿੱਤੇ ਗਏ। ਇਸ ਤੋਂ ਬਾਅਦ ਵੀ, ਟ੍ਰਿਬਿਊਨ ਅਖਬਾਰ ਦੀ 5 ਨਵੰਬਰ 2023 ਦੀ ਖ਼ਬਰ ਅਨੁਸਾਰ 70 ਸੀਟਾਂ ਫੇਰ ਵੀ ਖ਼ਾਲੀ ਰਹਿ ਗਈਆਂ। ਇਨ੍ਹਾਂ ਤੋਂ ਇਲਾਵਾ ਪੰਜਾਬ ਵਿਚ 228 ਸੀਟਾਂ ਬੀ.ਡੀ.ਐੱਸ. ਦੀਆਂ ਵੀ ਖ਼ਾਲੀ ਰਹੀਆਂ (ਟ੍ਰਿਬਿਊਨ, 16 ਨਵੰਬਰ 2023)।

ਉਚੇਰੀ-ਸਿੱਖਿਆ ਨੂੰ ਉੱਚਾ ਕਰਨ ਦੇ ਯਤਨ ਤੇ ਪੰਜਾਬ ਭਾਰਤ ਵਿਚ ਉਚੇਰੀ ਸਿੱਖਿਆ ਦੇ ਮਿਆਰ ਨੂੰ ਉੱਪਰ ਚੁੱਕਣ ਲਈ, ਸਿੱਖਿਆ ਸੰਸਥਾਵਾਂ ਵਿਚ ਚੰਗੀ ਪੜ੍ਹਾਈ ਤੇ ਵਧੀਆ ਖੋਜ ਵਾਸਤੇ ਸਹੂਲਤਾਂ ਮੁਹੱਈਆ ਕਰਵਾਉਣ ਲਈ ਅਤੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਕੇਂਦਰੀ ਸਰਕਾਰ ਤੇ ਸੂਬਾਈ ਸਰਕਾਰਾਂ ਵੱਲੋਂ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਅਤੇ ਕਈ ਯਤਨ ਕੀਤੇ ਗਏ। ਇਨ੍ਹਾਂ ਸਾਰੀਆਂ ਬਾਰੇ ਇਸ ਲੇਖ ਵਿਚ ਜ਼ਿਕਰ ਨਹੀਂ ਹੈ। ਸਿਰਫ਼ ਪਿਛਲੇ ਦਸ ਸਾਲਾਂ ਵਿਚ ਕੀਤੇ ਗਏ ਦੋ-ਤਿੰਨ ਸਿਰਕੱਢ ਯਤਨਾਂ ਬਾਰੇ ਤੇ ਉਨ੍ਹਾਂ ਦੇ ਮਿਆਰੀ ਪ੍ਰਮੁੱਖ ਨਤੀਜਿਆਂ ਬਾਰੇ ਨਜ਼ਰ ਪਾਵਾਂਗੇ। ਇਨ੍ਹਾਂ ਵਿੱਚੋਂ ਇਕ ਵਿਉਂਤ ਸੀ ਵਿਦੇਸ਼ੀ ਯੂਨੀਵਰਸਿਟੀਆਂ ਦਾ ਭਾਰਤ ਵਿਚ ਨਿਵੇਸ਼ ਨੂੰ ਆਸਾਨ ਬਣਾਉਣਾ ਤੇ ਇਸ ਲਈ ਅਨੇਕਾਂ ਤਰ੍ਹਾਂ ਦੀਆਂ ਵਿਸ਼ੇਸ਼ ਸਹੂਲਤਾਂ ਦੇਣਾ। ਇਸ ਬਾਰੇ ਵਿਸਥਾਰ ਨਾਲ ਪਹਿਲਾਂ ਇਕ-ਦੋ ਲੇਖਾਂ ਵਿਚ ਜ਼ਿਕਰ ਕੀਤਾ ਜਾ ਚੁੱਕਾ ਹੈ। (ਅੰਗਰੇਜ਼ੀ ਟ੍ਰਿਬਿਊਨ: 19.12.2022; ਪੰਜਾਬੀ ਜਾਗਰਣ: 29.1.2023)। ਸੋ ਇੱਥੇ ਬਾਕੀ ਦੀਆਂ ਸਕੀਮਾਂ ਬਾਰੇ ਵਿਚਾਰ ਕਰਾਂਗੇ। ਉਚੇਰੀ ਸਿੱਖਿਆ ਨੂੰ ਉੱਚਾ ਕਰਨ ਦੇ ਯਤਨਾਂ ਹੇਠ ਕੇਂਦਰੀ ਸਰਕਾਰ ਵੱਲੋਂ 2013 ਵਿਚ ਇਕ ਸਕੀਮ ਸ਼ੁਰੂ ਕੀਤੀ ਗਈ ਸੀ। ਇਸ ਸਕੀਮ ਦਾ ਨਾਂ ਸੀ 'ਰੂਸਾ ਰਾਸ਼ਟਰੀ ਉਚੇਰੀ ਸਿੱਖਿਆ ਅਭਿਆਨ'। ਇਹ ਬਹੁਤ ਵਧੀਆ ਯਤਨ ਸੀ ਜਿਸ ਹੇਠਾਂ ਸੂਬਿਆਂ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਅਧਿਆਪਕਾਂ ਦੇ ਅਕਾਦਮਿਕ ਪੱਧਰ ਉੱਚਾ ਕਰਨ ਲਈ, ਵਿਦਿਆਰਥੀਆਂ ਲਈ ਮਿਆਰੀ ਪੜ੍ਹਾਈ, ਖੋਜਾਂ ਤੇ ਪ੍ਰਯੋਗਸ਼ਾਲਾਵਾਂ ਲਈ ਵਧੀਆ ਸਹੂਲਤਾਂ ਦੇਣ ਲਈ ਅਤੇ ਸੰਸਥਾਵਾਂ ਦੀਆਂ ਪੜ੍ਹਾਈ ਸਬੰਧੀ ਸਭ ਸਹੂਲਤਾਂ ਲਈ, ਵਿੱਤੀ ਸਹਾਇਤਾ ਦੇਣ ਵਾਸਤੇ ਯੋਗ ਅਰਥ ਵਿਵਸਥਾ ਕੀਤੀ ਗਈ ਸੀ। ਸਿੱਖਿਆ ਖੇਤਰ ਵਿਚਲੇ ਵਿੱਤੀ ਵਾਧੇ ਅਫਸਰਾਂ ਦੀਆਂ ਨਜ਼ਰਾਂ ਤੋਂ ਕਿਵੇਂ ਓਹਲੇ ਰਹਿ ਸਕਦੇ ਸਨ। ਸੋ 'ਰੂਸਾ' ਦਾ ਕੰਟਰੋਲ ਯੂ.ਜੀ.ਸੀ. ਤੇ ਹੋਰ ਅਕਾਦਮਿਕ ਸੰਸਥਾਵਾਂ ਕੋਲੋਂ ਨਿਕਲ ਕੇ ਬਾਕੀ ਸਰਕਾਰੀ ਮਹਿਕਮਿਆਂ ਵਾਂਗ ਅਫ਼ਸਰਸ਼ਾਹੀ ਦੇ ਹਦੂਦ ਅੰਦਰ ਆ ਗਿਆ। ਅਫ਼ਸਰਸ਼ਾਹੀ ਭਾਰੀ ਹੋ ਗਈ ਤੇ ਵਿੱਦਿਆ ਵਿਚਾਰੀ ਬੇਚਾਰੀ ਹੋ ਗਈ। ਉੱਚ-ਸਿੱਖਿਆ ਸੰਸਥਾਵਾਂ ਨੂੰ ਕੇਂਦਰ ਸਰਕਾਰ ਵੱਲੋਂ ਮਿਲਣ ਵਾਲੀ ਵਿੱਤੀ ਸਹਾਇਤਾ ਨੂੰ 'ਰੂਸਾ' ਦੇ ਮਾਰਫ਼ਤ ਮਾਧਿਅਮ ਬਣਾ ਦਿੱਤਾ ਗਿਆ। ਇਸ ਤਰੀਕੇ ਕੇਂਦਰ ਸਰਕਾਰ ਨੇ ਸਿੱਧੇਅਸਿੱਧੇ ਤੌਰ 'ਤੇ ਉੱਚ-ਵਿੱਦਿਆ ਦੇ ਖੇਤਰ ਉੱਪਰ ਆਪਣਾ ਕਬਜ਼ਾ ਹੋਰ ਪੱਕਾ ਕਰ ਲਿਆ।

The research, published in the Journal of Affective Disorders, analysed data from seven studies involving 9,141 women worldwide. Perimenopause, occurring three to five years before menopause, sees fluctuating hormone levels, leading to mood swings, irregular periods, and increased depression risk. It happens before menopause when a womanís menstrual cycle ends.Lasting up to eight years, perimenopause can present a significant risk for depressive symptoms, according to the study. Premenopausal women had lower depression risks compared to those in perimenopause, while postmenopausal women showed no significant increase in depression risk.Standardised assessments, like the Patient Health Questionnaire PHQ-9, measured symptoms. Dr Roopal Desai from UCL Psychology & Language Sciences emphasised the need for support and screening for perimenopausal women to address their mental health effectively.The study highlights the impact of menopausal symptoms on womenís mental well-being, requiring greater awareness and support in various aspects of life. The research builds on previous findings suggesting that therapies like mindfulness and cognitive behavioural therapy could effectively treat non-physical menopausal symptoms.

Lead author Yasmeen Badawy highlighted the studyís global scope, indicating that cultural factors alone couldnít explain perimenopausal depression. However, the study has limitations, such as not considering participantsí history of depression or comparing symptoms between perimenopausal and post-menopausal women, due to adjustments for covariates in individual studies.



**Prior to The Loksabha Elections-2024, Burning of The Husk Begins In The Post Harvested Fields In The Different Areas of Punjab / Photo: Sunil Kumar Gund**

# CBSE Declares Standard 10th And 12th Results

## *Girls outshined the boys in 2024*

Sangrur, May 13, 2024 (Sunil Kumar Gund): Sentral Board of Secondary Education (CBSE) on Monday, declared Class-X and XII board exam results through 3+3 links on its authorised website https://cbseresults.nic.in/ technically brought to the general public by National Informatics Centre(NIC). Girls have outshined the boys in the results. After clicking on the concerned weblink, individual students can check their performance by keying in their roll number, school number, admit card ID, and date of birth.



In an official statement CBSE said, 87.98% students have passed the class-XII board exams. The passing percentage has reportedly higher by 0.65% as compared to the last year. More than 24,000 candidates have scored above 95% and over 1,16,000 students got more than 90%.

In a separate press note dated 13.05.2024, the Secretary CBSE has informed that it is commencing its free psychological counseling service from 14th May,, 2024, operating 24X7 for a week, for assisting students and parents in dealing with the common psychological challenges associated with exams and results through its two phase couselling services viz. CBSE Tele Counseling Helpline (2nd Phase) and Centralized Toll Free Access Nationwide. A comprehensive team of 65 professionals, including principals, trained counselors, special educators from CBSE-affiliated government and private schools, and psychologists will provide tele-counseling round the clock for a week. Individuals can dial toll free number 1800-11-8004 from anywhere in India to access CBSC's tele-counseling helpline, providing centralized support, information, and useful tips to address result-related anxiety or stress. In addition to that, the 'counseling' weblink (https://www.cbse.gov.in/cbsenew/prunit_temp/index.html) has also been provided on the CBSE website which offers further assistance and resources to stakeholders.

Provisional result cards can also be checked through the websites https://www.result.cbse.nic.in, https://www.results.digilocker.gov.in, and https://umang.gov.in. However, to collect the original mark sheets, students need to visit their respective schools after a few days.

**Sunil Kumar Gund**
**+91-94184-70707**
**NannuNeeL77@gmail.com**
**Sangrur (Punjab), India**

# Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 253
Website: www.preetnama.com Email preetnamausa@gmail.com
17 MAY TO 23 MAY , 2024




# Obese people with dysmorphia hide body behind WhatsApp profile pictures: Study



New Delhi : Many people who are living with obesity, suffer from dysmorphic disorder ó a condition in which a person has a distorted image of their body ó and conceal their body in their WhatsApp profile pictures, according to a study on Tuesday. People with body dysmorphic disorder feel dissatisfied with their physical appearance and may experience shame or anxiety about their bodies. Those obese and with the disorder believe they are heavier than they actually are.

ìThis study suggests that something as simple as a WhatsApp profile picture could give doctors a valuable insight into whether someone living with obesity has body dysmorphia,î said lead Antonella Franceschelli, of Unicamillus International Medical University, in Italy.

In a study, involving 59 obese patients (49 females, 10 males, mean age 53 years, mean BMI 32 kg/m2), the team provided clear evidence of body dysmorphia, with 90 per cent of the men and 86 per cent of the women using profile pictures that didnít represent their physical reality. ìProfile pictures of pets, family members, landscapes, flowers and cartoon characters may indicate the individual has body dysmorphic disorder,î Franceschelli said.

The research also found that social media exacerbates the excessive concern about physical appearance, where unrealistic standards of beauty and physical shape are often shared. ìPeople with body dysmorphic disorder can be particularly sensitive to these influences, constantly comparing themselves to idealised images and feeling inadequate in comparison,î Franceschelli said. For the study, the team involved 59 obese patients (49 females, 10 males, mean age 53 years, mean BMI 32 kg/m2), and conducted a qualitative study of their WhatsApp profile images.

The results showed that the patientsí profile pictures had their faces but not their bodies or used any other image like pets, family members, landscapes, cartoon characters, or objects such as flowers.

Importantly, the team found that the likelihood of using a profile picture that didnít represent physical reality increased with the degree or severity of obesity. Franceschelli called for checking for body dysmorphia as a part of obesity treatment

# Instagram is now 3rd most popular mobile app in South Korea



Toronto : Photo-sharing app Instagram overtook Naver, South Koreaís leading internet portal, as the third most popular mobile app there in terms of usage time last month, industry data showed on Tuesday. South Koreans spent a combined 20.9 billion minutes on Instagram in April, according to the data by mobile market research firm Wiseapp?Retail?Goods. It marked the first time Instagram outstripped Naver to become the third most used smartphone app here since Wiseapp began compiling such data in March 2016. People collectively spent 20 billion minutes on Naver in April, reports Yonhap news agency.

The global video streaming platform YouTube was the longest used application last month at 102.1 billion minutes, followed by KakaoTalk, South Koreaís top mobile messenger, at 32.5 billion minutes. Following Instagram and Naver, short-form video hosting service Tiktok ranked No. 5 with usage time of 6 billion minutes, Naver Webtoon ranked No. 6 with 4.9 billion minutes, and X, formerly Twitter, came in at No. 7 with 4.8 billion minutes. Wiseapp said that South Koreans are spending more time on social media, noting the usage time of Instagram increased by more than 5 billion minutes over the past year.

# *OpenAI's new demo made me cringe: Elon Musk*



Tesla and SpaceX CEO Elon Musk, on Tuesday, took potshots at Sam Altman-run OpenAI, saying their latest event to announce new AI models made him ìcringe.î Author Ashley St Clair posted on X that with OpenAI, humans can now let AI perceive reality in real time for them and ìwe may have just replaced the post-truth era with something much worse.îMusk, a staunch critic of OpenAI, replied that the companyís ìdemo made me cringe.î ìCanít wait for the Grok (xAI) version of this demo,î an X user commented. In March, the tech billionaire sued OpenAI and its CEO Altman, alleging that they breached their original contractual agreements around AI. OpenAI also hit back at the lawsuit, saying that in order to further the mission, ìMusk wanted us to merge with Tesla or he wanted full control.î Musk had left OpenAI, thinking the company would fail, according to Altman.At its live-streaming event on Monday, the ChatGPT developer unveiled GPT-4o ó the new flagship model that provides GPT-4-level intelligence but is ìmuch faster and improves on its capabilities across text, voice, and vision.î ChatGPT also now supports more than 50 languages.

# Ontario Strengthening Cyber Security and Protecting People Online

Today, the Ontario government is introducing legislation that, if passed, would provide new tools to prevent and respond to cyber security threats and safeguard critical public services, such as health care and education. By enhancing cyber resilience, the government is ensuring these essential sectors remain secure and operational, protecting the safety and privacy of all Ontarians while providing them with more connected and convenient services across government. The Strengthening Cyber Security and Building Trust in the Public Sector Act, 2024 would also strengthen



safeguards for childrenís personal information and lay the foundation for the ethical use of artificial intelligence in the public sector. ìOur government is helping ensure people and businesses in Ontario have the right protections in place to freely and safely participate and thrive online,î said Todd McCarthy, Minister of Public and Business Service Delivery. ìThis new legislation would provide the right tools to prevent and quickly respond to future cyber-attacks and privacy breaches, improve our digital delivery of services and provide a strong framework for artificial intelligence governance.î

# ਰੂਸੀ ਕਹਾਣੀ : ਤਿੰਨ ਸਾਧੂ

ਰੂਸ ਦੇ ਆਰਥੋਡੌਕਸ ਚਰਚ ਦੇ ਪਾਦਰੀ ਨੂੰ ਇਹ ਪਤਾ ਲੱਗਿਆ ਕਿ ਉਹਦੇ ਨਿਯਮਿਤ ਪ੍ਰਵਚਨ ਵਿੱਚ ਹਿੱਸਾ ਲੈਣ ਵਾਲੇ ਬਹੁਤ ਸਾਰੇ ਲੋਕ ਇੱਕ ਝੀਲ ਕੋਲ ਜਾਣ ਲੱਗ ਪਏ ਹਨ। ਉਸ ਝੀਲ ਵਿੱਚ ਇੱਕ ਛੋਟਾ ਜਿਹਾ ਟਾਪੂ ਸੀ, ਜਿੱਥੇ ਇੱਕ ਰੁੱਖ ਹੇਠਾਂ ਤਿੰਨ ਬੁੱਢੇ ਰਹਿੰਦੇ ਸਨ। ਪਿੰਡ ਵਾਲਿਆਂ ਦ ?ਾ ਕਹਿਣਾ ਸੀ ਕਿ ਉਹ ਤਿੰਨੇ ਸੰਤ ਹਨ। ਪਾਦਰੀ ਨੂੰ ਇਹ ਗੱਲ ਬੜੀ ਅਜੀਬ ਲੱਗੀ, ਕਿਉਂਕਿ ਈਸਾਈ ਧਰਮ ਵਿੱਚ ਸੰਤ ਸਿਰਫ ਉਨ੍ਹਾਂ ਨੂੰ ਹੀ ਮੰਨਿਆ ਜਾਂਦਾ ਸੀ ਜਿਨ੍ਹਾਂ ਨੂੰ ਵੈਟੀਕਨ ਵੱਲੋਂ ਪ੍ਰਮਾਣਿਕ ਤੌਰ ਤੇ ਸੰਤ ਘੋਸ਼ਿਤ ਕੀਤਾ ਗਿਆ ਹੋਵੇ।

ਪਾਦਰੀ ਗੁੱਸੇ ਵਿੱਚ ਬੋਲਿਆ, ÷ਉਹ ਸੰਤ ਕਿਵੇਂ ਹੋ ਸਕਦੇ ਹਨ ? ਮੈਂ ਸਾਲਾਂ ਤੋਂ ਕਿਸੇ ਨੂੰ ਵੀ ਸੰਤਤਾਈ ਦੀ ਪਦਵੀ ਲਈ ਐਲਾਨ ਨਹੀਂ ਕੀਤਾ ਹੈ। ਉਹ ਕੌਣ ਹਨ ਤੇ ਕਿੱਥੋਂ ਆਏ ਹਨ ?÷ ਪਰ ਆਮ ਲੋਕ ਉਨ੍ਹਾਂ ਦੇ ਦਰਸ਼ਨਾਂ ਲਈ ਜਾਂਦੇ ਰਹੇ ਅਤੇ ਚਰਚ ਵਿੱਚ ਆਉਣ ਵਾਲਿਆਂ ਦੀ ਗਿਣਤੀ ਘੱਟ ਹੁੰਦੀ ਗਈ।

ਆਖਰਕਾਰ ਪਾਦਰੀ ਨੇ ਇਹ ਫੈਸਲਾ ਕੀਤਾ ਕਿ ਉਹ ਉਨ੍ਹਾਂ ਤਿੰਨਾਂ ਨੂੰ ਵੇਖਣ ਜਾਵੇਗਾ। ਉਹ ਕਿਸ਼ਤੀ ਵਿੱਚ ਬੈਠ ਕੇ ਟਾਪੂ ਵੱਲ ਗਿਆ। ਉਹ ਤਿੰਨੇ ਉੱਥੇ ਮਿਲ ਗਏ। ਉਹ ਬਹੁਤ ਸਧਾਰਨ, ਅਨਪੜ੍ਹ ਅਤੇ ਪੇਂਡੂਆਂ ਵਰਗੇ ਸਨ। ਦੂਜੇ ਪਾਸੇ ਪਾਦਰੀ ਬਹੁਤ ਸ਼ਕਤੀਸ਼ਾਲੀ ਆਦਮੀ ਸੀ। ਰੂਸ ਦੇ ਜ਼ਾਰ (ਬਾਦਸ਼ਾਹ) ਪਿੱਛੋਂ ਉਸ ਖੇਤਰ ਦਾ ਸਭ ਤੋਂ ਮਹੱਤਵਪੂਰਣ ਆਦਮੀ ਸੀ ਉਹ। ਉਨ੍ਹਾਂ ਤਿੰਨਾਂ ਨੂੰ ਵੇਖ ਕੇ ਉਹ ਖਿਝ ਗਿਆ, ÷ਤੁਹਾਨੂੰ ਸੰਤ ਕੀਹਨੇ ਬਣਾਇਐ ?÷ ਉਹਨੇ ਪੁੱਛਿਆ। ਉਹ ਤਿੰਨੇ ਇੱਕ-ਦੂਜੇ ਦਾ ਮੂੰਹ ਵੇਖਣ ਲੱਗੇ। ਉਨ੍ਹਾਂ @ਚੋਂ ਇੱਕ ਨੇ ਕਿਹਾ, ÷ਕਿਸੇ ਨੇ ਨਹੀਂ। ਅਸੀਂ ਖੁਦ ਨੂੰ ਸੰਤ ਨਹੀਂ ਮੰਨਦੇ। ਅਸੀਂ ਤਾਂ ਸਧਾਰਨ ਬੰਦੇ ਹਾਂ।÷

÷ਤਾਂ ਫਿਰ ਤੁਹਾਨੂੰ ਵੇਖਣ ਲਈ ਇੰਨੇ ਸਾਰੇ ਲੋਕ ਕਿਉਂ ਆ ਰਹੇ ਹਨ ?÷

÷ਇਹ ਤਾਂ ਤੁਸੀਂ ਉਨ੍ਹਾਂ ਤੋਂ ਹੀ ਪੁੱਛੋ।÷ ਉਹ ਬੋਲੇ।

÷ਕੀ ਤੁਹਾਨੂੰ ਚਰਚ ਦੀ ਪ੍ਰਮਾਣਿਕ ਪ੍ਰਾਰਥਨਾ ਆਉਂਦੀ ਹੈ ?÷

÷ਨਹੀਂ, ਅਸੀਂ ਤਾਂ ਅਨਪੜ੍ਹ ਹਾਂ ਤੇ ਉਹ ਪ੍ਰਾਰਥਨਾ ਬਹੁਤ ਲੰਮੀ ਹੈ। ਅਸੀਂ ਉਹਨੂੰ ਯਾਦ ਨਹੀਂ ਕਰ ਸਕੇ।÷

÷ਤਾਂ ਫਿਰ ਤੁਸੀਂ ਕਿਹੜੀ ਪ੍ਰਾਰਥਨਾ ਪੜ੍ਹਦੇ ਹੋ ?÷

ਉਨ੍ਹਾਂ ਤਿੰਨਾਂ ਨੇ ਇੱਕ-ਦੂਜੇ ਵੱਲ ਵੇਖਿਆ। ÷ਤੂੰ ਦੱਸ ਦੇ।÷ ਇੱਕ ਨੇ ਕਿਹਾ।

÷ਤੂੰ ਹੀ ਦੱਸ ਦੇ ਯਾਰ !÷ ਉਹ ਆਪਸ ਵਿੱਚ ਕਹਿੰਦੇ ਰਹੇ।

ਪਾਦਰੀ ਖਿਝ ਗਿਆ। @ਇਨ੍ਹਾਂ ਲੋਕਾਂ ਨੂੰ ਪ੍ਰਾਰਥਨਾ ਕਰਨੀ ਵੀ ਨਹੀਂ ਆਉਂਦੀ। ਕਿਹੋ ਜਿਹੇ ਸੰਤ ਹਨ ਇਹ !@ ਉਹਨੇ ਮਨ ਵਿੱਚ ਸੋਚਿਆ। ਉਹ ਬੋਲਿਆ, ÷ਤੁਹਾਡੇ @ਚੋਂ ਕੋਈ ਵੀ ਸੁਣਾ ਸਕਦਾ ਹੈ ! ਛੇਤੀ ਬੋਲੋ।

ਉਹ ਬੋਲੇ, ÷ਅਸੀਂ ਤੁਹਾਡੇ ਸਾਹਮਣੇ ਬਹੁਤ ਹੀ ਸਧਾਰਨ ਆਦਮੀ ਹਾਂ। ਅਸੀਂ ਆਪ ਹੀ ਇੱਕ ਪ੍ਰਾਰਥਨਾ ਬਣਾਈ ਹੈ ਪਰ ਸਾਨੂੰ ਇਹ ਨਹੀਂ ਪਤਾ ਕਿ ਇਸ ਪ੍ਰਾਰਥਨਾ ਲਈ ਚਰਚ ਦੀ ਮਨਜ਼ੂਰੀ ਲੈਣੀ ਵੀ ਜ਼ਰੂਰੀ ਹੈ ? ਸਾਡੀ ਪ੍ਰਾਰਥਨਾ ਬਹੁਤ ਹੀ ਸਧਾਰਨ ਹੈ। ਸਾਨੂੰ ਮਾਫ਼ ਕਰ ਦੇਣਾ ਕਿ ਅਸੀਂ ਤੁਹਾਡੀ ਮਨਜ਼ੂਰੀ ਨਹੀਂ ਲੈ ਸਕੇ। ਅਸੀਂ ਇੰਨੇ ਸੰਕੋਚੀ ਹਾਂ ਕਿ ਅਸੀਂ ਆ ਹੀ ਨਹੀਂ ਸਕੇ।÷

÷ਸਾਡੀ ਪ੍ਰਾਰਥਨਾ ਹੈ- @ਈਸ਼ਵਰ ਤਿੰਨ ਹਨ ਅਤੇ ਅਸੀਂ ਵੀ ਤਿੰਨ ਹਾਂ। ਤੁਸੀਂ ਤਿੰਨ ਹੋ ਅਤੇ ਅਸੀਂ ਤਿੰਨ ਹਾਂ। ਸਾਡੇ ਤੇ ਦਇਆ ਕਰੋ।@ ਬਸ

*** ਮੂਲ : ਲੀਓ ਟਾਲਸਟਾਏ**
*** ਅਨੁ : ਪ੍ਰੋ. ਨਵ ਸੰਗੀਤ ਸਿੰਘ**

ਇਹੋ ਹੈ ਸਾਡੀ ਪ੍ਰਾਰਥਨਾ।÷

ਪਾਦਰੀ ਗੁੱਸੇ ਵਿੱਚ ਬੋਲਿਆ, ÷ਇਹ ਪ੍ਰਾਰਥਨਾ ਨਹੀਂ ਹੈ। ਮੈਂ ਅਜਿਹੀ ਪ੍ਰਾਰਥਨਾ ਕਦੇ ਨਹੀਂ ਸੁਣੀ।÷

ਉਹ ਬੋਲੇ, ÷ਤੁਸੀਂ ਸਾਨੂੰ ਸੱਚੀ ਪ੍ਰਾਰਥਨਾ ਕਰਨੀ ਸਿਖਾ ਦਿਓ। ਅਸੀਂ ਤਾਂ ਹੁਣ ਤੱਕ ਇਹੋ ਸਮਝਦੇ ਸਾਂ ਕਿ ਸਾਡੀ ਪ੍ਰਾਰਥਨਾ ਵਿੱਚ ਕੋਈ ਕਮੀ ਨਹੀਂ ਹੈ- @ਈਸ਼ਵਰ ਤਿੰਨ ਹਨ ਅਤੇ ਅਸੀਂ ਵੀ ਤਿੰਨ ਹਾਂ@- ਹੋਰ ਭਲਾ ਕੀ ਚਾਹੀਦਾ ਹੈ ? ਬਸ ਈਸ਼ਵਰ ਦੀ ਕਿਰਪਾ ਹੀ ਤਾਂ ਚਾਹੀਦੀ ਹੈ।÷

ਉਨ੍ਹਾਂ ਦੇ ਕਹਿਣ ਤੇ ਪਾਦਰੀ ਨੇ ਉਨ੍ਹਾਂ ਨੂੰ ਚਰਚ ਦੀ ਪ੍ਰਵਾਣਿਤ ਪ੍ਰਾਰਥਨਾ ਦੱਸੀ ਅਤੇ ਉਹਨੂੰ ਪੜ੍ਹਨ ਦਾ ਤਰੀਕਾ ਵੀ ਦੱਸਿਆ। ਪ੍ਰਾਰਥਨਾ ਕਾਫੀ ਲੰਮੀ ਸੀ ਅਤੇ ਉਹਦੇ ਖਤਮ ਹੋਣ ਤੇ ਉਨ੍ਹਾਂ @ਚੋਂ ਇੱਕ ਨੇ ਕਿਹਾ, ÷ਅਸੀਂ ਸ਼ੁਰੂ ਦਾ ਹਿੱਸਾ ਭੁੱਲ ਗਏ ਹਾਂ।÷ ਪਾਦਰੀ ਨੇ ਉਨ੍ਹਾਂ ਨੂੰ ਦੁਬਾਰਾ ਦੱਸਿਆ। ਫਿਰ ਉਹ ਆਖਰੀ ਹਿੱਸਾ ਭੁੱਲ ਗਏ।

ਪਾਦਰੀ ਖਿਝ ਗਿਆ ਅਤੇ ਬੋਲਿਆ, ÷ਤੁਸੀਂ ਕਿਹੋ ਜਿਹੇ ਬੰਦੇ ਹੋ ? ਤੁਸੀਂ ਇੱਕ ਛੋਟੀ ਜਿਹੀ ਪ੍ਰਾਰਥਨਾ ਵੀ ਯਾਦ ਨਹੀਂ ਕਰ ਸਕਦੇ !÷

ਉਹ ਬੋਲੇ, ÷ਮਾਫ਼ ਕਰਨਾ। ਪਰ ਅਸੀਂ ਅਨਪੜ੍ਹ ਹਾਂ। ਅਤੇ ਸਾਡੇ ਲਈ ਇਹਨੂੰ ਯਾਦ ਕਰਨਾ ਕੁਝ ਮੁਸ਼ਕਿਲ ਹੈ। ਇਸ ਵਿੱਚ ਵੱਡੇ ਵੱਡੇ ਸ਼ਬਦ ਹਨ, ਕਿਰਪਾ ਕਰਕੇ ਧੀਰਜ ਨਾਲ ਸਮਝਾਓ। ਜੇ ਤੁਸੀਂ ਇਹਨੂੰ ਦੋ-ਤਿੰਨ ਵਾਰੀ ਸੁਣਾ ਦਿਓਗੇ ਤਾਂ ਸ਼ਾਇਦ ਇਹ ਸਾਨੂੰ ਯਾਦ ਹੋ ਜਾਏ।÷ ਪਾਦਰੀ ਨੇ ਉਨ੍ਹਾਂ ਨੂੰ ਤਿੰਨ ਵਾਰੀ ਪ੍ਰਾਰਥਨਾ ਸੁਣਾਈ। ਉਹ ਬੋਲੇ, ÷ਠੀਕ ਹੈ, ਹੁਣ ਅਸੀਂ ਇਹੋ ਪ੍ਰਾਰਥਨਾ ਕਰਾਂਗੇ। ਹਾਲਾਂਕਿ ਹੋ ਸਕਦਾ ਹੈ ਕਿ ਅਸੀਂ ਇਹਦਾ ਕੁਝ ਹਿੱਸਾ ਬੋਲਣਾ ਭੁੱਲ ਜਾਈਏ, ਪਰ ਅਸੀਂ ਪੂਰੀ ਕੋਸ਼ਿਸ਼ ਕਰਾਂਗੇ।÷

ਪਾਦਰੀ ਸੰਤੁਸ਼ਟ ਸੀ ਕਿ ਹੁਣ ਉਹ ਲੋਕਾਂ ਨੂੰ ਜਾ ਕੇ ਦੱਸੇਗਾ ਕਿ ਉਹਦਾ ਵਾਹ ਕਿਹੋ ਜਿਹੇ ਬੇਵਕੂਫ਼ਾਂ ਨਾਲ ਪਿਆ ਸੀ। ਉਹਨੇ ਮਨ ਵਿੱਚ ਸੋਚਿਆ @ਹੁਣ ਲੋਕਾਂ ਨੂੰ ਜਾ ਕੇ ਦੱਸਾਂਗਾ ਕਿ ਜਿਨ੍ਹਾਂ ਨੂੰ ਉਹ ਸੰਤ ਕਹਿੰਦੇ ਹਨ, ਉਨ੍ਹਾਂ ਨੂੰ ਤਾਂ ਧਰਮ ਦਾ ੳ, ਅ ਵੀ ਨਹੀਂ ਪਤਾ। ਅਤੇ ਉਹ ਇਹੋ ਜਿਹੇ ਮੂਰਖਾਂ ਦੇ ਦਰਸ਼ਨ ਕਰਨ ਜਾਂਦੇ ਹਨ।@

ਇਹ ਸੋਚ ਕੇ ਉਹ ਕਿਸ਼ਤੀ ਵਿੱਚ ਜਾ ਕੇ ਬਹਿ ਗਿਆ। ਕਿਸ਼ਤੀ ਚੱਲਣ ਲੱਗੀ ਅਤੇ ਉਹ ਅਜੇ ਝੀਲ ਦੇ ਅੱਧ ਵਿੱਚ ਹੀ ਸੀ ਕਿ ਉਹਦੇ ਪਿੱਛੇ ਉਨ੍ਹਾਂ ਤਿੰਨਾਂ ਦੀ ਅਵਾਜ਼ ਸੁਣਾਈ ਦਿੱਤੀ। ਉਹਨੇ ਮੁੜ ਕੇ ਵੇਖਿਆ, ਉਹ ਤਿੰਨੇ ਪਾਣੀ ਤੇ ਦੌੜਦੇ ਹੋਏ ਕਿਸ਼ਤੀ ਵੱਲ ਆ ਰਹੇ ਸਨ। ਉਹਨੂੰ ਆਪਣੀਆਂ ਅੱਖਾਂ ਤੇ ਯਕੀਨ ਨਾ ਹੋਇਆ। ਉਹ ਪਾਣੀ ਤੇ ਦੌੜਦੇ ਹੋਏ ਆਏ ਅਤੇ ਕਿਸ਼ਤੀ ਕੋਲ ਆ ਕੇ ਪਾਣੀ ਵਿੱਚ ਖੜ੍ਹੇ ਹੋ ਕੇ ਬੋਲੇ, ÷ਖਿਮਾ ਕਰਨਾ, ਅਸੀਂ ਤੁਹਾਨੂੰ ਤਕਲੀਫ਼ ਦਿੱਤੀ। ਕਿਰਪਾ ਕਰਕੇ ਚਰਚ ਦੀ ਪ੍ਰਾਰਥਨਾ ਇੱਕ ਵਾਰ ਫੇਰ ਦੁਹਰਾ ਦਿਓ, ਅਸੀਂ ਕੁਝ ਭੁੱਲ ਗਏ ਹਾਂ।÷

ਪਾਦਰੀ ਨੇ ਕਿਹਾ, ÷ਤੁਸੀਂ ਆਪਣੀ ਪ੍ਰਾਰਥਨਾ ਹੀ ਪੜ੍ਹੋ। ਮੈਂ ਤੁਹਾਨੂੰ ਜੋ ਕੁਝ ਵੀ ਦੱਸਿਆ ਸੀ, ਉਸ ਤੇ ਧਿਆਨ ਨਾ ਦਿਓ। ਮੈਨੂੰ ਮਾਫ਼ ਕਰ ਦਿਓ, ਮੈਂ ਬਹੁਤ ਹੰਕਾਰੀ ਹਾਂ। ਮੈਂ ਤੁਹਾਡੀ ਸਰਲਤਾ ਅਤੇ ਪਵਿੱਤਰਤਾ ਨੂੰ ਛੋਹ ਵੀ ਨਹੀਂ ਸਕਦਾ। ਜਾਓ, ਚਲੇ ਜਾਓ !÷

ਪਰ ਉਹ ਅੜ ਗਏ। ÷ਨਹੀਂ, ਅਜਿਹਾ ਨਾ ਕਹੋ। ਤੁਸੀਂ ਇੰਨੀ ਦੂਰੋਂ ਸਾਡੇ ਲਈ ਆਏ, ਬਸ ਇੱਕ ਵਾਰ ਹੋਰ ਦੁਹਰਾ ਦਿਓ। ਅਸੀਂ ਭੁੱਲ ਗਏ ਹਾਂ। ਪਰ ਐਤਕੀ ਕੋਸ਼ਿਸ਼ ਕਰਾਂਗੇ ਕਿ ਇਹਨੂੰ ਚੰਗੀ ਤਰ੍ਹਾਂ ਯਾਦ ਕਰ ਲਈਏ।÷

ਪਰ ਪਾਦਰੀ ਨੇ ਕਿਹਾ, ÷ਨਹੀਂ ਭਰਾਵੋ ! ਮੈਂ ਖੁਦ ਸਾਰੀ ਜ਼ਿੰਦਗੀ ਆਪਣੀ ਪ੍ਰਾਰਥਨਾ ਨੂੰ ਪੜ੍ਹਦਾ ਰਿਹਾ, ਪਰ ਰੱਬ ਨੇ ਉਹਨੂੰ ਕਦੇ ਨਹੀਂ ਸੁਣਿਆ। ਅਸੀਂ ਤਾਂ ਬਾਈਬਲ ਵਿੱਚ ਹੀ ਇਹ ਪੜ੍ਹਦੇ ਸਾਂ ਕਿ ਈਸਾ ਮਸੀਹ ਪਾਣੀ ਤੇ ਚੱਲ ਸਕਦੇ ਸਨ ਪਰ ਅਸੀਂ ਹਮੇਸ਼ਾ ਉਸ ਤੇ ਸ਼ੱਕ ਕਰਦੇ ਰਹੇ। ਅੱਜ ਤੁਹਾਨੂੰ ਪਾਣੀ ਤੇ ਚੱਲਦੇ ਵੇਖ ਕੇ ਮੈਨੂੰ ਹੁਣ ਈਸਾ ਮਸੀਹ ਤੇ ਵਿਸ਼ਵਾਸ ਹੋ ਗਿਆ ਹੈ। ਤੁਸੀਂ ਚਲੇ ਜਾਓ। ਤੁਹਾਡੀ ਪ੍ਰਾਰਥਨਾ ਸੰਪੂਰਨ ਹੈ। ਤੁਹਾਨੂੰ ਕੁਝ ਵੀ ਸਿੱਖਣ ਦੀ ਲੋੜ ਨਹੀਂ ਹੈ।

# ਹਾਏ ਉਏ ਮਰ ਗਏ, ਵੱਟਸਐਪ ਤੇ ਫੇਸਬੁੱਕ ਬੰਦ ਹੋ ਗਏ !

4 ਅਕਤੂਬਰ ਦੀ ਰਾਤ ਨੂੰ 10 11 ਵਜੇ ਸੰਸਾਰ ਦੇ ਅਨੇਕਾਂ ਦੇਸ਼ਾਂ ਵਿੱਚ ਅਚਾਨਕ ਫੇਸ ਬੁੱਕ, ਵੱਟਸਐਪ ਤੇ ਇੰਸਟਾਗਰਾਮ 6 ਘੰਟੇ ਲਈ ਬੰਦ ਹੋ ਜਾਣ ਕਾਰਨ ਕਰੋੜਾਂ ਉਪਭੋਗਤਾਵਾਂ ਵਿੱਚ ਹੜਕੰਪ ਮੱਚ ਗਿਆ। ਪੰਜਾਬ ਵਿੱਚ ਤਾਂ ਉਹ ਹਾਲਤ ਹੋ ਗਈ ਜਿਵੇਂ ਪਾਕਿਸਤਾਨ ਨੇ ਹਵਾਈ ਹਮਲਾ ਕਰ ਦਿੱਤਾ ਹੋਵੇ। ਸਾਰੇ ਇੱਕ ਦੂਸਰੇ ਨੂੰ ਫੋਨ ਕਰ ਕਰ ਕੇ ਪੁੱਛਣ ਲੱਗੇ ਕਿ ਤੇਰਾ ਵੱਟਸਐਪ ਚੱਲਦਾ ਹੈ ਕਿ ਨਹੀਂ ? ਰਾਤ ਦੇ 12 ਕੁ ਵਜੇ ਮੇਰੇ ਇੱਕ ਟੱਲੀ ਹੋਏ ਦੋਸਤ ਦਾ ਫੋਨ ਆਇਆ ਕਿ ਤੇਰਾ ਵੱਟਸਐਪ ਚਲਦਾ ਹੈ ? ਚੰਗੀ ਭਲੀ ਨੀਂਦ ਖਰਾਬ ਹੋ ਜਾਣ ਕਾਰਨ ਮੈਂ ਖਿਝ ਕੇ ਜਵਾਬ ਦਿੱਤਾ ਕਿ ਜੇ ਤੇਰਾ ਨਹੀਂ ਚੱਲਦਾ ਤਾਂ ਮੇਰਾ ਕਿਵੇਂ ਚੱਲ ਸਕਦਾ ਹੈ ? ਉਸ ਨੇ ਕਿਹਾ ਕਿ ਸਾਰੇ ਪਾਸੇ ਇਹ ਗੱਲ ਫੈਲੀ ਹੋਈ ਹੈ ਕਿ ਸੈਂਟਰ ਸਰਕਾਰ ਕੁਝ ਐਕਸ਼ਨ ਲੈਣ ਲੱਗੀ ਹੈ, ਇਸ ਲਈ ਆਮ ਜਨਤਾ ਦਾ ਸੋਸ਼ਲ ਮੀਡੀਆ ਬੰਦ ਕਰ ਦਿੱਤਾ ਗਿਆ ਹੈ ਤੇ ਸਿਰਫ ਪੁਲਿਸ ਤੇ ਫੌਜ ਦਾ ਚੱਲ ਰਿਹਾ ਹੈ। ਅਗਲੇ ਦਿਨ ਵੱਟਸਐਪ ਚੱਲਣ ਤੋਂ ਬਾਅਦ ਪਤਾ ਲੱਗਾ ਕਿ ਸੋਸ਼ਲ ਮੀਡੀਆ 'ਤੇ ਇਹ ਅਫਵਾਹ ਜੋਰ ਸ਼ੋਰ ਨਾਲ ਚੱਲ ਰਹੀ ਹੈ ਕਿ ਸੈਂਟਰ ਸਰਕਾਰ ਕਿਸਾਨ ਅੰਦੋਲਨ ਦੇ ਖਿਲਾਫ ਦੋ ਚਾਰ ਦਿਨਾਂ ਵਿੱਚ ਕਸ਼ਮੀਰ ਵਰਗਾ ਕੋਈ ਸਖਤ ਐਕਸ਼ਨ ਲੈਣ ਜਾ ਰਹੀ ਹੈ, ਇਸ ਲਈ ਸੋਸ਼ਲ਼ ਮੀਡੀਆ ਬੰਦ ਕਰ ਕੇ ਰਿਹਰਸਲ ਕਰ ਰਹੀ ਸੀ। ਸਵੇਰੇ ਅਖਬਾਰਾਂ ਵਿੱਚ ਸੱਚਾਈ ਪੜ੍ਹ ਕੇ ਲੋਕਾਂ ਦੇ ਸਾਹ ਵਿੱਚ ਸਾਹ ਆਇਆ ਕਿ ਇਹ ਕੋਈ ਸਰਕਾਰ ਦੀ ਸਾਜ਼ਿਸ਼ ਨਹੀਂ ਸੀ, ਸਗੋਂ ਵੱਟਸਐਪ, ਫੇਸਬੁੱਕ ਤੇ ਇੰਸਟਾਗਰਾਮ ਦੇ ਮਾਲਕ ਮਾਰਕ ਜ਼ੁੱਕਨਬਰਗ ਦਾ ਸਿੰਘਾਸਣ ਹਿੱਲ ਗਿਆ ਹੈ। ਉਹ ਸਿਰਫ 6 ਘੰਟਿਆ ਵਿੱਚ ਅਰਬਾਂ ਡਾਲਰ ਦਾ ਘਾਟਾ ਖਾ ਕੇ ਦੁਨੀਆਂ ਦੇ ਨੰਬਰ ਇੱਕ ਅਮੀਰ ਆਦਮੀ ਦੇ ਅਹੁਦੇ ਤੋਂ ਖਿਸਕ ਕੇ ਦੂਸਰੇ ਨੰਬਰ 'ਤੇ ਆ ਗਿਆ ਹੈ।




ਸੋਸ਼ਲ ਮੀਡੀਆ ਨੇ ਲੋਕਾਂ ਦੇ ਦਿਲੋ ਦਿਮਾਗ 'ਤੇ ਕਬਜ਼ਾ ਜਮਾ ਲਿਆ ਹੈ। ਅਸੀਂ ਇੱਕ ਤਰਾਂ ਨਾਲ ਇਸ ਦੇ ਮਾਨਸਿਕ ਗੁਲਾਮ ਬਣ ਗਏ ਹਾਂ। ਲੱਗਦਾ ਹੈ ਕਿ ਜੇ ਕਿਤੇ ਅੰਗਰੇਜ਼ ਰਾਜ ਸਮੇਂ ਸੋਸ਼ਲ਼ ਮੀਡੀਆ ਅਤੇ ਗੋਦੀ ਨਿਊਜ਼ ਚੈਨਲ ਹੁੰਦੇ ਤਾਂ ਅਜ਼ਾਦੀ ਅਜੇ ਹੋਰ 100 ਸਾਲ ਨਹੀਂ ਸੀ ਆਉਣੀ। ਕਿਉਂਕਿ ਇਨ੍ਹਾਂ ਨੇ ਜਨਤਾ ਨੂੰ ਅੰਗਰੇਜ਼ ਰਾਜ ਦੇ ਫਾਇਦੇ ਗਿਣਾ ਗਿਣਾ ਕੇ ਸੁਲਾਈ ਰੱਖਣਾ ਸੀ। ਸੋਸ਼ਲ਼ ਮੀਡੀਆ ਦੀ ਵਰਤੋਂ, ਖਾਸ ਤੌਰ 'ਤੇ ਭਾਰਤ ਵਿੱਚ 10% ਵੀ ਚੰਗੇ ਕੰਮਾਂ ਲਈ ਨਹੀਂ ਹੁੰਦੀ। ਇਸ ਦੀ ਜਿਆਦਾਤਰ ਵਰਤੋਂ ਧਾਰਮਿਕ ਨਫਰਤ ਫੈਲਾਉਣ, ਰਾਜਨੀਤਕ ਏਜੰਡਾ ਵਧਾਉਣ, ਅਫਵਾਹਾਂ ਫੈਲਾਉਣ, ਦੰਗੇ ਭੜਕਾਉਣ, ਅਸ਼ਲੀਲ ਚੁਟਕਲੇ ਅਤੇ ਪੋਰਨ ਸ਼ੇਅਰ ਕਰਨ ਅਤੇ ਸਭ ਤੋਂ ਵੱਧ ਆਸ਼ਕੀ ਮਾਸ਼ੂਕੀ ਲਈ ਕੀਤੀ ਜਾਂਦੀ ਹੈ। 2020 ਦੇ ਸਰਵੇ ਅਨੁਸਾਰ ਸੋਸ਼ਲ਼ ਮੀਡੀਆ 'ਤੇ ਪੋਰਨ ਵੇਖਣ ਵਿੱਚ ਸੰਸਾਰ ਪੱਧਰ 'ਤੇ ਭਾਰਤ ਪੰਜਵੇਂ ਸਥਾਨ ਅਤੇ ਸਾਡਾ ਗੁਆਂਢੀ ਦੇਸ਼ ਪਾਕਿਸਤਾਨ ਪਹਿਲੇ ਨੰਬਰ 'ਤੇ ਹੈ। ਸੋਸ਼ਲ਼ ਮੀਡੀਆ ਨਾਲ ਸੈਂਕੜੇ ਕਰੋੜ ਲੋਕ ਜੁੜੇ ਹੋਏ ਹਨ। ਸਭ ਤੋਂ ਵੱਧ ਵਰਤੀਆਂ ਜਾਣ ਵਾਲੀਆਂ ਐਪਸ ਵਿੱਚੋਂ ਫੇਸਬੁੱਕ ਦੀ ਇਸ ਵੇਲੇ ਕਰੀਬ 30 ਕਰੋੜ, ਵੱਟਸਐੱਪ 25 ਕਰੋੜ, ਮੈਸੇਂਜਰ 22 ਕਰੋੜ, ਇੰਸਟਾਗਰਾਮ 50 ਕਰੋੜ, ਟਿਕ ਟਾਕ 20 ਕਰੋੜ, ਟਵਿੱਟਰ 42 ਕਰੋੜ, ਸਨੈਪਚੈਟ 31 ਕਰੋੜ ਅਤੇ ਯੂ ਟਿਊਬ ਦੀ ਕਰੀਬ 62 ਕਰੋੜ ਲੋਕ ਵਰਤੋਂ ਕਰ ਰਹੇ ਹਨ।

ਭਾਰਤ ਵਿੱਚ 44 ਕਰੋੜ ਦੇ ਲਗਭਗ ਸੋਸ਼ਲ਼ ਮੀਡੀਆਂ ਯੂਜ਼ਰ ਹਨ ਤੇ ਇੱਕ ਰਿਪੋਰਟ ਮੁਤਾਬਕ ਭਾਰਤੀ ਯੂਜ਼ਰ ਔਸਤਨ ਢਾਈ ਘੰਟੇ ਰੋਜ਼ਾਨਾ ਸੋਸ਼ਲ ਮੀਡੀਆ 'ਤੇ ਬਿਤਾਉਂਦੇ ਹਨ। ਭਾਰਤ ਦੇ ਨੀਤੀ ਘਾੜਿਆਂ ਸਾਹਮਣੇ ਸੋਸ਼ਲ ਮੀਡੀਆ ਦੀ ਦੁਰਵਰਤੋਂ ਨੂੰ ਕਾਬੂ ਕਰਨਾ ਇੱਕ ਵੱਡੀ ਚੁਣੌਤੀ ਬਣ ਚੁੱਕੀ ਹੈ ਤੇ ਇਸ ਦਾ ਮੁਕਾਬਲਾ ਕਰਨ ਲਈ ਕਈ ਸਖਤ ਕਾਨੂੰਨ ਪਾਰਲੀਮੈਂਟ ਪਾਸ ਕਰ ਰਹੀ ਹੈ। ਪਿਛਲੇ ਸਾਲ ਦੱਖਣੀ ਭਾਰਤ ਦੀ ਇੱਕ ਯੂਨੀਵਰਸਿਟੀ ਦੇ ਸਾਈਕੋਲੌਜੀ ਵਿਭਾਗ ਨੇ ਵਿਦਿਆਰਥੀਆਂ ਦੇ ਸੋਸ਼ਲ਼ ਮੀਡੀਆ ਨਾਲ ਜੁੜਾਵ ਨੂੰ ਚੈੱਕ ਕਰਨ ਲਈ ਇੱਕ ਪ੍ਰਯੋਗ ਕੀਤਾ ਸੀ। ਉਨ੍ਹਾਂ ਨੇ ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਦੇ ਖਾਣੇ ਦੀ ਗੁਣਵਤਾ ਘੱਟ ਕਰਨੀ ਸ਼ੁਰੂ ਕਰ ਦਿੱਤੀ। ਵਿਦਿਆਰਥੀਆਂ ਵਿੱਚ ਥੋੜ੍ਹੀ ਬਹੁਤੀ ਸੁਗਬਗਾਹਟ ਹੋਈ ਤੇ ਕਈਆਂ ਨੇ ਲਿਖਤੀ ਸ਼ਿਕਾਇਤ ਵੀ ਕੀਤੀ। ਦੋ ਚਾਰ ਦਿਨ ਬਾਅਦ ਕਦੀ ਬਰੇਫਾਸਟ, ਕਦੇ ਲੰਚ ਅਤੇ ਕਦੀ ਡਿਨਰ ਦੇ ਨਾਗੇ ਪਾਉਣੇ ਸ਼ੁਰੂ ਕਰ ਦਿੱਤੇ। ਫਿਰ ਵੀ ਵਿਦਿਆਰਥੀਆਂ ਨੇ ਕੋਈ ਬਹੁਤਾ ਧਿਆਨ ਨਾ ਦਿੱਤਾ। ਇੱਕ ਦਿਹਾੜੇ ਰਾਤ ਨੂੰ 8 ਵਜੇ ਅਚਾਨਕ ਹੋਸਟਲ ਦਾ ਵਾਈ ਫਾਈ ਬੰਦ ਕਰ ਦਿੱਤਾ ਗਿਆ। ਸਾਰੇ ਵਿਦਿਆਰਥੀ ਹੋਸਟਲ ਦੇ ਕਮਰਿਆਂ 'ਚੋਂ ਬਾਹਰ ਨਿਕਲ ਆਏ ਤੇ ਵਾਰਡਨ ਦੇ ਖਿਲਾਫ ਰੌਲਾ ਰੱਪਾ ਪਾਉਣਾ ਸ਼ੁਰੂ ਕਰ ਦਿੱਤਾ। ਵਾਰਡਨ ਨੇ ਬਹਾਨੇ ਵਗੈਰਾ ਮਾਰ ਕੇ ਦੋ ਚਾਰ ਘੰਟੇ ਬਾਅਦ ਵਾਈ ਫਾਈ ਚਲਾ ਦਿੱਤਾ। ਫਿਰ ਤਾਂ ਇਹ ਰੋਜ ਦਾ ਵਰਤਾਰਾ ਹੋ ਗਿਆ, ਕਦੇ ਇੱਕ ਘੰਟਾ ਤੇ ਕਦੇ ਦੋ ਘੰਟੇ ਲਈ ਵਾਈ ਫਾਈ ਬੰਦ ਕਰ ਦਿੱਤਾ ਜਾਣ ਲੱਗਾ। ਸਿਰਫ ਚਾਰ ਦਿਨਾਂ ਬਾਅਦ ਹੀ ਵਿਦਿਆਰਥੀਆਂ ਨੇ ਹੜਤਾਲ ਕਰ ਦਿੱਤੀ ਤੇ ਵਾਈਸ ਚਾਂਸਲਰ ਦੇ ਦਫਤਰ ਨੂੰ ਘੇਰ ਲਿਆ। ਸਾਬਤ ਹੋ ਗਿਆ ਕਿ ਨਵੀਂ ਪੀੜ੍ਹੀ ਨੂੰ ਰੋਟੀ ਤੋਂ ਜਿਆਦਾ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦੀ ਜਰੂਰਤ ਹੈ।

ਕਈ ਸਾਲ ਪਹਿਲਾਂ ਮੈਂ ਕਿਸੇ ਜਿਲ੍ਹੇ ਵਿੱਚ ਐੱਸ.ਪੀ. ਡਿਟੈੱਕਟਿਵ ਲੱਗਾ ਹੋਇਆ ਸੀ ਕਿ ਇੱਕ ਪਿੰਡ ਦੀ ਫਿਰਨੀ 'ਤੇ ਕਤਲ ਹੋ ਗਿਆ। ਕਤਲ ਰਾਤ ਦੇ 9 ਕੁ ਵਜੇ ਹੋਇਆ ਸੀ, ਇਸ ਲਈ ਅਸੀਂ ਰੂਟੀਨ ਵਿੱਚ ਪਿੰਡ ਵਾਲਿਆਂ ਤੋਂ ਵੀ ਪੁੱਛ ਗਿੱਛ ਕਰਨੀ ਸ਼ੁਰੂ ਕਰ ਦਿੱਤੀ ਕਿ ਸ਼ਾਇਦ ਕਿਸੇ ਨੇ ਕਤਲ ਹੁੰਦਾ ਵੇਖਿਆ ਹੋਵੇ। ਪਰ ਸਾਰੇ ਮੁੱਕਰ ਗਏ ਕਿ ਕਿਸੇ ਨੇ ਕੁਝ ਨਹੀਂ ਵੇਖਿਆ। ਪਿੰਡ ਦੀ ਪੰਚਾਇਤ ਮੇਰੇ ਕੋਲ ਆਈ ਤੇ ਸਰਪੰਚ ਨੇ ਦੱਸਿਆ ਕਿ ਜ਼ਨਾਬ ਪਿੰਡਾਂ ਵਿੱਚ ਤਾਂ ਲੋਕ 8 9 ਵਜੇ ਸੌਂ ਜਾਂਦੇ ਹਨ। ਸਾਡਾ ਪਿੰਡ ਕਿਹੜਾ ਸ਼ਹਿਰ ਹੈ ਜਿੱਥੇ ਲੋਕ ਰਾਤ ਨੂੰ 12 -12 ਵਜੇ ਤੱਕ ਬਜ਼ਾਰਾਂ ਵਿੱਚ ਘੁੰਮਦੇ ਫਿਰਨਗੇ। ਪੰਚਾਇਤ ਨੂੰ ਤੋਰ ਕੇ ਅਸੀਂ ਮੁਖਬਰਾਂ ਦੀ ਮਦਦ ਨਾਲ ਪਿੰਡ ਦੇ ਸਾਰੇ ਸ਼ੱਕੀ ਵਿਅਕਤੀਆਂ ਦੇ ਮੋਬਾਇਲ ਨੰਬਰ ਸਰਵੇਲੈਂਸ 'ਤੇ ਲਗਾ ਦਿੱਤੇ। ਸਰਪੰਚ ਦੀ ਗੱਲ ਦੇ ਉਲਟ ਇਹ ਸਾਹਮਣੇ ਆਇਆ ਕਿ ਪਿੰਡ ਦੇ 50% ਤੋਂ ਵੱਧ ਲੋਕ ਅੱਧੀ ਰਾਤ ਤੱਕ ਸੋਸ਼ਲ਼ ਮੀਡੀਆ 'ਤੇ ਲੱਗੇ ਰਹਿੰਦੇ ਹਨ। ਕਤਲ ਤਾਂ ਖੈਰ ਕਿਸੇ ਹੋਰ ਪਾਸੇ ਤੋਂ ਟਰੇਸ ਹੋ ਗਿਆ, ਪਰ ਸਾਨੂੰ ਇਹ ਜਰੂਰ ਪਤਾ ਲੱਗ ਗਿਆ ਕਿ ਕੁੰਵਾਰਿਆਂ ਤੋਂ ਇਲਾਵਾ ਪਿੰਡ ਦੇ ਸਰਪੰਚ ਸਮੇਤ 20 22 ਵਿਆਹੇ ਵਰੇ ਬੰਦੇ- ਜਨਾਨੀਆਂ ਦੇ ਆਪਸ ਵਿੱਚ ਪ੍ਰੇਮ ਸਬੰਧ ਚੱਲ ਰਹੇ ਹਨ। ਵੈਸੇ ਇਹ ਗੱਲ ਗੁਪਤ ਹੀ ਰਹੀ ਤੇ ਕੇਸ ਹੱਲ ਹੋਣ ਤੋਂ ਬਾਅਦ ਉਥੇ ਹੀ ਠੱਪ ਕਰ ਦਿੱਤੀ ਗਈ। ਇਹ ਨਹੀਂ ਕਿ ਸੋਸ਼ਲ਼ ਮੀਡੀਆ ਵਿੱਚ ਸਿਰਫ ਬੁਰਾਈਆਂ ਹੀ ਹਨ। ਇਸ ਨੇ ਕੰਮ ਕਾਜੀ ਲੋਕਾਂ ਦੀ ਜ਼ਿੰਦਗੀ ਨੂੰ ਬਹੁਤ ਅਸਾਨ ਬਣਾ ਦਿੱਤਾ ਹੈ। ਕਰੋਨਾ ਲੌਕ ਡਾਊਨ ਵੇਲੇ ਬੱਚਿਆਂ ਦੀ ਪੜ੍ਹਾਈ ਸਿਰਫ ਵੱਟਸਐਪ ਰਾਹੀਂ ਹੀ ਸੰਭਵ ਹੋ ਸਕੀ ਸੀ। ਆਧੁਨਿਕ ਕਾਲ ਤਕਨੀਕ ਦਾ ਦੌਰ ਹੈ। ਹਰ ਵਿਅਕਤੀ ਸਮਾਜਿਕ ਹੋਵੇ ਚਾਹੇ ਭਾਵੇਂ ਨਾ ਹੋਵੇ, ਪਰ ਸੋਸ਼ਲ ਜਰੂਰ ਹੋਣਾ ਚਾਹੀਦਾ ਹੈ। ਸੋਸ਼ਲ ਮੀਡੀਆ ਲੋਕਾਂ ਨਾਲ ਜੁੜਨ ਦਾ ਇੱਕ ਮਹੱਤਵਪੂਰਨ ਸਾਧਨ ਬਣ ਚੁੱਕਾ ਹੈ ਤੇ ਇਸ ਨੇ ਵਿਸ਼ਵ ਵਿੱਚ ਸੰਚਾਰ ਨੂੰ ਇੱਕ ਨਵਾਂ ਪਹਿਲੂ ਦਿੱਤਾ ਹੈ। ਜਿੱਥੇ ਸੋਸ਼ਲ ਮੀਡੀਆ ਕਾਰੋਬਾਰੀਆਂ ਲਈ ਕਾਰੋਬਾਰ ਦਾ ਨਵਾਂ ਸਾਧਨ ਬਣਿਆਂ ਹੈ, ਉਥੇ ਰੋਜ਼ਗਾਰ ਦੇ ਕਈ ਨਵੇਂ ਮੌਕੇ ਵੀ ਇਸ ਨੇ ਪੈਦਾ ਕੀਤੇ ਹਨ। ਇਹ ਉਨ੍ਹਾਂ ਲੋਕਾਂ ਦੀ ਅਵਾਜ਼ ਬਣਿਆ ਹੈ ਜਿਨ੍ਹਾਂ ਦੀ ਅਵਾਜ਼ ਹੁਣ ਤੱਕ ਦਬਾਈ ਜਾਂਦੀ ਰਹੀ ਹੈ। ਅੱਜ ਸੋਸ਼ਲ ਮੀਡੀਆ ਸੂਚਨਾਵਾਂ ਦਾ ਕੇਂਦਰ ਜਾਪਦਾ ਹੈ। ਸਾਰੀਆਂ ਵੱਡੀਆਂ ਅਖਬਾਰਾਂ ਆਪਣੇ ਈ ਐਡੀਸ਼ਨ ਕੱਢਦੀਆਂ ਹਨ। ਕਈ ਖੋਜਾਂ ਵਿੱਚ ਸਾਹਮਣੇ ਆਇਆ ਹੈ ਕਿ ਜਿਆਦਾਤਰ ਲੋਕ ਰੋਜ਼ਮੱਰਾ ਦੀਆਂ ਸੂਚਨਾਵਾਂ ਸਵੇਰੇ ਸੋਸ਼ਲ ਮੀਡੀਆ ਰਾਹੀਂ ਹਾਸਲ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਪੰਡੋਰੀ ਸਿੱਧਵਾਂ 9501100062

ਕਰਦੇ ਹਨ। ਪੰਜਾਬੀ ਦੇ ਅਨੇਕਾਂ ਗਾਇਕ ਯੂ ਟਿਊਬ 'ਤੇ ਗਾਣੇ ਰਿਲੀਜ਼ ਕਰ ਕੇ ਰਾਤੋ ਰਾਤ ਪ੍ਰਸਿੱਧ ਹੋਏ ਹਨ। ਸੋਸ਼ਲ ਮੀਡੀਆ ਦੀ ਬੇਤਹਾਸ਼ਾ ਵਰਤੋਂ ਕਰਨ ਨਾਲ ਦਿਮਾਗ ਵਿੱਚ ਨਾਂਹ ਪੱਖੀ ਵਿਚਾਰ ਆਉਂਦੇ ਹਨ ਤੇ ਬਹੁਤੇ ਲੋਕਾਂ ਨੂੰ ਡਿਪਰੈਸ਼ਨ ਹੋ ਜਾਂਦੀ ਹੈ। ਇਸ ਕਾਰਨ ਸਾਈਬਰ ਕਰਾਈਮ ਵੀ ਵਧਦੇ ਜਾ ਰਹੇ ਹਨ ਤੇ ਲੋਕਾਂ ਦਾ ਨਿੱਜੀ ਡਾਟਾ ਚੋਰੀ ਕਰ ਕੇ ਬੈਂਕ ਖਾਤੇ ਸਾਫ ਕਰ ਦਿੱਤੇ ਜਾਂਦੇ ਹਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਸੋਸ਼ਲ਼ ਮੀਡੀਆ ਸਮਾਜ ਲਈ ਇੱਕ ਮੌਕਾ ਵੀ ਹੈ ਤੇ ਇੱਕ ਸਮੱਸਿਆ ਵੀ। ਇਹ ਵਰਤੋਂ ਕਰਨ ਵਾਲੇ 'ਤੇ ਨਿਰਭਰ ਕਰਦਾ ਹੈ ਕਿ ਉਹ ਇਸ ਨੂੰ ਤਰੱਕੀ ਕਰਨ ਦੇ ਮੌਕੇ ਦੀ ਤਰਾਂ ਅਪਣਾਉਂਦੇ ਹਨ ਜਾਂ ਆਪਣੇ ਅਤੇ ਦੂਸਰਿਆਂ ਲਈ ਸਮੱਸਿਆਵਾਂ ਪੈਦਾ ਕਰਨ ਲਈ। ਸੋਸ਼ਲ਼ ਮੀਡੀਆ ਦੀ ਵਰਤੋਂ ਬਹੁਤ ਸੰਜਮ ਨਾਲ ਕਰਨੀ ਚਾਹੀਦੀ ਹੈ। ਨਵੀਂ ਪੀੜ੍ਹੀ ਦੀ ਤਾਂ ਇਹ ਹਾਲਤ ਹੋ ਗਈ ਹੈ ਕਿ ਮਹੀਨੇ ਦੋ ਮਹੀਨੇ ਬਾਅਦ ਇੱਕ ਅੱਧੀ ਖਬਰ ਆ ਹੀ ਜਾਂਦੀ ਹੈ ਕਿ ਫਲਾਣੇ ਲੜਕੇ - ਲੜਕੀ ਨੇ ਘਰ ਵਾਲਿਆ ਦੇ ਸੋਸ਼ਲ ਮੀਡੀਆ ਦੀ ਵਰਤੋਂ ਤੋਂ ਵਰਜਣ ਕਾਰਨ ਆਤਮ ਹੱਤਿਆ ਕਰ ਲਈ ਹੈ ਜਾਂ ਆਪਣੇ ਮਾਂ ਪਿਉ ਨੂੰ ਚਾਕੂ ਮਾਰ ਦਿੱਤਾ ਹੈ। ਅਜਿਹੀਆਂ ਘਟਨਾਵਾਂ ਰੋਕਣ ਲਈ ਬੱਚਿਆਂ 'ਤੇ ਖਾਸ ਨਜ਼ਰ ਰੱਖਣੀ ਚਾਹੀਦੀ ਹੈ ਤੇ ਉਨ੍ਹਾਂ ਦੇ ਫੇਸਬੁੱਕ ਅਤੇ ਇੰਸਟਾਗਰਾਮ ਆਦਿ ਦੇ ਅਕਾਊਂਟਾਂ ਨੂੰ ਚੈੱਕ ਕਰਦੇ ਰਹਿਣਾ ਚਾਹੀਦਾ ਹੈ।

# ਅਜੋਕਾ ਹਰਿਆਣਵੀਂ ਪੰਜਾਬੀ ਸਾਹਿਤ: ਦਸ਼ਾ ਅਤੇ ਦਿਸ਼ਾ

ਡਾ: ਨਿਸ਼ਾਨ ਸਿੰਘ ਰਾਠੌਰ
ਸੰਪਰਕ: 90414-98009

ਮਨੁੱਖੀ ਜੀਵਨ ਵਿਚ ਸਾਹਿਤ ਦਾ ਮਹਤੱਵਪੂਰਨ ਸਥਾਨ ਹੁੰਦਾ ਹੈ। ਇਹ (ਸਾਹਿਤ) ਜਿੱਥੇ ਮਨੁੱਖੀ ਜੀਵਨ ਨੂੰ ਸਹੀ ਸੇਧ ਦਿੰਦਾ ਹੈ ਉੱਥੇ ਹੀ ਆਦਰਸ਼ 'ਸਮਾਜਕ ਬਣਤਰ' ਦੀ ਸਹੀ ਤਸਵੀਰ ਵੀ ਪੇਸ਼ ਕਰਦਾ ਹੈ। ਖ਼ਾਸ ਗੱਲ ਇਹ ਹੈ ਕਿ ਸਾਹਿਤ ਦੇ ਅਧਿਐਨ ਤੋਂ ਸਮੁੱਚੇ 'ਸਮਾਜਕ' ਸੰਦਰਭ ਨੂੰ ਵਾਚਿਆ ਜਾ ਸਕਦਾ ਹੈ/ ਸਮਝਿਆ ਜਾ ਸਕਦਾ ਹੈ। ਮਸਲਨ; ਸਮਾਜਕ ਬਣਤਰ, ਸਮਾਜ ਵਿਚ ਔਰਤ ਦੀ ਭਾਈਵਾਲੀ, ਨੌਜਵਾਨ ਤਬਕੇ ਦਾ ਰੋਲ, ਲੋਕ-ਲਹਿਰ ਦੇ ਮਨੋਰਥ, ਆਰਥਕ ਅਤੇ ਸਮਾਜਕ ਖ਼ੁਸ਼ਹਾਲੀ, ਰਹਿਣ-ਸਹਿਣ, ਮਨੋਬਿਰਤੀਆਂ, ਸੁਪਨੇ, ਖਾਣ-ਪੀਣ, ਪਹਿਰਾਵੇ ਅਤੇ ਲੋਕ ਬੋਲੀਆਂ, ਸਿੱਖਿਆ ਤੰਤਰ, ਔਰਤ- ਮਰਦ ਦੇ ਆਪਸੀ ਸੰਬੰਧ, ਭੱਵਿਖ ਲਈ ਫਿਕਰਮੰਦੀ ਅਤੇ ਵਰਤਮਾਨ ਵਿਚ ਰੁਜ਼ਗਾਰ ਦੇ ਸਾਧਨ ਆਦਿਕ ਨੂੰ ਸਹੀ ਅਰਥਾਂ ਵਿਚ ਸਮਝਿਆ ਜਾ ਸਕਦਾ ਹੈ। ਖ਼ਬਰੇ ! ਇਸੇ ਲਈ ਕਿਹਾ ਜਾਂਦਾ ਹੈ ਕਿ ਕਿਸੇ ਵੀ ਸਮਾਜ ਅਤੇ ਸਮਾਜਕ ਬਣਤਰ ਦੀ ਦਰੁਸਤ ਜਾਣਕਾਰੀ ਹਾਸਲ ਕਰਨ ਹਿੱਤ ਉਸਦੇ ਸਾਹਿਤ ਨੂੰ ਵਾਚਿਆ ਜਾ ਸਕਦਾ ਹੈ/ ਪੜ੍ਹਿਆ ਜਾ ਸਕਦਾ ਹੈ। ਸੰਖੇਪ ਵਿਚ; ਸਾਹਿਤ ਅਧਿਐਨ ਤੋਂ ਸਮਾਜ ਅਧਿਐਨ ਕੀਤਾ ਜਾਂਦਾ ਹੈ।

ਕਿਸੇ ਵੀ ਸਮਾਜ ਵਿਚ ਜਦੋਂ ਕੁਰੀਤੀਆਂ ਦਾ ਬੋਲਬਾਲਾ ਵਧੇਰੇ ਹੋ ਜਾਂਦਾ ਹੈ ਤਾਂ ਬੁਧੀਜੀਵੀ ਵਰਗ ਅਤੇ ਸਮਾਜ ਸੁਧਾਰਕਾਂ ਵੱਲੋਂ ਸਾਹਿਤ ਦੇ 'ਹਵਾਲੇ' ਨਾਲ ਸਮਾਜ ਨੂੰ ਸਹੀ ਸੇਧ ਦੇਣ ਲਈ ਉੱਪਰਾਲੇ ਅਤੇ ਯਤਨ ਕੀਤੇ ਜਾਂਦੇ ਹਨ।

ਗੁਰਮਤਿ ਵਿਚਾਰਧਾਰਾ ਨੂੰ ਇਸਦੇ ਉਦਾਹਰਣ ਵੱਜੋਂ ਦੇਖਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਦੀ 'ਸਮਾਜਕ ਹਾਲਤ' ਨੂੰ ਸੁਧਾਰਨ ਹਿੱਤ ਗੁਰਬਾਣੀ ਉਚਾਰਨ ਕੀਤੀ ਅਤੇ ਸਮੇਂ ਦੇ ਹਾਕਮਾਂ ਨੂੰ ਜ਼ੁਲਮ ਕਰਨ ਤੋਂ ਵਰਜਿਆ। ਉਹਨਾਂ ਬਾਬਰ ਨੂੰ ਜ਼ਾਬਰ ਤੱਕ ਕਿਹਾ। ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਇਨਕਲਾਬੀ ਬੋਲਾਂ ਰਾਹੀਂ ਆਮ ਲੋਕਾਂ ਨੂੰ ਵੀ ਜਾਗਰੁਕ ਕੀਤਾ ਅਤੇ ਵਹਿਮਾਂ-ਭਰਮਾਂ ਤੋਂ ਮੁਕਤ ਜੀਵਨ ਜਿਉਣ ਲਈ ਪ੍ਰੇਰਣਾ ਵੀ ਦਿੱਤੀ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸਾਹਿਤ ਜਿੱਥੇ ਸਮਾਜ ਦਾ ਸ਼ੀਸ਼ਾ ਹੁੰਦਾ ਹੈ ਉੱਥੇ ਸਮਾਜ ਨੂੰ ਸਹੀ ਰਾਹ ਉੱਪਰ ਤੋਰਨ ਦਾ ਕਾਰਜ ਵੀ ਕਰਦਾ ਹੈ। ਖ਼ੈਰ,

ਸਾਡੇ ਹੱਥਲੇ ਲੇਖ ਦਾ ਮੂਲ ਮਨੋਰਥ 'ਅਜੋਕੇ ਹਰਿਆਣਵੀਂ ਪੰਜਾਬੀ ਸਾਹਿਤ: ਦਸ਼ਾ ਅਤੇ ਦਿਸ਼ਾ' ਬਾਰੇ ਚਰਚਾ ਕਰਨ ਦਾ ਹੈ। ਇਸ ਲਈ ਹਰਿਆਣੇ ਦੇ ਪੰਜਾਬੀ ਸਾਹਿਤ ਤੋਂ ਬਿਨਾਂ ਕਿਸੇ ਹੋਰ ਵਿਸ਼ੇ / ਸਾਹਿਤ ਉੱਪਰ ਵਿਚਾਰ-ਚਰਚਾ ਨੂੰ ਕੇਂਦਰਿਤ ਨਹੀਂ ਕੀਤਾ ਜਾਵੇਗਾ ਕਿਉਂਕਿ ਇੰਝ ਕਰਨ ਨਾਲ ਲੇਖ ਵੱਡ ਆਕਾਰੀ ਅਤੇ ਬੋਰੀਅਤ ਭਰਪੂਰ ਹੋ ਜਾਵੇਗਾ ਅਤੇ ਪਾਠਕਾਂ/ ਵਿਦਿਆਰਥੀਆਂ ਦੀ ਰੂਚੀ ਘੱਟ ਜਾਵੇਗੀ। ਦੂਜੇ ਪਾਸੇ, ਇਸ ਨਾਲ ਸਾਰਥਕ ਸਿੱਟੇ ਵੀ ਪ੍ਰਾਪਤ ਨਹੀ ਕੀਤੇ ਜਾ ਸਕਦੇ।

01 ਨਵੰਬਰ 1966 ਨੂੰ ਹਰਿਆਣੇ ਦੇ ਹੋਂਦ ਵਿਚ ਆਉਣ ਮਗ਼ਰੋਂ ਪੰਜਾਬੀ ਲੇਖਕਾਂ ਨੇ ਆਪਣੀ ਮਾਤ-ਭਾਸ਼ਾ (ਪੰਜਾਬੀ) ਵਿਚ ਰਚਨਾਵਾਂ ਕਰਨ ਤੋਂ ਗੁਰੇਜ਼ ਨਹੀਂ ਕੀਤਾ; ਭਾਵੇਂ ਕਿ ਸਮੇਂ-ਸਮੇਂ 'ਤੇ ਸੂਬਾ ਸਰਕਾਰਾਂ ਨੇ ਪੰਜਾਬੀ ਜ਼ੁਬਾਨ ਦਾ ਗਲ਼ਾ ਘੁੱਟਣ ਦਾ ਕੰਮ ਕੀਤਾ। ਪ੍ਰੰਤੂ ਹਰਿਆਣਵੀਂ ਪੰਜਾਬੀਆਂ ਨੇ ਪੰਜਾਬੀ ਜ਼ੁਬਾਨ ਲਈ ਕੰਮ ਕਰਨਾ ਲਗਾਤਾਰ ਜ਼ਾਰੀ ਰੱਖਿਆ। ਸਿੱਟੇ ਵੱਜੋਂ; ਅੱਜ ਵੀ ਹਰਿਆਣੇ ਅੰਦਰ ਪੰਜਾਬੀ ਜ਼ੁਬਾਨ ਦਾ ਦੀਵਾ ਜੱਗ ਰਿਹਾ ਹੈ। ਹਰਿਆਣੇ ਵਿਚ ਵੱਡੀ ਗਿਣਤੀ ਵਿਚ ਸਾਹਿਤ ਸਿਰਜਣਾ ਹੋ ਰਹੀ ਹੈ। ਪੰਜਾਬੀ ਪਾਠਕਾਂ ਦਾ ਘੇਰਾ ਵਿਸ਼ਾਲ ਹੁੰਦਾ ਜਾ ਰਿਹਾ ਹੈ।

ਹਰਿਆਣੇ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਵਿਚ ਕਵਿਤਾ, ਕਹਾਣੀ, ਨਾਟਕ, ਨਾਵਲ, ਇਕਾਂਗੀ, ਸਫ਼ਰਨਾਮਾ, ਆਲੋਚਨਾ, ਸਮੀਖਿਆ ਅਤੇ ਗ਼ਜ਼ਲ ਨੂੰ ਪ੍ਰਮੁੱਖ ਤੌਰ 'ਤੇ ਵਾਚਿਆ ਜਾਂਦਾ ਹੈ/ ਪੜ੍ਹਿਆ ਜਾਂਦਾ ਹੈ। ਪਿਛਲੇ ਲਗਭਗ ਦੋ-ਤਿੰਨ ਦਹਾਕਿਆਂ 'ਤੇ ਨਜ਼ਰ ਮਾਰਦਿਆਂ ਇੰਝ ਮਹਿਸੂਸ ਹੁੰਦਾ ਹੈ ਕਿ ਹਰਿਆਣੇ ਵਿਚ ਕਵਿਤਾ/ ਖੁੱਲ੍ਹੀ ਕਵਿਤਾ ਵਧੇਰੇ ਰਚੀ ਜਾ ਰਹੀ ਹੈ। ਹਰ ਸਾਲ ਪ੍ਰਕਾਸਿ ?ਤ ਹੁੰਦੀਆਂ ਪੁਸਤਕਾਂ ਵਿਚੋਂ 50 ਫ਼ੀਸਦੀ ਕਵਿਤਾ ਨਾਲ ਸੰਬੰਧਤ ਪੁਸਤਕਾਂ ਹੁੰਦੀਆਂ ਹਨ। ਸਾਹਿਤ ਦੇ ਦੂਜੇ ਰੂਪ ਜਿਵੇਂ ਕਹਾਣੀ, ਨਾਵਲ ਅਤੇ ਨਾਟਕ ਬਹੁਤ ਘੱਟ ਗਿਣਤੀ ਵਿਚ ਪ੍ਰਕਾਸ਼ਤ ਹੁੰਦੇ ਹਨ। ਪਿਛਲੇ ਲਗਭਗ ਦੋ ਦਹਾਕਿਆਂ ਵਿਚ ਚਾਰ-ਪੰਜ ਨਾਵਲ ਅਤੇ ਤਿੰਨ-ਚਾਰ ਨਾਟਕ ਸੰਗ੍ਰਹਿ ਪ੍ਰਕਾਸ਼ਤ ਹੋਏ ਹਨ। ਹਾਂ; ਕਵਿਤਾ ਦਾ ਰੰਗ ਵਕਤ ਦੇ ਨਾਲ-ਨਾਲ ਹੋਰ ਗੂੜ੍ਹਾ ਹੁੰਦਾ ਜਾ ਰਿਹਾ ਹੈ। ਪ੍ਰੰਤੂ ਸਾਹਿਤ ਦੇ ਦੂਜੇ ਰੂਪ ਗਿਣਤੀ ਪੱਖੋਂ ਉਸ ਪੱਧਰ 'ਤੇ ਰਚੇ ਨਹੀ ਜਾ ਰਹੇ ਜਿਸ ਦੀ ਇਸ ਸਮੇਂ ਬਹੁਤ ਆਸ ਅਤੇ ਲੋੜ ਹੈ। ਖ਼ੈਰ,

ਇਸ ਲੇਖ ਦੇ ਅਗਲੇ ਹਿੱਸੇ ਵਿਚ ਗਿਣਤੀ ਅਤੇ ਪੁਸਤਕਾਂ ਦੇ ਪ੍ਰਕਾਸ਼ਨ ਸੰਬੰਧੀ ਚਰਚਾ; ਵਧੇਰੇ ਕਾਰਗਰ ਅਤੇ ਲਾਹੇਵੰਦ ਨਹੀਂ ਹੈ ਬਲਕਿ ਹਰਿਆਣੇ ਵਿਚ ਰਚੇ ਜਾ ਰਹੇ ਸਾਹਿਤ ਦਾ ਵਿਸ਼ਾ, ਮਿਆਰ ਅਤੇ ਸਰੋਕਾਰ ਕਿਸ ਤਰ੍ਹਾਂ ਦੇ ਹਨ ? ਇਹਨਾਂ ਵਿਚ ਹਰਿਆਣੇ ਦੇ ਲੋਕਾਂ ਦੇ ਸਮਾਜਕ, ਆਰਥਕ ਅਤੇ ਧਾਰਮਕ ਢਾਂਚੇ ਬਾਰੇ ਕਿਸ ਤਰ੍ਹਾਂ ਦਾ ਜਾਣਕਾਰੀ ਹਾਸਲ ਹੁੰਦੀ ਹੈ ? ਇਹ ਬਹੁਤ ਗੰਭੀਰ ਚਰਚਾ ਦੀ ਮੰਗ ਕਰਦਾ ਵਿਸ਼ਾ ਹੈ।

ਹਰਿਆਣੇ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਦੇ ਮੂਲ ਸਰੋਕਾਰ ਉਹੋ ਜਿਹੇ ਹੀ ਹਨ ਜਿਸ ਤਰ੍ਹਾਂ ਦੇ 'ਮੁੱਖਧਾਰਾ ਦੇ ਪੰਜਾਬੀ ਸਾਹਿਤ' ਦੇ ਸਰੋਕਾਰ ਹਨ। ਮਸਲਨ; ਪਰਵਾਸ ਦਾ ਸੰਕਲਪ, ਮੁਹੱਬਤ ਦਾ ਸੰਕਲਪ, ਸਮਾਜਕ-ਸਦਾਚਾਰਕ ਕੀਮਤਾਂ, ਧਾਰਮਕ ਅਤੇ ਸਮਾਜਕ ਬ੍ਰਿਤਾਂਤ, ਸਮਾਜਕ ਸਮ-ਰੂਪਤਾ (ਬਣਤਰ) ਦਾ ਸਿਧਾਂਤ ਅਤੇ ਮਨੁੱਖੀ ਮਨੋਬਿਰਤੀਆਂ ਦੇ ਮੂਲ ਥੀਮ ਨਾਲ ਸੰਬੰਧਤ ਹੁੰਦੇ ਹਨ। ਇਸੇ ਤਰ੍ਹਾਂ ਦੇ ਸਰੋਕਾਰ ਹਰਿਆਣੇ ਦੇ ਪੰਜਾਬੀ ਸਾਹਿਤ ਵਿਚ ਦੇਖਣ-ਪੜ੍ਹਨ ਨੂੰ ਮਿਲਦੇ ਹਨ। ਹਰਿਆਣੇ ਅਤੇ ਪੰਜਾਬ ਦੇ ਸਾਹਿਤ ਦੇ ਮੂਲ ਸਰੋਕਾਰ ਇੱਕੋ ਜਿੱਥੇ ਸਾਂਝੇ ਹਨ ਉੱਥੇ ਹੀ ਦੋਹਾਂ ਨੂੰ ਪੇਸ਼ ਕਰਨ ਵਾਲੇ ਸਾਹਿਤਕਾਰਾਂ ਦੀਆਂ ਮਨੋਬਿਰਤੀਆਂ, ਸ਼ਬਦਾਵਲੀ ਅਤੇ ਸਮਾਜ ਵੀ ਇੱਕੋ ਵਰਗਾ ਹੈ।

ਪਰਵਾਸ ਦਾ ਸੰਕਲਪ:

ਹਰਿਆਣਾ ਸੂਬਾ ਭਾਵੇਂ ਸਿਆਸੀ ਤੌਰ ਤੇ ਪੰਜਾਬ ਨਾਲੋਂ ਵੱਖ ਹੋ ਗਿਆ ਹੈ ਪ੍ਰੰਤੂ ਇਹਨਾਂ ਦੇ ਸਾਹਿਤਕ, ਆਰਥਕ ਅਤੇ ਸਮਾਜਕ ਸਰੋਕਾਰ ਬਿਲਕੁਲ ਇੱਕੋ ਵਰਗੇ ਹਨ। ਜਿਹੜੀਆਂ ਸਮਾਜਕ ਸਮੱਸਿਆਵਾਂ ਪੰਜਾਬੀ ਸਮਾਜ ਵਿਚ ਦੇਖਣ ਨੂੰ ਮਿਲਦੀਆਂ ਹਨ ਉਹੋ ਸਮੱਸਿਆਵਾਂ ਹਰਿਆਣੇ ਦੇ ਹਰਿਆਣਵੀਂ ਸਮਾਜ ਵਿਚ ਵੀ ਦੇਖਣ ਨੂੰ ਮਿਲਦੀਆਂ ਹਨ। ਆਰਥਕ ਨਾ-ਬਰਾਬਰਤਾ ਦੋਹਾਂ ਸੂਬਿਆਂ ਵਿਚ ਦੇਖਣ ਨੂੰ ਮਿਲਦੀ ਹੈ। ਦੋਹਾਂ ਸੂਬਿਆਂ ਦੇ ਨੌਜਵਾਨ 'ਪਰਵਾਸ' ਕਰਕੇ ਚੰਗੇਰੇ ਭੱਵਿਖ ਦੀ ਆਸ ਨਾਲ ਵਿਦੇਸ਼ਾਂ ਵੱਲ ਰੁਖ਼ ਕਰ ਰਹੇ ਹਨ। ਇਸੇ ਲਈ ਹਰਿਆਣੇ ਦੇ ਪੰਜਾਬੀ ਸਾਹਿਤ ਵਿਚ 'ਪਰਵਾਸ ਦੀ ਪੀੜਾ' ਨੂੰ ਪੜ੍ਹਿਆ ਜਾ ਸਕਦਾ ਹੈ/ ਮਹਿਸੂਸ ਕੀਤਾ ਜਾ ਸਕਦਾ ਹੈ।

ਸਮਾਜਕ ਸਰੋਕਾਰ:

ਹਰਿਆਣੇ ਵਿਚ ਰਚੇ ਜਾ ਰਹੇ ਸਾਹਿਤ ਵਿਚ ਸਮਾਜਕ ਸਰੋਕਾਰਾਂ ਨੂੰ ਵਧੇਰੇ ਤਰਜ਼ੀਹ ਦਿੱਤੀ ਜਾਂਦੀ ਹੈ। ਇੱਥੇ ਹਰਿਆਣੇ ਦਾ ਪੰਜਾਬੀ ਸਾਹਿਤ ਪੰਜਾਬ ਦੇ ਪੰਜਾਬੀ ਸਾਹਿਤ ਨਾਲੋਂ ਰਤਾ ਵੱਖ/ ਨਿਵੇਕਲਾ ਕਿਹਾ ਜਾ ਸਕਦਾ ਹੈ। ਹਰਿਆਣੇ ਵਿਚ ਸਮਾਜਕ ਬਣਤਰ ਪੰਜਾਬ ਨਾਲੋਂ ਵੱਖ ਅਤੇ ਮਜ਼ਬੂਤ ਹੈ। ਹਰਿਆਣੇ ਦੇ ਮੂਲ ਨਿਵਾਸੀਆਂ (ਖ਼ਾਸ ਕਰਕੇ ਜਾਟ ਸਮਾਜ ਵਿਚ) ਖ਼ਾਪ ਪੰਚਾਇਤਾਂ ਦਾ ਬੋਲਬਾਲਾ ਦੇਖਣ ਨੂੰ ਮਿਲਦਾ ਹੈ। ਇਹ ਖ਼ਾਪ ਪੰਚਾਇਤਾਂ ਸਮਾਜ ਨੂੰ ਇੱਕ ਜਾਤ/ ਸਮਾਜ/ ਵਰਗ ਵਿਚ ਬੰਨ੍ਹ ਕੇ ਰੱਖਦੀਆਂ ਹਨ। ਜੇਕਰ ਕੋਈ ਵਿਅਕਤੀ ਆਪਣੇ ਸਮਾਜ ਦੇ ਨਿਯਮਾਂ ਦੇ ਵਿਰੁੱਧ ਕਿਸੇ ਪ੍ਰਕਾਰ ਦੀ ਕਾਰਵਾਈ ਕਰਦਾ ਹੈ ਤਾਂ ਇਹ ਖ਼ਾਪ ਪੰਚਾਇਤਾਂ ਉਸ ਵਿਅਕਤੀ/ ਸਮਾਜ ਦੇ ਵਿਰੁੱਧ ਆਪਣਾ ਫ਼ੈਸਲਾ ਦਿੰਦੀਆਂ ਹਨ। ਖ਼ਾਸ ਗੱਲ ਇਹ ਹੈ ਕਿ ਇਹਨਾਂ ਖ਼ਾਪ ਪੰਚਾਇਤਾਂ ਦੇ ਫ਼ੈਸਲੇ ਦੇ ਵਿਰੁੱਧ ਕਿਸੇ ਵਿਅਕਤੀ/ ਸਮਾਜ/ ਜਾਤ ਦੀ ਕੋਈ ਬਹੁਤੀ ਵਾਅ ਨਹੀਂ ਚੱਲਦੀ। ਅਮੁਮਨ; ਇਹਨਾਂ ਫ਼ੈਸਲਿਆਂ ਵਿਚ ਸਮਾਜ ਨੂੰ ਇੱਕਜੁਟ ਕਰਨ ਦਾ ਯਤਨ ਕੀਤਾ ਜਾਂਦਾ ਹੈ। ਇਹ ਖ਼ਾਪ ਪੰਚਾਇਤਾਂ ਪੰਜਾਬ/ ਪੰਜਾਬੀ ਸਾਹਿਤ ਵਿਚ ਨਹੀਂ ਹਨ। ਇਹਨਾਂ ਦਾ ਜਿ ?ਕਰ ਭਾਵੇਂ ਹਰਿਆਣੇ ਦੇ ਪੰਜਾਬੀ ਸਾਹਿਤ ਵਿਚ ਨਾ ਦੇ ਬਰਾਬਰ ਹੈ ਪ੍ਰੰਤੂ ਇਹਨਾਂ ਦਾ ਵਜੂਦ/ ਪ੍ਰਭਾਵ ਬਹੁਤ ਡੂੰਘਾ ਅਤੇ ਅਸਰਦਾਰ ਹੈ। ਹਰਿਆਣੇ ਦੀ ਸਮਾਜਕ ਬਣਤਰ ਵਿਚ ਇਹ ਖ਼ਾਪ ਪੰਚਾਇਤਾਂ ਬਹੁਤ ਅਸਰਦਾਰ ਸਮਾਜਕ ਬਣਤਰ ਦਾ ਹਿੱਸਾ ਮੰਨੀਆਂ ਜਾਂਦੀਆਂ ਹਨ।

ਆਰਥਕਤਾ ਦਾ ਪ੍ਰਭਾਵ:

ਹਰਿਆਣਾ ਸੂਬੇ ਦਾ ਬਹੁਤਾ ਹਿੱਸਾ ਮੁਲਕ ਦੀ ਰਾਜਧਾਨੀ ਦਿੱਲੀ ਅਤੇ ਉੱਤਰ ਪ੍ਰਦੇਸ਼ ਨਾਲ ਲੱਗਦਾ ਹੈ। ਇਸ ਲਈ ਹਰਿਆਣੇ ਵਿਚ ਵੱਡੀ ਗਿਣਤੀ ਵਿਚ ਉਦਯੋਗਿਕ ਘਰਾਣੇ ਆਪਣੇ ਕਾਰੋਬਾਰ ਚਲਾਉਂਦੇ ਹਨ। ਭਾਰਤ ਦੀਆਂ ਵੱਡੀਆਂ ਕੰਪਨੀਆਂ ਦੇ ਆਫਿ ?ਸ 'ਗੁੜਗਾਓਂ' ਅਤੇ 'ਫ਼ਰੀਦਾਬਾਦ@ ਵਿਚ ਮੌਜੂਦ ਹਨ। ਇਸ ਨਾਲ ਸੂਬੇ ਦੇ ਆਰਥਕ ਹਾਲਤ ਵਿਚ ਬਹੁਤ ਸੁਧਾਰ ਹੁੰਦਾ ਹੈ; ਨਤੀਜੇ ਵੱਜੋਂ ਲੋਕਾਂ ਦੇ ਰਹਿਣ-ਸਹਿਣ ਅਤੇ ਕਾਰ-ਵਿਹਾਰ ਵਿਚ ਸੁਧਾਰ ਹੁੰਦਾ ਹੈ। ਹਰਿਆਣੇ ਦੀ ਆਰਥਕ ਸਥਿਤੀ ਅਮੁਮਨ ਦੂਜੇ ਸੂਬਿਆਂ ਨਾਲੋਂ ਵਧੀਆ ਹੈ। ਇਸ ਪ੍ਰਭਾਵ ਨੂੰ ਭਾਵੇਂ ਪੰਜਾਬੀ ਸਾਹਿਤ ਵਿਚ ਨਾਮਾਤਰ ਦੇਖਿਆ ਜਾਂਦਾ ਹੈ ਪਰ ਇਸ ਤੋਂ ਇਨਕਾਰੀ ਵੀ ਨਹੀਂ ਹੋਇਆ ਜਾ ਸਕਦਾ। ਜਿਸ ਤਰ੍ਹਾਂ ਉੱਪਰ ਵੀ ਜਿ ?ਕਰ ਕੀਤਾ ਜਾ ਚੁਕਾ ਹੈ ਕਿ ਸਾਹਿਤ ਨੂੰ ਸਮਾਜ ਦਾ 'ਸ਼ੀਸ਼ਾ' ਕਿਹਾ ਜਾਂਦਾ ਹੈ। ਜਿਸ ਤਰ੍ਹਾਂ ਦੇ ਸਮਾਜਕ ਅਤੇ ਆਰਥਕ ਹਾਲਾਤ ਹੋਣਗੇ ਉਸੇ ਤਰ੍ਹਾਂ ਦਾ ਸਾਹਿਤ ਸਿਰਜਿਆ ਜਾਵੇਗਾ। ਇਸ ਲਈ ਹਰਿਆਣੇ ਦੇ ਆਰਥਕ ਹਾਲਾਤ; ਪੰਜਾਬ ਜਾਂ ਹੋਰ ਗੁਆਂਢੀ ਸੂਬਿਆਂ ਨਾਲੋਂ ਬਿਹਤਰ ਕਹੇ ਜਾ ਸਕਦੇ ਹਨ।

ਔਰਤ ਦੀ ਸਥਿਤੀ:

ਔਰਤ ਦੀ ਸਥਿਤੀ ਨੂੰ ਸਾਹਿਤ ਦੇ ਮੁੱਖ ਸਰੋਕਾਰ ਵੱਜੋਂ ਪੇਸ਼ ਕੀਤਾ ਜਾਂਦਾ ਹੈ। ਇਹ ਬਹੁਤ ਮਹੱਤਵਪੂਰਨ ਵਿਸ਼ਾ ਹੈ ਕਿ ਕਿਸੇ ਸਮਾਜ ਵਿਚ ਔਰਤ ਦੀ ਸਥਿਤੀ ਕਿਸ ਤਰ੍ਹਾਂ ਦੀ ਹੈ ? ਜਿਸ ਸਮਾਜ ਵਿਚ ਔਰਤ ਆਤਮ- ਨਿਰਭਰ ਹੋਵੇਗੀ ਉਸ ਸਮਾਜ ਦਾ ਸਰਵਪੱਖੀ ਵਿਕਾਸ ਰੋਕਿਆ ਨਹੀਂ ਜਾ ਸਕਦਾ। ਇਸ ਹਵਾਲੇ ਨਾਲ ਹਰਿਆਣੇ ਦੀ ਸਥਿਤੀ ਥੋੜ੍ਹੀ ਢਿੱਲੀ ਅਤੇ ਕਮਜ਼ੋਰ ਕਹੀ ਜਾ ਸਕਦੀ ਹੈ। ਕੁਝ ਦਹਾਕੇ ਪਹਿਲਾਂ ਤੱਕ ਹਰਿਆਣਾ ਇਕੱਲਾ ਸੂਬਾ ਸੀ ਜਿਸ ਵਿਚ ਪ੍ਰਤੀ ਵਿਅਕਤੀ ਔਰਤਾਂ ਦੀ ਗਿਣਤੀ ਸਭ ਤੋਂ ਘੱਟ ਸੀ। ਭਾਵ ਪ੍ਰਤੀ ਹਜ਼ਾਰ ਮਰਦਾਂ ਦੇ ਮੁਕਾਬਲਾ ਔਰਤਾਂ ਦੀ ਗਿਣਤੀ ਹਰਿਆਣੇ ਵਿਚ ਸਭ ਤੋਂ ਘੱਟ ਸੀ। ਹਾਲਾਂਕਿ ਇਸ ਸਥਿਤੀ ਵਿਚ ਸਹਿਜੇ-ਸਹਿਜੇ ਸੁਧਾਰ ਹੋ ਰਿਹਾ ਹੈ।

ਹਰਿਆਣੇ ਵਿਚ ਔਰਤਾਂ ਹੁਣ ਆਤਮ-ਨਿਰਭਰਤਾ ਦੀ ਸ਼੍ਰੇਣੀ ਵਿਚ ਆ ਰਹੀਆਂ ਹਨ। ਹਾਲਾਂਕਿ ਖੇਤੀ-ਬਾੜੀ ਦੇ ਕੰਮ ਵਿਚ ਔਰਤਾਂ ਦੀ ਹਿੱਸੇਦਾਰੀ ਦੂਜੇ ਸੂਬਿਆਂ ਨਾਲੋਂ ਵਧੇਰੇ ਹੈ ਪ੍ਰੰਤੂ ਉਦਯੋਗਿਕ ਅਤੇ ਸਿੱਖਿਅਕ ਖ਼ੇਤਰ ਵਿਚ ਵੀ ਹਰਿਆਣੇ ਵਿਚ ਔਰਤਾਂ ਦੀ ਭਾਈਵਾਲੀ ਵੱਧ ਰਹੀ ਹੈ। ਖੇਡਾਂ ਵਿਚ ਹਰਿਆਣਵੀਂ ਕੁੜੀਆਂ ਨੇ ਸਮੁੱਚੇ ਦੇਸ਼ ਵਿਚ ਆਪਣੀ ਝੰਡੀ ਬਰਕਰਾਰ ਰੱਖੀ ਹੈ। ਹਰਿਆਣੇ ਦੀਆਂ ਕੁੜੀਆਂ ਫ਼ੌਜ ਵਿਚ ਵੀ ਸ਼ਾਮਲ ਹੋ ਰਹੀਆਂ ਹਨ ਅਤੇ ਦੇਸ਼ ਸੇਵਾ ਦੇ ਜਜ਼ਬੇ ਨੂੰ ਅਮਲੀਜਾਮਾ ਪਹਿਨਾ ਰਹੀਆਂ ਹਨ। ਖੇਡ, ਰਾਜਨੀਤੀ, ਸਾਹਿਤ, ਕਲਾ ਅਤੇ ਸਿੱਖਿਆ ਆਦਿਕ ਖੇਤਰਾਂ ਵਿਚ ਕੁੜੀਆਂ ਕਿਸੇ ਨਾਲ ਘੱਟ ਨਹੀਂ ਹਨ।

ਸਮਾਜਕ ਬਣਤਰ ਦੇ ਇਸ ਪੱਖ ਨੂੰ ਹਰਿਆਣੇ ਦੇ ਪੰਜਾਬੀ ਸਾਹਿਤਕਾਰਾਂ ਦੀਆਂ ਲਿਖ਼ਤਾਂ ਵਿਚ ਅਣਗੋਲਿਆਂ ਕੀਤਾ ਗਿਆ ਹੈ। ਹਰਿਆਣੇ ਦੇ ਪੰਜਾਬੀ ਸਾਹਿਤਕਾਰਾਂ ਨੂੰ ਹਰਿਆਣੇ ਸੂਬੇ ਦੇ ਇਹਨਾਂ ਪੱਖਾਂ/ ਰੂਪਾਂ ਬਾਰੇ ਡੂੰਘਾਈ ਨਾਲ ਵਿਚਾਰ-ਚਰਚਾ ਕਰਨੀ ਚਾਹੀਦੀ ਹੈ ਤਾਂ ਕਿ ਹਰਿਆਣੇ ਦੀ ਸਮਾਜਕ ਬਣਤਰ ਦਾ ਸਹੀ ਅਕਸ ਪਾਠਕਾਂ/ ਵਿਦਿਆਰਥੀਆਂ ਤੱਕ ਪਹੁੰਚ ਸਕੇ।

ਸਮਾਜਕ ਸਮ-ਰੂਪਤਾ ਅਤੇ ਮਨੁੱਖੀ ਮਨੋਬਿਰਤੀਆਂ:

ਕਿਸੇ ਵੀ ਸਮਾਜ ਵਿਚ ਸਮ-ਰੂਪਤਾ ਦਾ ਸੰਕਲਪ ਵਧੇਰੇ ਲਾਭਦਾਇਕ ਹੁੰਦਾ ਹੈ ਕਿਉਂਕਿ ਇਸ ਨਾਲ ਸਮਾਜ ਦੇ ਤਰੱਕੀ ਕਰਨ ਦੇ ਰਾਹ ਵਧੇਰੇ ਹੁੰਦੇ ਹਨ। ਇੱਥੇ ਇਕੱਲੇ ਸਮਾਜ, ਜਾਤ, ਧਰਮ ਜਾਂ ਰੰਗ ਕਰਕੇ ਹੀ ਬਰਾਬਰਤਾ ਲਾਜ਼ਮੀ ਨਹੀਂ ਬਲਕਿ ਰੁਜ਼ਗਾਰ ਦੇ ਵਸੀਲੇ, ਰਹਿਣ-ਸਹਿਣ ਅਤੇ ਧਾਰਮਕ ਰਹੁ-ਰੀਤਾਂ ਵਿਚ ਵੀ ਇੱਕ ਰੂਪਤਾ ਲਾਜ਼ਮੀ ਹੋਣੀ ਚਾਹੀਦੀ ਹੈ ਤਾਂ ਕਿ ਸਮਾਜ ਵਿਚ ਉੱਚੇ ਨੀਵੇਂ ਭੇਦਭਾਵ ਖ਼ਤਮ ਕੀਤਾ ਜਾ ਸਕੇ ਅਤੇ ਸਮਾਜ ਨੂੰ ਤਰੱਕੀ ਦੀ ਰਾਹ ਤੇ ਤੋਰਿਆ ਜਾ ਸਕੇ। ਮਨੁੱਖੀ ਮਨੋਬਿਰਤੀਆਂ ਵਿਚ ਮਨੁੱਖ ਦੇ ਆਉਣ ਵਾਲੇ ਸਮੇਂ ਦੀਆਂ ਤਿਆਰੀਆਂ / ਸੋਚਾਂ ਨੂੰ ਚਰਚਾ ਦਾ ਹਿੱਸਾ ਬਣਾਇਆ ਜਾਂਦਾ ਹੈ। ਸਿਆਣਿਆਂ ਦਾ ਕਥਨ ਹੈ ਕਿ ਮਨੁੱਖ ਜਿਹੋ ਜਿਹਾ ਸੋਚਦਾ ਹੈ ਉਹੋ ਜਿਹਾ ਬੋਲਦਾ ਹੈ ਅਤੇ ਜਿਹੋ ਜਿਹਾ ਬੋਲਦਾ ਹੈ ਉਹੋ ਜਿਹਾ ਕਰਦਾ ਹੈ। ਇਸ ਲਈ ਮਨੋਬਿਰਤੀਆਂ ਦੇ ਅਧਿਐਨ ਵਿਚ ਮਨੁੱਖ ਦੇ ਮਨੋਭਾਵਾਂ ਦਾ ਅਧਿਐਨ ਇਸ ਗੱਲ ਦਾ ਪ੍ਰਮਾਣ ਬਣਦਾ ਹੈ ਕਿ ਮਨੁੱਖ ਨੇ ਭਵਿੱਖ ਵਿਚ ਕਿਸ ਤਰ੍ਹਾਂ ਦੀਆਂ ਯੋਜਨਾਵਾਂ ਉੱਪਰ ਆਪਣਾ ਧਿਆਨ ਕੇਂਦਰਿਤ ਕਰਨਾ ਹੈ। ਇਹ ਵਿਚਾਰ ਹੀ ਬਾਅਦ ਵਿਚ 'ਅਮਲ' ਵਿਚ ਤਬਦੀਲ ਹੁੰਦਾ ਹੈ। ਖ਼ੈਰ,

ਆਖ਼ਰ ਵਿਚ ਉੱਪਰ ਕੀਤੀ ਗਈ ਵਿਚਾਰ-ਚਰਚਾ ਦੇ ਆਧਾਤ 'ਤੇ ਕਿਹਾ ਜਾ ਸਕਦਾ ਹੈ ਕਿ ਹਰਿਆਣਾ ਦੇ ਪੰਜਾਬੀ ਸਾਹਿਤ ਵਿਚ ਗਿਣਾਤਮਕ ਪੱਖੋਂ ਭਾਵੇਂ 'ਵਾਧਾ' ਹੋ ਰਿਹਾ ਹੈ ਪਰੰਤੂ ਗੁਣਾਤਮਕ ਪੱਖੋਂ ਕਈ ਊਣਤਾਈਆਂ ਦੇਖਣ/ ਪੜ੍ਹਨ ਨੂੰ ਮਿਲਦੀਆਂ ਹਨ। ਇੱਥੋਂ ਦੇ ਪੰਜਾਬੀ ਸਾਹਿਤਕਾਰਾਂ ਨੂੰ ਹਰਿਆਣੇ ਦੇ ਮੂਲ ਰੂਪ/ ਕੇਂਦਰੀ ਥੀਮ ਦੀ ਸਹੀ ਅਰਥਾਂ ਵਿਚ ਸਮਝ ਆਉਣੀ ਚਾਹੀਦੀ ਹੈ ਜਾਂ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ ਤਾਂ ਕਿ 'ਹਰਿਆਣੇ ਦੀ ਸਮਾਜਕ ਬਣਤਰ' ਦੇ ਸਹੀ ਰੂਪ ਨੂੰ ਪੰਜਾਬੀ ਸਾਹਿਤ ਦਾ ਹਿੱਸਾ ਬਣਾਇਆ ਜਾ ਸਕੇ। ਇਕੱਲੇ ਕਵਿਤਾ, ਗ਼ਜ਼ਲ ਜਾਂ ਕਹਾਣੀ ਨਾਲ ਕਿਸੇ ਸੂਬੇ ਦੇ ਸਾਹਿਤ ਨੂੰ ਪ੍ਰਫੁੱਲਿਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਅਜਿਹੇ ਸਾਹਿਤ ਵਿਚ ਨਿਰਾ ਕਲਪਣਾ ਦਾ ਭਾਵ ਹੁੰਦਾ ਹੈ। ਇਸ ਨਾਲ ਕਿਸੇ ਸਮਾਜ ਦੇ ਸਹੀ ਰੂਪ/ ਬਣਤਰ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਹਾਂ; ਇਸ ਨਾਲ ਕੁਝ ਸਮੇਂ ਲਈ ਪਾਠਕਾਂ ਅਤੇ ਵਿਦਿਆਰਥੀਆਂ ਦਾ ਮਨੋਰੰਜਨ ਕੀਤਾ ਜਾ ਸਕਦਾ ਹੈ ਪ੍ਰੰਤੂ ਇਸ ਨਾਲ ਕਿਸੇ ਸਮਾਜ ਦੇ ਸਹੀ ਸੰਦਰਭ ਨੂੰ ਸਮਝਿਆ ਨਹੀਂ ਜਾ ਸਕਦਾ।

ਜੇਕਰ ਸਾਹਿਤ ਦੀ ਗੰਭੀਰਤਾ ਅਤੇ ਮਹੱਤਤਾ ਨੂੰ ਸਥਾਈ ਅਤੇ ਪੁਖ਼ਤਾ ਰੱਖਣਾ ਹੈ ਤਾਂ ਪਹਿਲਾਂ ਸਮਾਜ ਦੀਆਂ ਵਿਭਿੰਨ ਪਰਿਸਥਿਤੀਆਂ ਦਾ ਸਹੀ ਮੁਲਾਂਕਣ ਕਰਨਾ ਲਾਜ਼ਮੀ ਸ਼ਰਤ ਹੁੰਦੀ ਹੈ। ਜੇਕਰ ਇਕੱਲੇ ਕਲਪਣਾ ਦੇ ਭਾਵ ਵਿਚ ਸਾਹਿਤ ਸਿਰਜਣਾ ਕੀਤੀ ਜਾਂਦੀ ਰਹੀ ਤਾਂ ਆਉਣ ਵਾਲੇ ਸਮੇਂ ਵਿਚ ਸਾਹਿਤ ਦੀ ਅਹਿਮੀਅਤ ਘੱਟ ਹੋ ਜਾਵੇਗੀ ਅਤੇ ਆਮ ਪਾਠਕ ਵਰਗ ਇਸ ਤੋਂ ਦੂਰੀ ਬਣਾ ਲਵੇਗਾ। ਇਸ ਲਈ ਹਰਿਆਣਵੀਂ ਪੰਜਾਬੀ ਸਾਹਿਤਕਾਰਾਂ ਨੂੰ ਹਰਿਆਣੇ ਦੇ ਧੁਰੇ (ਮੁੱਢ) ਬਾਰੇ ਸਹੀ ਜਾਣਕਾਰੀ ਹਾਸਲ ਕਰਨ ਦੀ ਜ਼ਰੂਰਤ ਹੈ ਤਾਂ ਕਿ ਸਮਾਜਕ ਬਣਤਰ ਦੇ ਸਹੀ ਸਰੂਪ ਨੂੰ ਪਾਠਕਾਂ ਤੱਕ ਪਹੁੰਚਾਇਆ ਜਾ ਸਕੇ। ਪ੍ਰੰਤੂ ਇਹ ਸਭ ਹੁੰਦਾ ਕਦੋਂ ਹੈ ? ਇਹ ਅਜੇ ਭੱਵਿਖ ਦੀ ਕੁਖ਼ ਵਿਚ ਹੈ।

# ਸ੍ਰੀ ਕਰਤਾਰਪੁਰ ਸਾਹਿਬ (ਪਾਕਿ) ਵਿਖੇ ਕਵੀ ਦਰਬਾਰ







ਸਭ ਰੰਗ ਸਾਹਿੱਤ ਸਭਾ ਗੁਰਦਾਸਪੁਰ ਦੇ ਕਵੀਆਂ ਨੇ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਵਿਖੇ ਗੁਰਦੁਆਰਾ ਸਾਹਿਬ ਦੇ ਇੱਕ ਹਾਲ ਵਿਖੇ ਕਵੀ ਦਰਬਾਰ ਦਾ ਆਯੋਜਨ ਕੀਤਾ। ਉਪਚਾਰਿਕ ਤੌਰ ਤੇ ਕਰਵਾਏ ਗਏ ਇਸ ਕਵੀ ਦਰਬਾਰ ਦੀ ਪ੍ਰਧਾਨਗੀ ਜਨਾਬ ਨੂਰ ਅਹਿਮਦ, ਜਨਾਬ ਜਮਲੀਨ ਅਹਿਮਦ, ਮੁਹੰਮਦ ਅਸਲਮ, ਸਾਬੀਰ ਅਲੀ, ਜੁਆਲਕਾਰਨੀਅਨ ਅਤੇ ਨਵੀਦ ਚੌਧਰੀ ਨੇ ਕੀਤੀ। ਮੁੱਖ ਮਹਿਮਾਨ ਵਜੋਂ ਪਾਲ ਗੁਰਦਾਸਪੁਰੀ, ਰਾਜ ਗੁਰਦਾਸਪੁਰ, ਡਾ. ਕੇਵਲ ਕ੍ਰਿਸ਼ਨ, ਜੇ. ਪੀ. ਖਰਲਾ ਵਾਲਾ, ਰਾਜੇਸ਼ ਗੁਪਤਾ, ਗਾਇਕ ਮੰਗਲਦੀਪ, ਐਡਵੋਕੇਟ ਰਾਜਪਾਲ ਸਿੰਘ ਅਤੇ ਬਲਵਿੰਦਰ ਬਾਲਮ ਨੇ ਸ਼ਿਰਕਤ ਕੀਤੀ। ਹਾਜ਼ਰ ਕਵੀਆਂ ਨੇ ਕਵੀ ਦਰਬਾਰ ਵਿਚ ਆਪਣੀਆਂ ਰਚਨਾਵਾਂ ਕਹਿ ਕੇ ਹਾਜ਼ਰੀ ਲਵਾਈ। ਕਵੀ ਸੱਜਣਾਂ ਨਾਲ ਸਹਿਯੋਗੀ ਸਾਥ ਦੇਣ ਵਾਲਿਆਂ ਵਿਚ ਮਨਮੋਹਣ ਧਕਾਲਵੀ ਨੀਤੀ ਗੁਪਤਾ, ਮਹਿਕ ਜੋਤ, ਬਲਬੀਰ ਕੌਰ, ਹਰਰਾਜਵਿੰਦਰ ਸਿੰਘ, ਸੁਰਿੰਦਰ ਕੌਰ, ਵਿਕਰਾਂਤ ਗੁਪਤਾ, ਕੁਲਵੰਤ ਕੌਰ, ਸੰਤੋਸ਼ ਕੁਮਾਰੀ ਅਤੇ ਬਲਬੀਰ ਕੌਰ ਨੇ ਸ਼ਿਰਕਤ ਕੀਤੀ। ਬਾਅਦ ਦੀ ਵਾਪਸੀ ਵਿਚ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਡੇਰਾ ਬਾਬਾ ਨਾਨਕ ਦੇ ਮੁੱਖ ਦੁਆਰ ਤੇ ਰਾਜ ਗੁਰਦਾਸਪੁਰੀ ਦੀ ਪੁਸਤਕ ਮੌਸਮ ਉਦਾਸ ਲੱਗੇ ਅਤੇ ਪਾਲ ਗੁਰਦਾਸਪੁਰੀ ਦੀ ਪੁਸਤਕ ਲਫ਼ਜ਼ਾਂ ਤੋਂ ਪਾਰ ਦਾ ਸਭ ਨੇ ਮਿਲ ਕੇ ਖ਼ੂਬਸੂਰਤ ਅੰਦਾਜ਼ ਵਿਚ ਵਿਮੋਚਨ ਕੀਤਾ। ਇਹ ਯਾਦਗਾਰੀ ਪਲ ਸਨ।

ਬਲਵਿੰਦਰ ਬਾਲਮ ਗੁਰਦਾਸਪੁਰ
ਮੋਬਾਈਲ 9815625409

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 253 | Website: www.preetnama.com Email preetnamausa@gmail.com | 17 MAY TO 23 MAY , 2024




# ਕੋਰੋਨਾ ਵੇਲੇ ਲੋਕਾਂ ਦਾ ਸਹਾਰਾ ਦੱਸੀ ਗਈ ਆਰਥਿਕ ਟਾਸਕ ਫੋਰਸ ਕਿੱਥੇ 'ਲਾਪਤਾ', ਸਰਕਾਰ ਚੁੱਪ - ਵਿਸ਼ੇਸ਼ ਰਿਪੋਰਟ



## ਕੀ ਅਸੀਂ ਖ਼ੁਦਕੁਸ਼ੀ ਕਰ ਲਈਏ ?

ਸੁਰੇਖਾ ਮੋਹਨ ਆਪਣੇ ਪਤੀ ਨਾਲ ਬੰਗਲੌਰ ਵਿੱਚ ਟੈਕਨੋ ਕੰਪਨੀ ਵਿੱਚ ਕੰਮ ਕਰਦੇ ਹਨ। ਜਿਸ ਬੈਂਕ ਤੋਂ ਉਨ੍ਹਾਂ ਨੇ ਪੈਸੇ ਇਕੱਠੇ ਕੀਤੇ ਸਨ, ਉਸ ਨਾਲ ਹਾਲ ਹੀ ਵਿੱਚ ਹੋਈ ਗੱਲਬਾਤ ਨੂੰ ਯਾਦ ਕਰਦੇ ਹੋਏ, ਸੁਰੇਖਾ ਨੇ ਕਿਹਾ, ਸਾਨੂੰ ਮਾਣ ਹੈ ਕਿ ਤਾਲਾਬੰਦੀ ਦੌਰਾਨ ਵੀ ਅਸੀਂ ਆਪਣੇ ਕਰਮਚਾਰੀਆਂ ਦੀਆਂ ਤਨਖਾਹਾਂ ਨਹੀਂ ਰੋਕੀਆਂ। ਅੱਜ ਬੈਂਕ ਕੋਵਿਡ ਸੰਕਟ ਤੋਂ ਜਾਣੂ ਹਨ, ਜਿਸ ਤੋਂ ਬਾਅਦ ਰੂਸ-ਯੂਕਰੇਨ ਯੁੱਧ ਸ਼ੁਰੂ ਹੋਇਆ ਜਿਸ ਨੇ ਸਾਡੇ ਕਾਰੋਬਾਰ ਨੂੰ ਪ੍ਰਭਾਵਿਤ ਕੀਤਾ ਹੈ। ਪਰ ਬੈਂਕ ਆਪਣੇ ਕਰਜ਼ਿਆਂ ਨੂੰ ਲੈ ਕੇ ਚਿੰਤਤ ਹਨ। ਉਹ ਅੱਗੇ ਕਹਿੰਦੇ ਹਨ, ਅਸੀਂ ਆਪਣੇ ਕਾਰੋਬਾਰ ਵਿੱਚ ਪੈਸਾ ਨਿਵੇਸ਼ ਕਰਨ ਦੇ ਬਦਲੇ ਵਿਆਜ ਅਦਾ ਕਰ ਰਹੇ ਹਾਂ। ਕੰਮ ਚੱਲਦਾ ਰੱਖਣ ਲਈ ਨਿੱਜੀ ਫੰਡਾਂ ਦੀ ਵਰਤੋਂ ਕਰਨੀ ਪੈਂਦੀ ਹੈ। ਪਰ ਇਹ ਕਦੋਂ ਤੱਕ ਚੱਲੇਗਾ ? ਮੈਂ ਬੈਂਕ ਨੂੰ ਪੁੱਛਿਆ ਹੈ ਕਿ ਕੀ ਉਹ ਚਾਹੁੰਦੇ ਹਨ ਕਿ ਅਸੀਂ ਖ਼ੁਦਕੁਸ਼ੀ ਕਰ ਲਈਏ ? ਉਨ੍ਹਾਂ ਦਾ ਇਹ ਸਵਾਲ ਇੱਕ ਖਤਰਨਾਕ ਰੁਝਾਨ ਵੱਲ ਇਸ਼ਾਰਾ ਕਰਦਾ ਹੈ, ਜਿਸ ਦੀ ਪੁਸ਼ਟੀ ਅੰਕੜੇ ਵੀ ਕਰਦੇ ਹਨ। ਭਾਰਤ ਵਿੱਚ ਕੋਵਿਡ ਸੰਕਟ ਦੌਰਾਨ ਖ਼ੁਦਕੁਸ਼ੀ ਦੀ ਦਰ ਤੇਜ਼ੀ ਨਾਲ ਵਧੀ ਹੈ। ਸਰਕਾਰੀ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਬੀਬੀਸੀ ਨੂੰ ਚੱਲਦਾ ਹੈ ਕਿ ਬੇਰੁਜ਼ਗਾਰੀ, ਗਰੀਬੀ ਅਤੇ ਕਰੀਅਰ ਨਾਲ ਨਾਲ ਜੁੜੀਆਂ ਵਿੱਤੀ ਸਮੱਸਿਆਵਾਂ ਕਾਰਨ ਖ਼ੁਦਕੁਸ਼ੀਆਂ ਦੀ ਦਰ ਵਧੀ ਹੈ।

ਕੋਵਿਡ ਸੰਕਟ ਐਟਮ ਬੰਬ ਦੀ ਤਬਾਹੀ ਵਰਗਾ ਹੈ। ਜਪਾਨ ਦੇ ਹੀਰੋਸ਼ੀਮਾ ਅਤੇ ਨਾਗਾਸਾਕੀ ਵਿੱਚ ਲੋਕਾਂ ਨੂੰ ਠੀਕ ਤਰ੍ਹਾਂ ਨਿਕਲਣ ਵਿੱਚ ਕਿੰਨੇ ਸਾਲ ਲੱਗੇ ਸਨ ? ਇਸੇ ਤਰ੍ਹਾਂ, ਕੋਵਿਡ ਸੰਕਟ ਖਤਮ ਹੋਣ ਤੋਂ ਬਾਅਦ ਵੀ, ਮੇਰੇ ਵਰਗੇ ਕਾਰੋਬਾਰੀ ਅਜੇ ਵੀ ਇਸ ਤੋਂ ਉਭਰਨ ਵਿੱਚ ਲੱਗੇ ਹੋਏ ਹਨ। ਇਹ ਕਹਿਣਾ ਹੈ ਫੈਡਰੇਸ਼ਨ ਆਫ ਇੰਡੀਅਨ ਮਾਈਕ੍ਰੋ ਐਂਡ ਸਮਾਲ ਐਂਡ ਮੀਡੀਅਮ ਇੰਟਰਪ੍ਰਾਈਜਿਜ਼ (ਐੱਫਆਈਐੱਸਐੱਮਈ) ਦੇ ਪ੍ਰਧਾਨ ਰਹਿ ਚੁੱਕੇ 63 ਸਾਲਾ ਮੋਹਨ ਸੁਰੇਸ਼ ਦਾ। ਇਸ ਫੈਡਰੇਸ਼ਨ ਵਿੱਚ 700 ਤੋਂ ਵੱਧ ਐਸੋਸੀਏਸ਼ਨਾਂ ਸ਼ਾਮਲ ਹਨ। ਸੁਰੇਸ਼ ਮੈਨੂਫੈਕਚਰਿੰਗ ਫਰਮ ਟੈਕਨੋਸਪਾਰਕ ਚਲਾਉਂਦੇ ਹਨ, ਜਿਸਦਾ ਮੁੱਖ ਦਫਤਰ ਬੈਂਗਲੁਰੂ ਵਿੱਚ ਹੈ।ਉਨ੍ਹਾਂ ਦੀ ਕੰਪਨੀ ਦੇ ਬਰਾਊਸ਼ਰ ਦੇ ਪਹਿਲੇ ਪੰਨੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲੰਡਨ ਵਿੱਚ 12ਵੀਂ ਸਦੀ ਦੇ ਸਮਾਜ ਸੁਧਾਰਕ ਬਸਵੇਸ਼ਵਰ ਦੀ ਮੂਰਤੀ ਦਾ ਉਦਘਾਟਨ ਕਰਨ ਦੀ ਤਸਵੀਰ ਹੈ। ਇਹ ਮੂਰਤੀ ਉਨ੍ਹਾਂ ਦੀ ਆਪਣੀ ਕੰਪਨੀ ਨੇ ਬਣਾਈ ਸੀ, ਜੋ ਭਾਰਤ ਦੀ ਨੰਬਰ ਇਕ ਉਦਯੋਗਿਕ ਗ੍ਰੇਨਾਈਟ ਸਿਸਟਮ ਨਿਰਮਾਤਾ ਹੋਣ ਦਾ ਦਾਅਵਾ ਕਰਦੀ ਹੈ।

ਲੇਕਿਨ ਅੱਜ ਉਨ੍ਹਾਂ ਦੀ ਕੰਪਨੀ ਦੇ ਬੈਂਕ ਖਾਤੇ ਤੋਂ ਲੈਣ-ਦੇਣ 'ਤੇ ਪਾਬੰਦੀ ਲੱਗੀ ਹੋਈ ਹੈ। ਸੁਰੇਸ਼ ਮੁਤਾਬਕ ਬੈਂਕ ਨੇ ਉਨ੍ਹਾਂ ਦੇ ਖਾਤੇ ਨੂੰ ਨਾਨ-ਪਰਫਾਰਮਿੰਗ ਐਸੇਟ ਘੋਸ਼ਿਤ ਕੀਤਾ ਹੈ। ਜਦੋਂ ਅਸੀਂ ਉਨ੍ਹਾਂ ਨੂੰ ਉਨ੍ਹਾਂ ਦੀ ਫੈਕਟਰੀ ਵਿੱਚ ਮਿਲੇ ਤਾਂ ਉਨ੍ਹਾਂ ਨੇ ਕਿਹਾ, ਸਾਡੀਆਂ ਮੁਸ਼ਕਲਾਂ ਵੱਲ ਕੋਈ ਧਿਆਨ ਨਹੀਂ ਦੇ ਰਿਹਾ। ਲਗਪਗ 30% ਲਘੂ ਅਤੇ ਦਰਮਿਆਨੇ ਕਾਟੇਜ ਉਦਯੋਗਾਂ ਦੀ ਹਾਲਤ ਮਾੜੀ ਹੈ। ਕਈ ਬੰਦ ਹੋ ਚੁੱਕੇ ਹਨ। ਮੈਂ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਨੂੰ ਬੇਨਤੀ ਕਰ ਰਿਹਾ ਹਾਂ ਕਿ ਸਾਡੇ ਵੱਲ ਧਿਆਨ ਦਿੱਤਾ ਜਾਵੇ। ਜਦੋਂ ਅਸੀਂ ਮੁੰਬਈ ਵਿੱਚ ਉਦਿਤ ਕੁਮਾਰ (ਬਦਲਿਆ ਹੋਇਆ ਨਾਮ) ਨੂੰ ਮਿਲੇ ਤਾਂ ਰਾਤ ਦੇ ਅੱਠ ਵੱਜ ਚੁੱਕੇ ਸਨ। ਉਹ ਅਜੇ ਆਪਣੇ ਕੰਮ ਤੋਂ ਘਰ ਪਰਤੇ ਨਹੀਂ ਸੀ। ਕੋਵਿਡ ਸੰਕਟ ਤੋਂ ਪਹਿਲਾਂ, ਉਦਿਤ ਕੁਮਾਰ ਇੱਕ ਬਾਰ ਅਤੇ ਰੈਸਟੋਰੈਂਟ ਦੇ ਮਾਲਕ ਸੀ ਪਰ ਹੁਣ ਉਹ ਫੁੱਟਪਾਥ @ਤੇ ਇੱਕ ਛੋਟੀ ਜਿਹੀ ਜਗ੍ਹਾ ਵਿੱਚ ਆਮਲੇਟ ਵੇਚਦੇ ਹਨ।

ਉਨ੍ਹਾਂ ਨੇ ਕਿਹਾ, ਮੇਰੀ ਇਹ ਹਾਲਤ ਇਸ ਲਈ ਹੋ ਗਈ ਕਿਉਂਕਿ ਕੋਵਿਡ ਸੰਕਟ ਦੌਰਾਨ ਆਮ ਲੋਕਾਂ ਅਤੇ ਕਾਰੋਬਾਰੀਆਂ ਦੀ ਮਦਦ ਲਈ ਬਣਾਈਆਂ ਗਈਆਂ ਨੀਤੀਆਂ ਦਾ ਅਸਲੀਅਤ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਮੇਰੇ ਲਈ 12 ਜਣੇ ਕੰਮ ਕਰਦੇ ਸਨ। ਲੇਕਿਨ ਕਿਸੇ ਬੈਂਕ ਨੇ ਮੇਰੀ ਮਦਦ ਨਹੀਂ ਕੀਤੀ। ਕਿਉਂ ? ਮੈਨੂੰ ਦੱਸਿਆ ਗਿਆ ਕਿ ਮੈਂ ਕਿਰਾਏ ਦੀ ਜਗ੍ਹਾ ਵਿੱਚ ਕੰਮ ਕਰ ਰਿਹਾ ਸੀ ਇਸ ਲਈ ਮੈਂ ਕਿਸੇ ਸਹਾਇਤਾ ਲਈ ਯੋਗ ਨਹੀਂ ਸੀ। ਮੈਨੂੰ ਬਹੁਤ ਮਹਿੰਗੇ ਰੇਟ 'ਤੇ ਕਰਜ਼ਾ ਲੈਣਾ ਪਿਆ ਪਰ ਕੋਵਿਡ ਸੰਕਟ ਦੀ ਦੂਜੀ ਲਹਿਰ ਤੋਂ ਬਾਅਦ, ਮੈਂ ਇਸਨੂੰ ਜਾਰੀ ਨਹੀਂ ਰੱਖ ਸਕਿਆ।

ਫੈਡਰੇਸ਼ਨ ਆਫ ਕਰਨਾਟਕ ਚੈਂਬਰਜ਼ ਆਫ ਕਾਮਰਸ ਐਂਡ ਇੰਡਸਟਰੀ (ਕੇਐੱਫਸੀਸੀਆਈ) ਦੇ ਪ੍ਰਧਾਨ ਰਮੇਸ਼ ਚੰਦਰ ਲੋਹਾਟੀ ਦਾ ਕਹਿਣਾ ਹੈ ਕਿ ਕੋਵਿਡ ਸੰਕਟ ਦੌਰਾਨ ਸਰਕਾਰ ਨੇ ਸਾਥ ਦਿੱਤਾ ਪਰ 2022 ਤੋਂ ਬਾਅਦ, ਅਜਿਹੀਆਂ ਕੋਸ਼ਿਸ਼ਾਂ ਲਗਭਗ ਬੰਦ ਹੋ ਗਈਆਂ ਜਦੋਂਕਿ ਅਜੇ ਵੀ ਇਕ ਚੌਥਾਈ ਫਰਮਾਂ ਸੰਕਟ ਤੋਂ ਨਿਕਲਣ ਦੀ ਕੋਸ਼ਿਸ਼ ਕਰ ਰਹੀਆਂ ਹਨ।

**ਸੁਰੇਸ਼, ਉਦਿਤ ਵਰਗਿਆਂ ਦੀ ਇਹ ਹਾਲਤ ਕਿਉਂ ਹੈ?**

ਦੇਸ਼ ਵਿਆਪੀ ਤਾਲਾਬੰਦੀ ਦੇ ਐਲਾਨ ਤੋਂ ਪਹਿਲਾਂ ਹੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿੱਤ ਮੰਤਰੀ ਦੀ ਅਗਵਾਈ ਵਿੱਚ ਕੋਵਿਡ -19 ਆਰਥਿਕ ਰਿਸਪਾਂਸ ਟਾਸਕ ਫੋਰਸ ਬਣਾਉਣ ਦਾ ਐਲਾਨ ਕੀਤਾ ਸੀ। ਇਹ ਘੋਸ਼ਣਾ 19 ਮਾਰਚ, 2020 ਨੂੰ ਕੀਤੀ ਗਈ ਸੀ। ਟਾਸਕ ਫੋਰਸ ਦਾ ਐਲਾਨ ਕਰਦੇ ਹੋਏ , ਉਨ੍ਹਾਂ ਨੇ ਕਿਹਾ ਸੀ, ਆਉਣ ਵਾਲੇ ਦਿਨਾਂ ਵਿੱਚ, ਇਹ ਟਾਸਕ ਫੋਰਸ ਸਾਰੇ ਹਿੱਸੇਦਾਰਾਂ ਨਾਲ ਨਿਯਮਤ ਗੱਲਬਾਤ ਅਤੇ ਫੀਡਬੈਕ ਦੇ ਅਧਾਰ 'ਤੇ ਸਾਰੇ ਹਾਲਾਤਾਂ ਦਾ ਮੁਲਾਂਕਣ ਕਰਨ ਤੋਂ ਬਾਅਦ ਫੈਸਲੇ ਲਵੇਗੀ ਤਾਂ ਜੋ ਆਰਥਿਕ ਮੁਸ਼ਕਿਲਾਂ ਨੂੰ ਘੱਟ ਕਰਨ ਲਈ ਸਾਰੇ ਕਦਮ ਪ੍ਰਭਾਵਸ਼ਾਲੀ ਢੰਗ ਨਾਲ ਚੁੱਕੇ ਜਾ ਸਕਣ। ਜਾਂਚ ਵਿੱਚ ਕੋਈ ਸਬੂਤ ਨਹੀਂ ਮਿਲਿਆ ਕਿ ਟਾਸਕ ਫੋਰਸ ਨੇ ਕੋਈ ਕਾਰਵਾਈ ਕੀਤੀ ਹੋਵੇ, ਜਾਂ ਫਿਰ ਸਰਕਾਰ ਨੂੰ ਕੋਈ ਸਲਾਹ ਦਿੱਤੀ ਹੋਵੇ ਜਾਂ ਕੋਈ ਰਿਪੋਰਟ ਜਾਰੀ ਕੀਤੀ ਹੋਵੇ। ਇਹ ਟਾਸਕ ਫੋਰਸ ਕਿਉਂ ਬਣਾਈ ਗਈ ਸੀ, ਇਹ ਪ੍ਰਧਾਨ ਮੰਤਰੀ ਦੇ ਬਿਆਨ ਤੋਂ ਸਪੱਸ਼ਟ ਹੈ। ਇਸ ਟਾਸਕ ਫੋਰਸ ਦੀ ਗੈਰ-ਮੌਜੂਦਗੀ ਨੇ ਕੋਵਿਡ ਸੰਕਟ ਵਿਰੁੱਧ ਭਾਰਤ ਦੀਆਂ ਕੋਸ਼ਿਸ਼ਾਂ ਅਤੇ ਹੁਣ ਤੱਕ ਦੇ ਇਸ ਦੇ ਪ੍ਰਭਾਵਾਂ ਬਾਰੇ ਮਾਹਰਾਂ ਦੀ ਰਾਇ ਵੰਡੀ ਹੋਈ ਹੈ।

ਸੂਚਨਾ ਅਧਿਕਾਰ ਐਕਟ, 2005 ਦੇ ਤਹਿਤ, ਬੀਬੀਸੀ ਨੇ ਪ੍ਰਧਾਨ ਮੰਤਰੀ ਦਫ਼ਤਰ ਤੋਂ 2020 ਅਤੇ 2023 ਦੇ ਵਿਚਕਾਰ ਦੀ ਹੇਠ ਲਿਖੀ ਜਾਣਕਾਰੀ ਮੰਗੀ:

ਸੂਚਨਾ ਦੇ ਅਧਿਕਾਰ ਨਾਲ ਸਬੰਧਤ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਇਹ ਅਰਜ਼ੀ ਵਿੱਤ ਸਕੱਤਰ ਅਤੇ ਖਰਚਾ ਸਕੱਤਰ, ਡਾ. ਟੀ.ਵੀ. ਸੋਮਨਾਥਨ ਅਤੇ ਹੋਰ ਮੰਤਰਾਲਿਆਂ ਨੂੰ ਭੇਜੀ ਗਈ ਸੀ। ਇਸ ਤੋਂ ਬਾਅਦ ਸਾਨੂੰ ਵਿੱਤ ਮੰਤਰਾਲੇ ਤੋਂ ਜਵਾਬ ਮਿਲਿਆ ਕਿ ਉਨ੍ਹਾਂ ਨੂੰ ਟਾਸਕ ਫੋਰਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਇਸ ਤੋਂ ਬਾਅਦ ਅਸੀਂ ਦੁਬਾਰਾ ਅਰਜ਼ੀਆਂ ਅਤੇ ਪਟੀਸ਼ਨਾਂ ਦਿੱਤੀਆਂ। ਇੱਕ ਅਪੀਲ ਦੇ ਜਵਾਬ ਵਿੱਚ, ਵਿੱਤ ਮੰਤਰਾਲੇ ਨੇ ਦੁਹਰਾਇਆ ਕਿ ਸਾਡੇ ਕੋਲ ਤੁਹਾਡੇ ਵੱਲੋਂ ਮੰਗੀ ਗਈ ਜਾਣਕਾਰੀ ਦੇ ਜਵਾਬ ਵਿੱਚ ਕੋਈ ਜਾਣਕਾਰੀ ਨਹੀਂ ਹੈ। ਇਸ ਦੌਰਾਨ ਅਸੀਂ ਪ੍ਰਧਾਨ ਮੰਤਰੀ ਦੇ ਟਾਸਕ ਫੋਰਸ ਦੀਆਂ ਮੀਟਿੰਗਾਂ ਵਿੱਚ ਸ਼ਾਮਲ ਹੋਣ ਬਾਰੇ ਵੀ ਜਾਣਕਾਰੀ ਮੰਗੀ, ਪਰ ਸਾਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਟਾਸਕ ਫੋਰਸ ਦੇ ਗਠਨ ਦੇ ਐਲਾਨ ਤੋਂ ਬਾਅਦ, ਬੀਬੀਸੀ ਨੂੰ ਇਸ ਨਾਲ ਸਬੰਧਤ ਕੁਝ ਸੰਦਰਭ ਜਾਣਕਾਰੀ ਪ੍ਰਾਪਤ ਹੋਈ ਹੈ।

24 ਮਾਰਚ ਨੂੰ, ਵਿੱਤ ਮੰਤਰੀ ਨੇ ਕਿਹਾ , ਟਾਸਕ ਫੋਰਸ ਦਾ ਬਹੁ-ਪੱਧਰੀ ਢਾਂਚਾ ਪਹਿਲਾਂ ਹੀ ਆਪਣਾ ਕੰਮ ਕਰ ਰਿਹਾ ਹੈ। ਸਾਨੂੰ ਛੋਟੇ ਸਮੂਹਾਂ ਤੋਂ ਇਨਪੁਟ ਮਿਲ ਰਹੇ ਹਨ।ਹਰੇਕ ਇਨਪੁਟ ਦੀ ਸਬੰਧਤ ਵਿਭਾਗ ਨਾਲ ਵਿਸਥਾਰ ਨਾਲ ਸਮੀਖਿਆ ਕੀਤੀ ਜਾ ਰਹੀ ਹੈ ਅਤੇ ਇੱਕ ਆਰਥਿਕ ਪੈਕੇਜ ਉੱਤੇ ਕੰਮ ਕੀਤਾ ਜਾ ਰਿਹਾ ਹੈ।2021 ਵਿੱਚ ਬੀਬੀਸੀ ਦੀ ਇੱਕ ਜਾਂਚ ਵਿੱਚ, ਅਸੀਂ ਦੇਖਿਆ ਕਿ ਕਿਵੇਂ ਮੁੱਖ ਹਿੱਸੇਦਾਰਾਂ, ਜਿਵੇਂ ਕਿ ਭਾਰਤੀ ਰਿਜ਼ਰਵ ਬੈਂਕ, ਵਿੱਤ ਮੰਤਰਾਲਾ, ਲਘੂ ਅਤੇ ਦਰਮਿਆਨੇ ਕਾਟੇਜ ਉਦਯੋਗ ਵਿਭਾਗ, ਕਿਰਤ ਅਤੇ ਰੁਜ਼ਗਾਰ ਮੰਤਰਾਲੇ ਅਤੇ ਨੀਤੀ ਆਯੋਗ ਨਾਲ ਕਿਸੇ ਬਿਨਾਂ ਕਿਸੇ ਸਲਾਹ-ਮਸ਼ਵਰੇ ਤੋਂ ਦੇਸ ਵਿਆਪੀ ਤਾਲਾਬੰਦੀ ਲਾਗੂ ਕਰ ਦਿੱਤੀ ਗਈ ਸੀ।

**ਕੋਵਿਡ ਸੰਕਟ ਵਿੱਚ ਭਾਰਤੀ ਅਰਥਿਕਤਾ ਨਾਲ ਜੁੜੇ ਫੈਸਲੇ ਕਿਵੇਂ ਲਏ ਜਾ ਰਹੇ ਸਨ ?**

ਪ੍ਰੋਫੈਸਰ ਆਸ਼ਿਮਾ ਗੋਇਲ 2020 ਵਿੱਚ ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਦੀ ਮੈਂਬਰ ਸਨ। ਉਹ ਕਹਿੰਦੇ ਹਨ, ਮੈਂ ਟਾਸਕ ਫੋਰਸ ਵਿੱਚ ਸ਼ਾਮਲ ਨਹੀਂ ਸੀ। ਇਸ ਲਈ ਮੈਂ ਇਸ 'ਤੇ ਆਪਣੀ ਪ੍ਰਤੀਕਿਰਿਆ ਨਹੀਂ ਦੇ ਸਕਦੀ ਪਰ ਆਰਥਿਕ ਸਲਾਹਕਾਰ ਪਰਿਸ਼ਦ ਦੀ ਮੈਂਬਰ ਹੋਣ ਦੇ ਨਾਤੇ, ਅਸੀਂ ਈਮੇਲਾਂ ਅਤੇ ਆਹਮੋ-ਸਾਹਮਣੇ ਮੀਟਿੰਗਾਂ ਰਾਹੀਂ ਆਪਣੇ ਵਿਚਾਰ ਦਿੱਤੇ ਹਨ। ਸਾਡੀਆਂ ਬਾਕਾਇਦਾ ਮੀਟਿੰਗਾਂ ਹੁੰਦੀਆਂ ਸਨ।ਉਨ੍ਹਾਂ ਨੇ ਅੱਗੇ ਕਿਹਾ, ਮੈਨੂੰ ਲੱਗਦਾ ਹੈ ਕਿ ਸ਼ੁਰੂਆਤੀ ਪ੍ਰਤੀਕਿਰਿਆ ਤੋਂ ਬਾਅਦ, ਜਦੋਂ ਸਰਕਾਰ ਨੂੰ ਅਹਿਸਾਸ ਹੋਇਆ ਕਿ ਕੋਵਿਡ ਸੰਕਟ ਲੰਬੇ ਸਮੇਂ ਤੱਕ ਜਾਰੀ ਰਹੇਗਾ, ਤਾਂ ਸਰਕਾਰ ਨੇ ਵੱਖ-ਵੱਖ ਉੱਦਮੀਆਂ ਅਤੇ ਮਾਹਰ ਸਮੂਹਾਂ ਨਾਲ ਗੱਲ ਕਰਨੀ ਸ਼ੁਰੂ ਕਰ ਦਿੱਤੀ ਅਤੇ ਉਨ੍ਹਾਂ ਦੇ ਵਿਚਾਰ ਲੈਣੇ ਸ਼ੁਰੂ ਕਰ ਦਿੱਤੇ। ਮੈਨੂੰ ਲਗਦਾ ਹੈ ਕਿ ਅਸੀਂ ਜੋ ਨੀਤੀਆਂ ਅਪਣਾਈਆਂ ਹਨ ਉਹ ਸਮੁੱਚੇ ਤੌਰ 'ਤੇ ਕਾਰਗਰ ਨਹੀਂ ਸਨ। ਭਾਰਤ ਦੇ ਸਾਬਕਾ ਵਿੱਤ ਮੰਤਰੀ ਅਤੇ ਕਾਂਗਰਸ ਨੇਤਾ ਪੀ ਚਿਦੰਬਰਮ ਨੇ ਉਦੋਂ ਪ੍ਰਧਾਨ ਮੰਤਰੀ ਮੋਦੀ ਨੂੰ ਆਪਣੇ ਆਰਥਿਕ ਸਲਾਹਕਾਰਾਂ ਨੂੰ ਬਰਖਾਸਤ ਕਰਨ ਅਤੇ ਨਵੀਂ ਟੀਮ ਚੁਣਨ ਦੀ ਅਪੀਲ ਕੀਤੀ ਸੀ।ਉਨ੍ਹਾਂ ਨੇ ਮੈਨੂੰ ਕਿਹਾ, ਮੈਨੂੰ ਨਹੀਂ ਪਤਾ ਕਿ ਘੋਸ਼ਣਾ ਤੋਂ ਬਾਅਦ ਟਾਸਕ ਫੋਰਸ ਦਾ ਕੀ ਹੋਇਆ ਪਰ ਮੈਂ ਦੇਖ ਸਕਦਾ ਹਾਂ ਕਿ ਸਰਕਾਰ ਆਰਥਿਕ ਮੋਰਚੇ 'ਤੇ ਬੁਰੀ ਤਰ੍ਹਾਂ ਫੇਲ ਹੋਈ ਹੈ। ਉਸਦੇ ਉਪਾਅ ਕਿਸੇ ਕੰਮ ਦੇ ਨਹੀਂ ਸਨ। ਸਰਕਾਰ ਪੂਰੀ ਤਰ੍ਹਾਂ ਤਿਆਰ ਨਹੀਂ ਸੀ। ਉਸਨੇ ਦਾਅਵਾ ਕੀਤਾ, ਕੋਵਿਡ ਤੋਂ ਬਾਅਦ ਛੋਟੇ ਅਤੇ ਦਰਮਿਆਨੇ ਕਾਟੇਜ ਉਦਯੋਗਾਂ ਦੀਆਂ ਹਜ਼ਾਰਾਂ ਫਰਮਾਂ ਬੰਦ ਹੋ ਗਈਆਂ ਸਨ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਸਰਕਾਰ ਉਨ੍ਹਾਂ ਨੂੰ ਪੈਸੇ ਨਹੀਂ ਦੇ ਸਕੀ ਅਤੇ ਇਸ ਕਾਰਨ ਵੱਡੀ ਗਿਣਤੀ ਵਿੱਚ ਨੌਕਰੀਆਂ ਗਈਆਂ। ਮਾਰਚ 2022 ਵਿੱਚ ਇਸ ਖੇਤਰ ਨਾਲ ਸਬੰਧਤ ਯੋਜਨਾਵਾਂ ਦਾ ਐਲਾਨ ਕਰਦੇ ਹੋਏ, ਸਰਕਾਰ ਨੇ ਮੰਨਿਆ ਸੀ ਕਿ ਛੋਟੇ ਅਤੇ ਦਰਮਿਆਨੇ ਕਾਟੇਜ ਉਦਯੋਗ ਖੇਤਰ ਵਿੱਚ ਨੌਕਰੀਆਂ ਨਾਲ ਸਬੰਧਤ ਡੇਟਾ ਮੌਜੂਦ ਨਹੀਂ ਹਨ।

**ਸਰਕਾਰ ਦੁਆਰਾ ਚੁੱਕੇ ਗਏ ਕੁਝ ਕਦਮ ਹਨ:**

ਮੋਦੀ ਸਰਕਾਰ ਨੇ ਕਮਜ਼ੋਰ ਵਰਗਾਂ ਨੂੰ ਸੀਮਤ ਮਿਆਦ ਲਈ ਨਕਦੀ ਅਤੇ ਮੁਫਤ ਅਨਾਜ ਦੇ ਨਾਲ ਸਿੱਧੇ ਲਾਭ ਦੇਣ ਦਿੱਤਾ। ਇਸ ਤੋਂ ਇਲਾਵਾ ਕਾਰੋਬਾਰੀਆਂ ਨੂੰ ਕਰਜ਼ੇ ਦੀ ਗਾਰੰਟੀ ਦੇ ਨਾਲ-ਨਾਲ ਸੌਖੇ ਤਰੀਕੇ ਨਾਲ ਕਰਜ਼ੇ ਤੱਕ ਪਹੁੰਚ ਸਮੇਤ ਸਮੇਤ ਕਈ ਸਹੂਲਤਾਂ ਦਿੱਤੀਆਂ। ਸਰਕਾਰ ਨੇ ਜੋ ਐਲਾਨ ਕੀਤੇ ਸਨ, ਉਨ੍ਹਾਂ ਵਿੱਚ ਈਐੱਮਆਈ ਕਿਸ਼ਤਾਂ ਵਿੱਚ ਛੋਟ ਦੇ ਨਾਲ, ਟੈਕਸ ਵਿੱਚ ਰਿਆਇਤ ਵੀ ਦਿੱਤੀ ਗਈ ਸੀ। ਇਸ ਸਮੇਂ ਦੌਰਾਨ, ਸੂਬਾ ਸਰਕਾਰਾਂ ਦੀ ਉਧਾਰ ਸੀਮਾ ਵੀ ਵਧਾਈ ਗਈ ਸੀ। 2021 ਦਾ ਸਾਲਾਨਾ ਬਜਟ ਪੇਸ਼ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਸਰਕਾਰ ਦਾ ਰਾਹਤ ਪੈਕੇਜ @ਪੰਜ ਮਿੰਨੀ ਬਜਟ@ ਦੇ ਬਰਾਬਰ ਹੈ। ਮੋਦੀ ਸਰਕਾਰ ਦਾ ਆਰਥਿਕ ਸੰਦੇਸ਼ ਹੁਣ 2024 ਅਤੇ 2029 ਦੇ ਪੰਜ ਸਾਲਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਹਾਲ ਹੀ ਵਿੱਚ, ਪ੍ਰਧਾਨ ਮੰਤਰੀ ਮੋਦੀ ਨੇ ਰੇਖਾਂਕਿਤ ਕੀਤਾ, ਅਗਲੇ ਪੰਜ ਸਾਲਾਂ ਵਿੱਚ ਭਾਰਤ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਿਕਤਾ ਵਜੋਂ ਉਭਰੇਗਾ।ਕੌਮਾਂਤਰੀ ਮੁਦਰਾ ਫੰਡ (ਆਈਐੱਮਐੱਫ) ਦੇ ਅਨੁਸਾਰ, ਭਾਰਤ ਦੀ ਅਸਲ ਜੀਡੀਪੀ ਵਿਕਾਸ ਦਰ 2020 ਤੋਂ ਵਾਪਸੀ ਕਰਦੇ ਹੋਏ 9.7 ਪ੍ਰਤੀਸ਼ਤ ਤੱਕ ਪਹੁੰਚ ਗਈ ਅਤੇ ਫਿਰ 7.8 ਪ੍ਰਤੀਸ਼ਤ ਹੋ ਗਈ।ਫਿਲਹਾਲ ਇਹ 6.8 ਫੀਸਦੀ ਰਹਿਣ ਦਾ ਅਨੁਮਾਨ ਹੈ। ਵਿਸ਼ਵ ਬੈਂਕ ਨੇ ਇੱਕ ਚੇਤਾਵਨੀ ਦੇ ਨਾਲ ਭਾਰਤ ਦੀ ਵਿਕਾਸ ਦਰ ਦੀ ਤਾਰੀਫ਼ ਕੀਤੀ ਹੈ।ਇਸ ਵਿੱਚ ਕਿਹਾ ਗਿਆ ਹੈ, ਦੁਨੀਆ ਦੀਆਂ ਸਭ ਤੋਂ ਵੱਡੀਆਂ ਅਰਥਿਕਤਾਵਾਂ ਵਿੱਚੋਂ ਭਾਰਤ ਵਿੱਚ ਸਭ ਤੋਂ ਤੇਜ਼ੀ ਨਾਲ ਵਿਕਾਸ ਦਰ ਰਹਿਣ ਦਾ ਅਨੁਮਾਨ ਹੈ, ਲੇਕਿਨ ਕੋਵਿਡ ਸੰਕਟ ਤੋਂ ਬਾਅਦ ਇਸਦੀ ਰਿਕਵਰੀ ਦਰ ਹੌਲੀ ਰਹਿਣ ਦੀ ਉਮੀਦ ਹੈ। ਟੈਕਨੋਸਪਾਰਕ ਦੇ ਮੋਹਨ ਸੁਰੇਸ਼ ਅਨੁਸਾਰ, ਸਰਕਾਰ ਨੇ ਕੋਵਿਡ ਸੰਕਟ ਦੌਰਾਨ ਜੋ ਕੀਤਾ, ਉਸ ਤੋਂ ਸਾਫ਼ ਹੁੰਦਾ ਹੈ ਕਿ ਜ਼ਮੀਨੀ ਪੱਧਰ ਤੋਂ ਉਸ ਨੂੰ ਸਹੀ ਫੀਡਬੈਕ ਨਹੀਂ ਮਿਲਿਆ।ਮੁੰਬਈ ਦੇ ਸਟ੍ਰੀਟ-ਫੂਡ ਵਿਕਰੇਤਾ ਉਦਿਤ ਕੁਮਾਰ ਵੀ ਇਸ ਨਾਲ ਸਹਿਮਤ ਹਨ।ਉਹ ਕਹਿੰਦੇ ਹਨ, ਜੇਕਰ ਇੱਕ ਚੰਗੀ ਤਰ੍ਹਾਂ ਕੰਮ ਕਰਨ ਵਾਲੀ ਟਾਸਕ ਫੋਰਸ ਨੇ ਸਰਕਾਰ ਨੂੰ ਸਹੀ ਜਾਣਕਾਰੀ ਦਿੱਤੀ ਹੁੰਦੀ, ਤਾਂ ਸ਼ਾਇਦ ਮੇਰੇ ਕੋਲ ਅਜੇ ਵੀ ਮੇਰਾ ਬਾਰ ਅਤੇ ਰੈਸਟੋਰੈਂਟ ਹੁੰਦਾ। ਮੈਂ ਇੱਕ ਅਜਿਹਾ ਵਿਅਕਤੀ ਹਾਂ ਜੋ ਪਹਿਲਾਂ ਸਿਰਫ ਹਵਾਈ ਯਾਤਰਾ ਕਰਦਾ ਸੀ। ਅੱਜ, ਮੈਂ ਸਿਰਫ ਰੇਲ ਰਾਹੀਂ ਸਫ਼ਰ ਸਹਿਣ ਕਰ ਕਰਦਾ ਹਾਂ। ਉਹ ਵੀ ਜਦੋਂ ਮੈਂ ਸਮਾਂ ਕੱਢ ਸਕਾਂ ਇਸ ਤੋਂ ਤੁਹਾਨੂੰ ਪਤਾ ਲੱਗੇਗਾ ਕਿ ਇਸਨੇ ਮੇਰੀ ਜ਼ਿੰਦਗੀ ਵਿੱਚ ਕੀ ਫਰਕ ਆ ਗਿਆ ਹੈ।ਇੱਕ ਟਾਸਕ ਫੋਰਸ ਦੀ ਗੈਰ-ਮੌਜੂਦਗੀ ਵਿੱਚ ਜਿਸ ਨੇ ਸਟੇਕਹੋਲਡਰਾਂ ਦੇ ਇਨਪੁਟਸ ਨਾਲ ਕੰਮ ਕਰਨਾ ਸੀ, ਹੁਣ ਤੱਕ ਆਰਥਿਕਤਾ ਵਿੱਚ ਰਿਕਵਰੀ ਦੀ ਦਰ ਕੀ ਰਹੀ ਹੈ ?ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਪ੍ਰੀਸ਼ਦ ਦੇ ਸਾਬਕਾ ਮੈਂਬਰ ਪ੍ਰੋਫੈਸਰ ਗੋਇਲ ਨੇ ਯਾਦ ਕਰਦੇ ਹੋਏ ਦੱਸਦੇ ਹਨ। ਉਨ੍ਹਾਂ ਨੇ ਕਿਹਾ, ਉਸ ਸਮੇਂ, ਸਾਨੂੰ ਨੀਤੀ ਨਿਰਮਾਤਿਆਂ ਅਤੇ ਨੀਤੀ ਬਣਾਉਣ ਵਾਲੀ ਸੰਸਥਾ ਦੇ ਰੂਪ ਵਿੱਚ ਬਹੁਤ ਦਬਾਅ ਦਾ ਸਾਹਮਣਾ ਕਰਨਾ ਪਿਆ ਸੀ ਕਿ ਭਾਰਤ ਨੂੰ ਉਹੀ ਕਰਨਾ ਚਾਹੀਦਾ ਹੈ ਜੋ ਅਮਰੀਕਾ ਕਰ ਰਿਹਾ ਸੀ, ਭਾਵ ਹਰ ਕਿਸੇ ਨੂੰ ਫੰਡ ਦੇਣਾ। ਛੋਟੇ ਉਦਯੋਗ ਨੂੰ ਫੰਡ ਦੇਣਾ ਪਰ ਤੁਸੀਂ ਜਾਣਦੇ ਸੀ ਕਿ ਇਸ ਨਾਲ ਭਾਰੀ ਘਾਟਾ ਪਵੇਗਾ।ਉਹੀ ਹੋਇਆ ਅਤੇ ਸਾਡਾ ਨੁਕਸਾਨ ਵਧ ਗਿਆ।ਉਨ੍ਹਾਂ ਨੇ ਕਿਹਾ, ਦੁਨੀਆਂ ਭਰ ਵਿੱਚ ਇਹ ਮੰਨਿ ਜਾਂਦਾ ਹੈ ਕਿ ਭਾਰਤੀ ਮੈਕਰੋ ਨੀਤੀ ਨੇ ਇਸ ਸਮੇਂ ਵਧੀਆ ਪ੍ਰਦਰਸ਼ਨ ਕੀਤਾ ਹੈ, ਅਤੇ ਅਰਥਿਕਤਾ ਨੂੰ ਉੱਚਤਮ ਵਿਕਾਸ ਦਰ ਹਾਸਲ ਕਰਨ ਵਿੱਚ ਮਦਦ ਕੀਤੀ ਹੈ ਅਤੇ ਮਹਿੰਗਾਈ ਨੂੰ ਵੀ ਕਾਬੂ ਵਿੱਚ ਰੱਖਿਆ ਹੈ।ਉਹ ਅੱਗੇ ਕਹਿੰਦੇ ਹਨ, ਇਸ ਲਈ ਮੈਨੂੰ ਲੱਗਦਾ ਹੈ ਕਿ ਨੀਤੀਆਂ ਦਾ ਮੁਲਾਂਕਣ ਕਰਨ ਦਾ ਸਭ ਤੋਂ ਬੁੱਧੀਮਾਨ ਤਰੀਕਾ ਹੋਵੇਗਾ ਨਤੀਜਿਆਂ ਨੂੰ ਦੇਖਣਾ ਪਵੇਗਾ। ਜੇਕਰ ਨਤੀਜੇ ਚੰਗੇ ਹਨ, ਤਾਂ ਇਸਦਾ ਮਤਲਬ ਹੈ ਕਿ ਕੁਝ ਇਨਪੁਟ ਜ਼ਰੂਰ ਮਿਲੇ ਹੋਣਗੇ।ਹਾਲਾਂਕਿ ਡਾਕਟਰ ਰਘੂਰਾਮ ਰਾਜਨ ਦੀ ਰਾਇ ਵੱਖਰੀ ਹੈ।ਉਹ ਕਹਿੰਦੇ ਹਨ, ਜੇਕਰ ਅਸੀਂ ਵਿਕਾਸ ਦਰ ਨੂੰ 6 ਫੀਸਦੀ (2016 ਤੋਂ) ਉੱਤੇ ਬਰਕਰਾਰ ਰੱਖਿਆ ਹੁੰਦਾ, ਤਾਂ ਜੋ ਵਿਕਾਸ ਅਸੀਂ ਕਰਦੇ ਅਤੇ ਅੱਜ ਜੋ ਵਿਕਾਸ ਅਸੀਂ ਕਰ ਰਹੇ ਹਾਂ, ਉਸ ਵਿਚਕਾਰ ਬਹੁਤ ਵੱਡਾ ਫਰਕ ਹੈ। ਇਹ ਫਰਕ ਸਿਰਫ਼ ਵਿਕਾਸ ਬਾਰੇ ਨਹੀਂ ਹੈ ਇਹ ਜੀਡੀਪੀ ਦੇ ਪੱਧਰ ਬਾਰੇ ਹੈ - ਅਸੀਂ ਕਿੰਨਾ ਥੋੜ੍ਹਾ ਘਰੇਲੂ ਉਤਪਾਦ ਦਾ ਉਤਪਾਦਨ ਕਰਦੇ ਹਾਂ ਕਿਉਂਕਿ ਸਾਡੀ ਆਰਥਿਕਤਾ ਲਗਾਤਾਰ ਨਹੀਂ ਵਧ ਰਹੀ ਹੈ। ਇਸ ਦੇ ਨਾਲ ਹੀ, ਕੀ ਮੌਜੂਦਾ ਵਿਕਾਸ ਦਰ ਉਸ ਦੀ ਭਰਪਾਈ ਕਰਨ ਲਈ ਕਾਫੀ ਹੈ ? ਨਹੀਂ। ਕੀ ਇਹ ਇੱਕ ਖੁਸ਼ਹਾਲ ਦੇਸ਼ ਬਣਾਉਣ ਲਈ ਕਾਫ਼ੀ ਹੈ ? ਇਸ ਦਰ ਨਾਲ ਸਾਨੂੰ ਬਹੁਤ ਲੰਬਾ ਸਮਾਂ ਲੱਗੇਗਾ।ਕੌਮਾਂਤਰੀ ਮਜ਼ਦੂਰ ਸੰਗਠਨ (ਆਈਐੱਲਓ.) ਨੇ ਆਪਣੀ ਤਾਜ਼ਾ ਰਿਪੋਰਟ ਵਿੱਚ ਕਿਹਾ ਹੈ ਕਿ, @ਭਾਰਤ ਵਿੱਚ ਰੁਜ਼ਗਾਰ ਦੀ ਸਥਿਤੀ ਖ਼ਰਾਬ ਬਣੀ ਹੋਈ ਹੈ।

## ਸਰਕਾਰ ਦੀ ਕੋਈ ਤਿਆਰੀ ਨਹੀਂ ਸੀ- ਆਰਬੀਆਈ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ

ਅਸੀਂ ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਅਤੇ ਇੱਕ ਪ੍ਰਸਿੱਧ ਅਰਥ ਸ਼ਾਸਤਰੀ ਨੂੰ ਪੁੱਛਿਆ ਕਿ ਕੋਵਿਡ ਸੰਕਟ ਤੋਂ ਉਭਰਨ ਵਿੱਚ ਟਾਸਕ ਫੋਰਸ ਦੇ ਕੰਮ ਨਾਲ ਕੀ ਫਰਕ ਆਇਆ ? ਉਹ ਕਹਿੰਦੇ ਹਨ, ਮੈਨੂੰ ਲੱਗਦਾ ਹੈ ਕਿ ਇਸ ਨਾਲ ਵੱਖੋ-ਵੱਖ ਕੰਮਾਂ ਦੇ ਖਰਚੇ ਅਤੇ ਲਾਗਤਾਂ ਦੇ ਬਾਰੇ ਵਿਆਪਕ ਨਜ਼ਰੀਆ ਮਿਲਦਾ ਹੈ। ਸਰਕਾਰ ਵਿਆਪਕ ਸਮਝ ਦੇ ਆਧਾਰ 'ਤੇ ਫੈਸਲੇ ਲੈ ਸਕਦੀ ਸੀ। ਪਿੱਛੇ ਮੁੜ ਕੇ ਦੇਖਦਿਆਂ ਪਤਾ ਲਗਦਾ ਹੈ ਕਿ ਅਸਲੀਅਤ ਇਹ ਸੀ ਕਿ ਅਜਿਹੇ ਬਹੁਤ ਸਾਰੇ ਖੇਤਰ ਸਨ ਜਿਨ੍ਹਾਂ 'ਤੇ ਸਰਕਾਰ ਨੇ ਪੂਰੀ ਤਰ੍ਹਾਂ ਵਿਚਾਰ ਨਹੀਂ ਕੀਤਾ ਸੀ।ਉਦਾਹਰਣ ਵਜੋਂ, ਪ੍ਰਵਾਸੀ ਮਜ਼ਦੂਰਾਂ 'ਤੇ ਪੈਣ ਵਾਲਾ ਪ੍ਰਭਾਵ। ਬਹੁਤ ਹੀ ਥੋੜ੍ਹੇ ਸਮੇਂ ਦੇ ਨੋਟਿਸ 'ਤੇ ਲਾਇਆ ਗਿਆ ਲੌਕਡਾਊਨ ਅਤੇ ਇਸ ਦੇ ਜਾਰੀ ਰੱਖਣ ਨਾਲ ਆਰਥਿਕ ਗਤੀਵਿਧੀਆਂ ਵਿੱਚ ਬੁਰੀ ਤਰ੍ਹਾਂ ਵਿਘਨ ਪਿਆ। ਅਜਿਹੇ ਫੈਸਲੇ ਦੇ ਨਤੀਜੇ ਕੀ ਹੋਣਗੇ ਇਸ ਲਈ ਕੋਈ ਤਿਆਰੀ ਨਹੀਂ ਕੀਤੀ ਗਈ ਸੀ। ਇਸ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਕੀ ਇਸ ਫੈਸਲੇ ਤੋਂ ਪਹਿਲਾਂ ਸੋਚਿਆ ਗਿਆ ਸੀ, ਚਰਚਾ ਕੀਤੀ ਸੀ।ਰਘੂਰਾਮ ਰਾਜਨ ਮੁਤਾਬਕ ਜਾਂਚ ਤੋਂ ਪਤਾ ਲੱਗ ਸਕੇਗਾ ਕਿ ਕੀ ਕੰਮ ਕਾਰਗਰ ਰਿਹਾ ਅਤੇ ਕੀ ਨਹੀਂ ਰਿਹਾ। ਸਰਕਾਰ ਦੇ ਆਪਣੇ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਜੀਡੀਪੀ ਦਰ ਨੂੰ ਕਿੰਨਾ ਨੁਕਸਾਨ ਹੋਇਆ ਹੈ।ਸਾਲ 2020-21 ਦੀ ਪਹਿਲੀ ਤਿਮਾਹੀ ਦੌਰਾਨ ਲਗਭਗ 23.9 ਪ੍ਰਤੀਸ਼ਤ ਦੀ ਗਿਰਾਵਟ ਦਰਜ ਕੀਤੀ ਗਈ ਸੀ, ਜਦੋਂ ਕਿ ਪੂਰੇ ਸਾਲ ਵਿੱਚ 6.6 ਪ੍ਰਤੀਸ਼ਤ ਦੀ ਗਿਰਾਵਟ ਦੇਖੀ ਗਈ ਸੀ।ਕੋਵਿਡ ਸੰਕਟ ਕਾਰਨ ਅਰਥਵਿਵਸਥਾ 'ਤੇ ਪੈਣ ਵਾਲੇ ਪ੍ਰਭਾਵ ਦਾ ਮੁਕਾਬਲਾ ਕਰਨ ਲਈ, ਸਰਕਾਰ ਨੇ ਕਿਹਾ ਕਿ ਉਸ ਨੇ ਬਿਨਾਂ ਕਿਸੇ ਦੇਰੀ ਦੇ ਹਰੇਕ ਸੈਕਟਰ ਅਤੇ ਹਰ ਵਿਅਕਤੀ ਤੱਕ ਪਹੁੰਚ ਕੀਤੀ।

# ਇਜ਼ਰਾਈਲ ਨੇ ਕੀ ਕਾਨੂੰਨ ਤੋੜ ਕੇ ਅਮਰੀਕੀ ਹਥਿਆਰਾਂ ਦੀ ਵਰਤੋਂ ਕੀਤੀ, ਰਿਪੋਰਟ ਕੀ ਕਹਿੰਦੀ ਹੈ



ਅਮਰੀਕਾ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਇਜ਼ਰਾਈਲ ਨੇ ਗਾਜ਼ਾ ਯੁੱਧ ਦੌਰਾਨ ਕੁਝ ਮੌਕਿਆਂ ’ਤੇ ਕੌਮਾਂਤਰੀ ਮਨੁੱਖਤਾਵਾਦੀ ਕਾਨੂੰਨ ਦੀ ਉਲੰਘਣਾ ਕਰਕੇ ਆਪਣੇ ਹਥਿਆਰਾਂ ਦੀ ਵਰਤੋਂ ਕੀਤੀ ਹੋ ਸਕਦੀ ਹੈ। ਅਮਰੀਕੀ ਮੰਤਰਾਲੇ ਨੇ ਕਿਹਾ ਹੈ ਕਿ ਹੋ ਸਕਦਾ ਹੈ ਇਜ਼ਰਾਈਲ ਜਿਨ੍ਹਾਂ ਜ਼ਿੰਮੇਵਾਰੀਆਂ ਨਾਲ ਬੰਨ੍ਹਿਆ ਹੋਇਆ ਹੈ, ਉਨ੍ਹਾਂ ਦੀ ਉਲੰਘਣਾ ਹੋਈ ਹੋਵੇ। ਪਰ ਇਹ ਮੁਲਾਂਕਣ ਕਰਨਾ ਸਹੀ ਹੈ ਕਿ ਅਮਰੀਕਾ ਵੱਲੋਂ ਦਿੱਤੇ ਗਏ ਹਥਿਆਰ ਕਿਨ੍ਹਾਂ ਹਾਲਾਤਾਂ ਵਿੱਚ ਅਤੇ ਕਿਵੇਂ ਵਰਤੇ ਗਏ ਹਨ। ਹਾਲਾਂਕਿ ਅਮਰੀਕਾ ਨੇ ਇਹ ਵੀ ਕਿਹਾ ਹੈ ਕਿ ਉਸ ਵੱਲੋਂ ਕੀਤਾ ਗਿਆ ਮੁਲਾਂਕਣ ਅਧੂਰੀ ਜਾਣਕਾਰੀ ’ਤੇ ਆਧਾਰਿਤ ਹੈ। ਇਜ਼ਰਾਈਲ ਵੱਲੋਂ ਅਮਰੀਕੀ ਹਥਿਆਰਾਂ ਦੀ ਵਰਤੋਂ ਨਾਲ ਸਬੰਧਤ ਰਿਪੋਰਟ ਸ਼ੁੱਕਰਵਾਰ ਨੂੰ ਅਮਰੀਕੀ ਸੰਸਦ ਵਿੱਚ ਪੇਸ਼ ਕੀਤੀ ਗਈ। ਰਿਪੋਰਟ ਦਾਇਰ ਕਰਨ ਵਿੱਚ ਥੋੜ੍ਹੀ ਦੇਰੀ ਹੋਈ ਹੈ। ਅਮਰੀਕੀ ਸੰਸਦ ਨੇ ਆਪਣੇ ਹੁਕਮ ਵਿੱਚ ਗਾਜ਼ਾ-ਇਜ਼ਰਾਈਲ ਸੰਘਰਸ਼ ਵਿੱਚ ਸ਼ਾਮਲ ਇਜ਼ਰਾਈਲ ਅਤੇ ਛੇ ਹੋਰ ਦੇਸਾਂ ਵੱਲੋਂ ਅਮਰੀਕੀ ਹਥਿਆਰਾਂ ਦੀ ਵਰਤੋਂ ਦੀ ਸਮੀਖਿਆ ਕਰਨ ਲਈ ਕਿਹਾ ਹੈ। ਰਿਪੋਰਟ ਵਿੱਚ ਗਾਜ਼ਾ ਵਿੱਚ ਇਜ਼ਰਾਈਲ ਦੀਆਂ ਕੁਝ ਕਾਰਵਾਈਆਂ ਦੀ ਸਪੱਸ਼ਟ ਆਲੋਚਨਾ ਕੀਤੀ ਗਈ ਹੈ ਪਰ ਇਹ ਕਹਿਣ ਤੋਂ ਬਚਿਆ ਗਿਆ ਹੈ ਕਿ ਇਜ਼ਰਾਈਲੀ ਫੌਜ ਨੇ ਕੌਮਾਂਤਰੀ ਕਾਨੂੰਨਾਂ ਦੀ ਉਲੰਘਣਾ ਕੀਤੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਜ਼ਰਾਈਲ ਨੂੰ ਗਾਜ਼ਾ ਵਿੱਚ ਹਮਾਸ ਦੇ ਖਿਲਾਫ @ਅਸਾਧਾਰਨ ਫੌਜੀ ਚੁਣੌਤੀਆਂ@ ਦਾ ਸਾਹਮਣਾ ਕਰਨਾ ਪਿਆ। ਇਸ ਵਿੱਚ ਕਿਹਾ ਗਿਆ ਹੈ ਕਿ ਇਜ਼ਰਾਈਲ ਨੇ ਅਮਰੀਕੀ ਹਥਿਆਰਾਂ ਦੀ ਕਾਨੂੰਨੀ ਵਰਤੋਂ ਬਾਰੇ ਦਿੱਤੀ ਗਈ ਗਰੰਟੀ ਦੀ ਪਾਲਣਾ ਕੀਤੀ ਹੈ। ਇਸ ਸਬੰਧੀ ਇਸ ਦੇ ਭਰੋਸੇ ਭਰੋਸੇਮੰਦ ਰਹੇ ਹਨ, ਇਸ ਲਈ ਇਜ਼ਰਾਈਲ ਨੂੰ ਹਥਿਆਰਾਂ ਦੀ ਸਪਲਾਈ ਜਾਰੀ ਰੱਖੀ ਜਾ ਸਕਦੀ ਹੈ।

**ਅਮਰੀਕਾ ਨੇ ਕਿਹਾ- ਇਜ਼ਰਾਈਲ ਦੇ ਫੈਸਲਿਆਂ ’ਤੇ ਨਜ਼ਰ ਰਹੇਗੀ**

ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕਿਉਂਕਿ ਹਮਾਸ ‘ਫੌਜੀ ਉਦੇਸ਼ਾਂ ਲਈ ਨਾਗਰਿਕ ਬੁਨਿਆਦੀ ਢਾਂਚੇ ਅਤੇ ਮਨੁੱਖੀ ਢਾਲਾਂ ਦੀ ਵਰਤੋਂ ਕਰਦਾ ਹੈ’, ਇਸ ਲਈ ਜੰਗ ਦੇ ਖੇਤਰ ਵਿੱਚ ਜ਼ਮੀਨੀ ਤੱਥਾਂ ਨੂੰ ਨਿਰਧਾਰਤ ਕਰਨਾ ਮੁਸ਼ਕਲ ਹੈ, ਅਤੇ ਇਹ ਵੀ ਕਿ ਸਹੀ ਨਿਸ਼ਾਨੇ ਕਿਹੜੇ ਹਨ ਜਿਨ੍ਹਾਂ ਉੱਤੇ ਸਟੀਕ ਰੂਪ ਵਿੱਚ ਹਮਲਾ ਕੀਤਾ ਜਾ ਸਕਦਾ ਹੈ। ਪਰ ਇਸ ਵਿੱਚ ਇਹ ਯਕੀਨਨ ਕਿਹਾ ਗਿਆ ਹੈ ਕਿ ਅਮਰੀਕਾ ਵਿੱਚ ਬਣੇ ਹਥਿਆਰਾਂ ’ਤੇ ਇਜ਼ਰਾਈਲ ਦੀ ਨਿਰਭਰਤਾ ਰਹੀ ਹੈ। ਅਜਿਹੀ ਸਥਿਤੀ ਵਿੱਚ, ਉਨ੍ਹਾਂ ਦੀ ਵਰਤੋਂ ਕੌਮਾਂਤਰੀ ਮਨੁੱਖਤਾਵਾਦੀ ਕਾਨੂੰਨਾਂ ਦੀ ਉਲੰਘਣਾ ਕਰਦੇ ਹੋਏ ਇਨ੍ਹਾਂ ਦੀ ਵਰਤੋਂ ਹੋਈ ਹੋਵੇਗੀ। ਹੋ ਸਕਦਾ ਹੈ ਕਿ ਲੋਕਾਂ ਨੂੰ ਘੱਟੋ-ਘੱਟ ਨੁਕਸਾਨ ਪਹੁੰਚੇ ਇਸਦਾ ਧਿਆਨ ਰੱਖ ਕੇ ਇਨ੍ਹਾਂ ਹਥਿਆਰਾਂ ਦੀ ਵਰਤੋਂ ਹੋਈ ਹੋਵੇ। ਇਸ ਵਿੱਚ ਕਿਹਾ ਗਿਆ ਹੈ ਕਿ ਇਜ਼ਰਾਈਲ ਕੋਲ ਫੌਜੀ ਕਾਰਵਾਈਆਂ ਰਾਹੀਂ ਆਮ ਨਾਗਰਿਕਾਂ ਨੂੰ ਘੱਟ ਤੋਂ ਘੱਟ ਨੁਕਸਾਨ ਪਹੁੰਚਾਉਣ ਦੇ ਤਰੀਕੇ, ਤਜਰਬਾ ਅਤੇ ਉਪਕਰਨ ਹਨ। ਪਰ ਆਮ ਨਾਗਰਿਕਾਂ ਦੀ ਮੌਤ ਦੀ ਵੱਡੀ ਗਿਣਤੀ ਇਹ ਸਵਾਲ ਚੁੱਕਦੀ ਹੈ ਕਿ ਕੀ ਇਜ਼ਰਾਈਲੀ ਫੌਜ ਨੇ ਹਥਿਆਰਾਂ ਦੀ ਪ੍ਰਭਾਵਸ਼ਾਲੀ ਵਰਤੋਂ ਕੀਤੀ ਵੀ ਜਾਂ ਨਹੀਂ। ਰਿਪੋਰਟ ਮੁਤਾਬਕ ਸੰਯੁਕਤ ਰਾਸ਼ਟਰ ਅਤੇ ਮਨੁੱਖਤਾਵਾਦੀ ਸੰਗਠਨਾਂ ਨੇ ਕਿਹਾ ਹੈ ਕਿ ਇਜ਼ਰਾਈਲ ਨੇ ਨਾਗਰਿਕਾਂ ਨੂੰ ਪਹੁੰਚਣ ਵਾਲੇ ਨੁਕਸਾਨ ਨੂੰ ਘੱਟ ਕਰਨ ਲਈ ਜੋ ਕਦਮ ਚੁੱਕੇ ਹਨ, ਉਹ ਅਸੰਗਤ, ਬੇਅਸਰ ਅਤੇ ਨਾਕਾਫੀ ਸਨ। ਅਮਰੀਕੀ ਵਿਦੇਸ਼ ਮੰਤਰਾਲੇ ਨੇ ਪਾਇਆ ਕਿ ਇਜ਼ਰਾਈਲ ਨੇ ਸੰਘਰਸ਼ ਦੇ ਸ਼ੁਰੂਆਤੀ ਮਹੀਨਿਆਂ ਵਿੱਚ ਗਾਜ਼ਾ ਵਿੱਚ ਮਨੁੱਖੀ ਸਹਾਇਤਾ ਪਹੁੰਚਾਉਣ ਦੇ ਅਮਰੀਕੀ ਯਤਨਾਂ ਵਿੱਚ ਪੂਰੀ ਤਰ੍ਹਾਂ ਸਹਿਯੋਗ ਨਹੀਂ ਕੀਤਾ। ਹਾਲਾਂਕਿ, ਹੁਣ ਉਹ ਸਥਿਤੀ ਬਦਲ ਗਈ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ, ਅਸੀਂ ਇਸ ਵੇਲੇ ਇਹ ਮੁਲਾਂਕਣ ਨਹੀਂ ਕਰ ਰਹੇ ਹਾਂ ਕਿ ਕੀ ਇਜ਼ਰਾਈਲੀ ਸਰਕਾਰ ਗਾਜ਼ਾ ਵਿੱਚ ਅਮਰੀਕੀ ਮਨੁੱਖਤਾਵਾਦੀ ਸਹਾਇਤਾ ਦੀ ਡਿਲਵਰੀ ਜਾਂ ਆਵਾਜਾਈ ਨੂੰ ਰੋਕ ਰਹੀ ਹੈ ਜਾਂ ਸੀਮਤ ਕਰ ਰਹੀ ਹੈ। ਇਸ ਰਿਪੋਰਟ ਦੇ ਲੇਖਕਾਂ ਵਿੱਚ ਤੁਰਕੀ ਵਿੱਚ ਸਾਬਕਾ ਅਮਰੀਕੀ ਰਾਜਦੂਤ ਡੇਵਿਡ ਸੈਟਰਫੀਲਡ ਸ਼ਾਮਿਲ ਰਹੇ ਹਨ। ਉਨ੍ਹਾਂ ਨੇ ਬੀਬੀਸੀ ਨੂੰ ਦੱਸਿਆ ਕਿ ਇਹ ਆਪਣੀ ਕਿਸਮ ਦੀ ਪਹਿਲੀ ਰਿਪੋਰਟ ਹੈ। ਅਮਰੀਕਾ ਇਜ਼ਰਾਈਲ ਦੇ ਕਦਮਾਂ ਦੀ ਸਮੀਖਿਆ ਕਰਨਾ ਜਾਰੀ ਰੱਖੇਗਾ।ਉਨ੍ਹਾਂ ਨੇ ਕਿਹਾ, ਦੁਨੀਆਂ ਨੇ ਅਜਿਹਾ ਟਕਰਾਅ ਕਦੇ ਨਹੀਂ ਦੇਖਿਆ ਹੈ। ਅਸੀਂ ਸਪੱਸ਼ਟ ਅਤੇ ਭਰੋਸੇਮੰਦ ਫੈਸਲਾ ਦੇਣ ਲਈ ਹਰ ਚੀਜ਼ ’ਤੇ ਵਿਚਾਰ ਕੀਤਾ ਹੈ।

## ਬਾਇਡਨ ਦੀ ਚੇਤਾਵਨੀ ਦਾ ਕਿੰਨਾ ਅਸਰ ਹੋਵੇਗਾ

ਇਹ ਰਿਪੋਰਟ ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਦੁਆਰਾ ਜਨਤਕ ਤੌਰ ’ਤੇ ਜਾਰੀ ਕੀਤੀ ਗਈ ਚੇਤਾਵਨੀ ਤੋਂ ਬਾਅਦ ਆਈ ਹੈ ਕਿ ਜੇਕਰ ਇਜ਼ਰਾਈਲ ਰਫਾਹ ’ਤੇ ਹਮਲਾ ਕਰਦਾ ਹੈ ਤਾਂ ਉਹ ਉਸ ਨੂੰ ਬੰਬਾਂ ਅਤੇ ਤੋਪਾਂ ਦੀ ਸਪਲਾਈ ਬੰਦ ਕਰ ਦੇਵੇਗਾ। ਇਸ ਸਮੇਂ ਲੱਖਾਂ ਫਲਸਤੀਨੀ ਰਫਾਹ ਵਿੱਚ ਸ਼ਰਨ ਲੈ ਰਹੇ ਹਨ।ਇਸ ਰਿਪੋਰਟ ਦੇ ਪ੍ਰਕਾਸ਼ਿਤ ਹੋਣ ਤੋਂ ਕੁਝ ਸਮਾਂ ਪਹਿਲਾਂ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਚੇਤਾਵਨੀ ਦਿੱਤੀ ਸੀ ਕਿ ਰਫਾਹ ਵਿੱਚ ਕਾਰਵਾਈ ‘ਲਾਲ ਲਕੀਰ’ ਨੂੰ ਪਾਰ ਕਰ ਦੇਵੇਗੀ। ਉਸ ਨੇ ਕਿਹਾ ਸੀ ਕਿ ਜੇ ਲੋੜ ਪਈ ਤਾਂ ਇਜ਼ਰਾਈਲ ਪੂਰੀ ਤਰ੍ਹਾਂ ਆਪਣੇ ਦਮ ’ਤੇ ਲੜੇਗਾ।ਸੰਯੁਕਤ ਰਾਸ਼ਟਰ ਨੇ ਕਿਹਾ ਹੈ ਕਿ ਸੋਮਵਾਰ ਤੋਂ ਹੁਣ ਤੱਕ 80 ਹਜ਼ਾਰ ਲੋਕ ਰਫਾਹ ਤੋਂ ਭੱਜ ਚੁੱਕੇ ਹਨ। ਲਗਾਤਾਰ ਬੰਬਾਰੀ ਦੌਰਾਨ ਇਜ਼ਰਾਈਲੀ ਟੈਂਕ ਅਜਿਹੀਆਂ ਥਾਵਾਂ ’ਤੇ ਇਕੱਠੇ ਹੋ ਰਹੇ ਹਨ ਜਿੱਥੋਂ ਅਗਲੀ ਕਾਰਵਾਈ ਕੀਤੀ ਜਾ ਸਕਦੀ ਹੈ।ਇਸ ਦੌਰਾਨ ਇਜ਼ਰਾਈਲੀ ਫੌਜ ਨੇ ਜ਼ਮੀਨੀ ਕੰਟਰੋਲ ਸਥਾਪਤ ਕਰ ਲਿਆ ਹੈ ਅਤੇ ਮਿਸਰ ਦੇ ਨਾਲ ਰਫਾਹ ਕਰਾਸਿੰਗ ਨੂੰ ਬੰਦ ਕਰ ਦਿੱਤਾ ਹੈ।ਉਥੇ ਹੀ ਸੰਯੁਕਤ ਰਾਸ਼ਟਰ ਨੇ ਕਿਹਾ ਹੈ ਕਿ ਕੇਰੇਮ ਸ਼ਾਲੋਮ ਕਰਾਸਿੰਗ ਤੋਂ ਇਜ਼ਰਾਈਲ ਜਾਣ ਵਾਲੀ ਸੜਕ ਉਸ ਦੇ ਵਾਹਨਾਂ ਅਤੇ ਕਰਮਚਾਰੀਆਂ ਲਈ ਬੇਹੱਦ ਖਤਰਨਾਕ ਬਣ ਗਈ ਹੈ।ਹਮਾਸ ਨੇ ਪਿਛਲੇ ਸਾਲ 7 ਅਕਤੂਬਰ ਨੂੰ ਦੱਖਣੀ ਗਾਜ਼ਾ ’ਤੇ ਹਮਲਾ ਕੀਤਾ ਸੀ। ਇਸ ਹਮਲੇ ਵਿਚ 1200 ਇਜ਼ਰਾਇਲੀ ਨਾਗਰਿਕ ਮਾਰੇ ਗਏ ਸਨ ਅਤੇ 252 ਲੋਕਾਂ ਨੂੰ ਬੰਧਕ ਬਣਾ ਲਿਆ ਗਿਆ ਸੀ।ਇਸ ਤੋਂ ਬਾਅਦ ਇਜ਼ਰਾਈਲ ਨੇ ਗਾਜ਼ਾ ’ਤੇ ਜਵਾਬੀ ਹਮਲੇ ਸ਼ੁਰੂ ਕਰ ਦਿੱਤੇ। ਹਮਾਸ ਦੁਆਰਾ ਚਲਾਏ ਜਾ ਰਹੇ ਸਿਹਤ ਮੰਤਰਾਲੇ ਦੀ ਰਿਪੋਰਟ ਅਨੁਸਾਰ ਇਸ ਹਮਲੇ ਵਿੱਚ ਹੁਣ ਤੱਕ ਮਰਨ ਵਾਲਿਆਂ ਦੀ ਗਿਣਤੀ 34,900 ਹੋ ਗਈ ਹੈ।

# ਮਜ਼ਦੂਰ ਵਰਗ ਦੇ ਹਿੱਤਾਂ ਵਿੱਚ ਨਹੀਂ ਹੈ ‘ਨਵਾਂ ਭਾਰਤ’

ਭਾਰਤ’ਲੇਖਕ : ਡਾਕਟਰ ਕੇਸਰ ਸਿੰਘ ਭੰਗੂ
ਸੰਪਰਕ: 98154-27127

ਦੁਨੀਆ ਭਰ ਵਿੱਚ ਇੱਕ ਮਈ ਨੂੰ ਮਜ਼ਦੂਰ ਦਿਵਸ ਵਜੋਂ ਮਨਾਇਆ ਜਾਂਦਾ ਹੈ। ਮਈ 1886 ਵਿੱਚ ਸ਼ਿਕਾਗੋ ਤੋਂ ਕਿਰਤੀਆਂ ਅਤੇ ਮਿਹਨਤਕਸ਼ ਲੋਕਾਂ ਨੇ ਸੰਘਰਸ਼ ਕਰਕੇ, ਸ਼ਹੀਦੀਆਂ ਦੇ ਕੇ ਸਰਮਾਏਦਾਰਾਂ ਅਤੇ ਕਾਰਪੋਰੇਟਾਂ ਦੇ ਸੋਸ਼ਣ ਤੋਂ ਨਿਜਾਤ ਪਾਉਣ ਲਈ ਪਹਿਲਾਂ ਰੋਜ਼ਾਨਾ 8 ਘੰਟੇ ਕੰਮ ਕਰਨ ਦਾ ਕਾਨੂੰਨ ਬਣਾਉਣ ਅਤੇ ਬਾਅਦ ਵਿੱਚ ਹੋਰ ਕਾਨੂੰਨ ਬਣਾਉਣ ਲਈ ਸਰਕਾਰਾਂ ਨੂੰ ਮਜਬੂਰ ਕਰ ਦਿੱਤਾ ਸੀ। ਦੁਨੀਆ ਭਰ ਦੇ ਕਿਰਤੀਆਂ ਅਤੇ ਮਿਹਨਤਕਸ਼ ਲੋਕਾਂ ਨੇ ਉਨ੍ਹੀਵੀਂ ਸਦੀ ਦੇ ਅਖੀਰਲੇ ਸਾਲਾਂ ਅਤੇ 20ਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਵਿੱਚ ਸੰਗਠਿਤ ਹੋ ਕੇ ਤਿੱਖੇ ਅਤੇ ਵੱਡੇ ਸੰਘਰਸ਼ ਕਰਕੇ ਆਪਣੀ ਸਮਾਜਿਕ ਅਤੇ ਆਰਥਿਕ ਸੁਰੱਖਿਆ ਲਈ ਕਾਨੂੰਨ ਅਤੇ ਕਿਰਤ ਕਾਨੂੰਨ ਬਣਾਉਣ ਤੇ ਲਾਗੂ ਕਰਵਾਉਣ ਵਿੱਚ ਸਫਲਤਾ ਹਾਸਲ ਕੀਤੀ ਸੀ। ਇਸ ਨਾਲ ਦੁਨੀਆ ਭਰ ਵਿੱਚ ਕਿਰਤ ਮਿਆਰਾਂ ਵਿੱਚ ਇਕਸਾਰਤਾ ਲਿਆਉਣ ਅਤੇ ਕਾਮਿਆਂ ਦੀ ਲੁੱਟ-ਖਸੁੱਟ ਅਤੇ ਸ਼ੋਸ਼ਣ ਬੰਦ ਕਰਵਾਉਣ ਦੇ ਮਕਸਦ ਨਾਲ 1919 ਵਿੱਚ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੀ ਹੋਂਦ ਸਭ ਤੋਂ ਵੱਧ ਜ਼ਿਕਰਯੋਗ ਘਟਨਾ ਹੈ। ਇਹ ਮਜ਼ਦੂਰਾਂ ਸਬੰਧੀ ਕਾਨੂੰਨਾਂ ਅਤੇ ਮਸਲਿਆਂ ਦੇ ਨਿਬੇੜੇ ਲਈ ਮੀਲ ਪੱਥਰ ਸਾਬਤ ਹੋਈ ਹੈ। ਇਸੇ ਮਕਸਦ ਨਾਲ ਭਾਰਤ ਵਿੱਚ ਵੀ ਮਜ਼ਦੂਰੀ ਦੀਆਂ ਦਰਾਂ, ਸਿਹਤ ਤੇ ਸੁਰੱਖਿਆ, ਕਲਿਆਣ, ਮਜ਼ਦੂਰ ਯੂਨੀਅਨਾਂ, ਸਨਅਤੀ ਝਗੜੇ ਸੁਲਝਾਉਣ, ਰੁਜ਼ਗਾਰ ਦੀ ਸੁਰੱਖਿਆ ਅਤੇ ਮਜ਼ਦੂਰਾਂ ਅਤੇ ਕਰਮਚਾਰੀਆਂ ਦੇ ਹੋਰ ਮਸਲਿਆਂ ਸਬੰਧੀ ਅਨੇਕਾਂ ਕਾਨੂੰਨ ਬਣੇ ਅਤੇ ਲਾਗੂ ਕੀਤੇ ਗਏ।

ਭਾਰਤ ਵਿੱਚ 2014 ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਨੀਤੀਵਾਨਾਂ, ਮਾਹਿਰਾਂ, ਸਿਆਸਤਦਾਨਾਂ ਅਤੇ ਹੋਰਨਾਂ ਨੇ ਬੜੇ ਜ਼ੋਰ ਸ਼ੋਰ ਨਾਲ ਇਸ ਨੂੰ ਨਵੇਂ ਭਾਰਤ ਦੀ ਸ਼ੁਰੂਆਤ ਦੱਸਿਆ ਸੀ। ਪਰ ਕੀ ਨਵਾਂ ਭਾਰਤ ਮਜ਼ਦੂਰ ਜਮਾਤ ਅਤੇ ਮਿਹਨਤਕਸ਼ ਲੋਕਾਂ ਦੇ ਹਿੱਤਾਂ ਵਿੱਚ ਹੈ ਕਿ ਨਹੀਂ ? ਅੱਜਕੱਲ੍ਹ ਵੀ ਬੜੇ ਜ਼ੋਰ ਸ਼ੋਰ ਨਾਲ ਕਿਹਾ ਜਾ ਰਿਹਾ ਹੈ ‘ਨਵਾਂ ਭਾਰਤ’ ਸਿਰਜਿਆ ਜਾ ਰਿਹਾ ਅਤੇ ਦੇਸ਼ 2027 ਤੱਕ ਕੁੱਲ ਘਰੇਲੂ ਪੈਦਾਵਾਰ ਦੇ ਮਾਮਲੇ ਵਿੱਚ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਦੇਸ਼ ਬਣ ਜਾਵੇਗਾ। 2047 ਤੱਕ ਦੁਨੀਆ ਦੇ ਵਿਕਸਿਤ ਦੇਸ਼ਾਂ ਵਿੱਚ ਸ਼ਾਮਲ ਹੋ ਜਾਵੇਗਾ। ਇਸ ਮਕਸਦ ਦੀ ਪੂਰਤੀ ਲਈ ਪਹਿਲਾਂ ਤੋਂ ਹੀ ਉਦਾਰਵਾਦੀ ਨੀਤੀਆਂ ਨੂੰ ਹੋਰ ਉਦਾਰਵਾਦੀ ਬਣਾਇਆ ਜਾ ਰਿਹਾ ਹੈ। ਸੰਸਾਰ ਪੱਧਰ ‘ਤੇ ਉਦਾਰਵਾਦੀ ਨੀਤੀਆਂ ਲਾਗੂ ਹੋਣ ਤੋਂ ਬਾਅਦ ਅੰਤਰਰਾਸ਼ਟਰੀ ਸੰਸਥਾਵਾਂ ਜਿਵੇਂ ਕਿ ਵਿਸ਼ਵ ਬੈਂਕ, ਅੰਤਰਰਾਸ਼ਟਰੀ ਮੁਦਰਾ ਕੋਸ਼, ਸਾਮਰਾਜੀ ਅਤੇ ਪੂੰਜੀਪਤੀ ਸ਼ਕਤੀਆਂ ਨੇ ਸਮੇਂ ਸਮੇਂ ਦੀਆਂ ਸਰਕਾਰਾਂ ‘ਤੇ ਨਿਵੇਸ਼ ਵਧਾਉਣ ਅਤੇ ਆਰਥਿਕ ਤਰੱਕੀ ਦੀ ਦਰ ਉੱਚੀ ਕਰਨ ਦੇ ਬਹਾਨੇ ਇਹ ਦਬਾਅ ਬਣਾਇਆ ਕਿ ਮੌਜੂਦਾ ਮਜ਼ਦੂਰਾਂ ਸਬੰਧੀ ਕਾਨੂੰਨਾਂ ਵਿੱਚ ਕਾਰਪੋਰੇਟ ਘਰਾਣਿਆਂ, ਸਰਮਾਏਦਾਰਾਂ ਅਤੇ ਪੂੰਜੀਪਤੀਆਂ ਦੇ ਪੱਖ ਵਿੱਚ ਤਬਦੀਲੀਆਂ ਕੀਤੀਆਂ ਜਾਣ। ਦੁਨੀਆ ਭਰ ਵਿੱਚ ਸਰਕਾਰਾਂ ਨੇ ਕਾਰਪੋਰੇਟ ਘਰਾਣਿਆਂ ਅਤੇ ਪੂੰਜੀਪਤੀਆਂ ਨਾਲ ਗੰਢ-ਤੁੱਪ ਕਰਕੇ ਯੋਜਨਾਬੱਧ ਤਰੀਕੇ ਨਾਲ ਕਿਰਤ ਕਾਨੂੰਨਾਂ ਨੂੰ ਮਜ਼ਦੂਰਾਂ ਵਿਰੁੱਧ ਨਰਮ ਕੀਤਾ ਜਾਂ ਖ਼ਤਮ ਕੀਤਾ ਹੈ। ਭਾਰਤ ਵਿੱਚ ਵੀ 1980ਵਿਆਂ ਤੋਂ ਬਾਅਦ ਕਾਰਪੋਰੇਟ ਸਨਅਤਕਾਰਾਂ ਅਤੇ ਸਰਮਾਏਦਾਰਾਂ ਅਤੇ ਵੱਖ-ਵੱਖ ਕੇਂਦਰ ਸਰਕਾਰਾਂ ਦੀ ਯੋਜਨਾਬੱਧ ਮਿਲੀਭੁਗਤ ਨਾਲ ਮਜ਼ਦੂਰਾਂ ਦੇ ਹੱਕਾਂ ਅਤੇ ਅਧਿਕਾਰਾਂ ਖਿਲਾਫ਼ ਮਜ਼ਦੂਰਾਂ ਸਬੰਧੀ ਕਾਨੂੰਨਾਂ ਵਿੱਚ ਸੋਧਾਂ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ। ਅੱਜ ਉਹ ਆਪਣੇ ਇਸ ਮਕਸਦ ਵਿੱਚ ਸਫਲ ਹੋਏ ਹਨ ਕਿਉਂਕਿ ਦੇਸ਼ ਵਿੱਚ ਲਾਗੂ ਸਾਰੇ ਕਿਰਤ ਕਾਨੂੰਨਾਂ ਨੂੰ ਮਜ਼ਦੂਰਾਂ ਦੇ ਹਿੱਤਾਂ ਦੇ ਵਿਰੁੱਧ ਚਾਰ ਕਿਰਤ ਕੋਡਾਂ ਵਿੱਚ ਬਦਲ ਦਿੱਤਾ ਗਿਆ ਹੈ। ਇਨ੍ਹਾਂ ਕੋਡਾਂ ਨੂੰ ਅਪਰੈਲ 2023 ਤੋਂ ਲਾਗੂ ਕਰਨਾ ਸੀ ਪਰ ਕੁਝ ਰਾਜਸੀ ਕਾਰਨਾਂ ਕਾਰਨ ਫਿਲਹਾਲ ਲਾਗੂ ਨਹੀਂ ਕੀਤੇ ਗਏ।

ਇਨ੍ਹਾਂ ਨੀਤੀਆਂ ਉੱਪਰ ਅਮਲ ਤੋਂ ਬਾਅਦ ਦੇਸ਼ ਵਿੱਚ ਲਘੂ ਅਤੇ ਘਰੇਲੂ ਉਦਯੋਗ ਦੇ ਮਜ਼ਦੂਰਾਂ ਦੀ ਹਾਲਤ ਬਹੁਤ ਤਰਸਯੋਗ ਅਤੇ ਪਤਲੀ ਪੈ ਗਈ ਹੈ। ਨਵੀਆਂ ਨੀਤੀਆਂ ਦੀ ਆੜ ਹੇਠ ਵਿਦੇਸ਼ੀ ਪੂੰਜੀਪਤੀਆਂ, ਕਾਰਪੋਰੇਟ ਘਰਾਣਿਆਂ, ਬਹੁ-ਕੌਮੀ ਕੰਪਨੀਆਂ ਅਤੇ ਭਾਰਤੀ ਪੂੰਜੀਪਤੀਆਂ ਨੂੰ ਵੱਧ ਸਹੂਲਤਾਂ ਦੇ ਕੇ ਲਘੂ ਉਦਯੋਗ ਦੀ ਕੀਮਤ ‘ਤੇ ਵੱਡੇ ਉਦਯੋਗਾਂ ਨੂੰ ਵਿਕਸਤ ਕਰਨ ਲਈ ਉਤਸ਼ਾਹਿਤ ਕੀਤਾ ਗਿਆ। ਇਸੇ ਤਰ੍ਹਾਂ ਬਰਾਮਦਾਂ ਨੂੰ ਵੀ ਕਸਟਮ ਡਿਊਟੀ ਘੱਟ ਕਰ ਕੇ ਅਤੇ ਹੋਰ ਸਹੂਲਤਾਂ ਦੇ ਕੇ ਉਤਸ਼ਾਹਿਤ ਕੀਤਾ ਗਿਆ ਜਿਸ ਨਾਲ ਦੇਸ਼ ਵਿੱਚ ਘਰੇਲੂ ਅਤੇ ਲਘੂ ਉਦਯੋਗ ਦੀਆਂ ਵਸਤਾਂ ਨਾਲੋਂ ਵਿਦੇਸ਼ੀ ਵਸਤਾਂ ਸਸਤੀਆਂ ਹੋ ਗਈਆਂ। ਇਸ ਨਾਲ ਭਾਰਤੀ ਉਦਯੋਗ ਖ਼ਾਸ ਕਰ ਕੇ ਲਘੂ ਉਦਯੋਗ ਨੂੰ ਜ਼ਬਰਦਸਤ ਧੱਕਾ ਲੱਗਿਆ। ਪਿਛਲੇ ਸਮੇਂ ਤੋਂ ਸਰਕਾਰ ਦੀ ਘਰੇਲੂ ਅਤੇ ਲਘੂ ਉਦਯੋਗ ਬਾਰੇ ਕੋਈ ਸਪੱਸ਼ਟ ਨੀਤੀ ਵੀ ਨਹੀਂ ਹੈ ਜਿਸ ਕਾਰਨ ਇਹ ਉਦਯੋਗ ਅਤੇ ਇਨ੍ਹਾਂ ਵਿੱਚ ਲੱਗੇ ਕਾਮੇ ਘੋਰ ਮੰਦੀ ਦਾ ਸ਼ਿਕਾਰ ਹੋ ਗਏ। ਇੱਥੇ ਇਹ ਵਰਨਣਯੋਗ ਹੈ ਕਿ ਇਨ੍ਹਾਂ ਉਦਯੋਗਾਂ ਦਾ ਰੁਜ਼ਗਾਰ ਮੁਹੱਈਆ ਕਰਵਾਉਣ ਵਿੱਚ ਵਿਸ਼ੇਸ਼ ਮਹੱਤਵ ਹੈ ਕਿਉਂਕਿ ਇਨ੍ਹਾਂ ਵਿੱਚ ਰੁਜ਼ਗਾਰ ਪੈਦਾ ਕਰਨ ਦੀ ਵਾਧਾ ਦਰ ਵੱਡੇ ਉਦਯੋਗਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਹੁੰਦੀ ਹੈ। ਅਜਿਹੇ ਹਾਲਾਤ ਵਿੱਚ ਦੇਸ਼ ਵਿੱਚ ਬੇਰੁਜ਼ਗਾਰੀ ਵਿੱਚ ਵਾਧਾ ਹੋਇਆ ਹੈ ਪਰ ਸਰਕਾਰਾਂ ਨੇ ਬੇਰੁਜ਼ਗਾਰ ਹੋਏ ਮਜ਼ਦੂਰਾਂ ਦੀ ਕੋਈ ਸਾਰ ਨਹੀਂ ਲਈ ਅਤੇ ਮਜ਼ਦੂਰਾਂ ਦੀਆਂ ਔਕੜਾਂ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ।

ਭਾਵੇਂ ਭਾਰਤ ਸਰਕਾਰ ਨੇ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਵੱਲੋਂ ਨਿਰਧਾਰਤ ਕਿਰਤ ਸ਼ਰਤਾਂ ਅਤੇ ਕਿਰਤ ਮਿਆਰਾਂ ਨੂੰ ਅਸੂਲਨ ਮੰਨਿਆ ਹੋਇਆ ਹੈ ਪਰ ਪੜਤਾਲ ਉਪਰੰਤ ਪਤਾ ਲੱਗਦਾ ਹੈ ਕਿ ਇਨ੍ਹਾਂ ਸ਼ਰਤਾਂ ਅਤੇ ਮਿਆਰਾਂ ਨੂੰ ਦੇਸ਼ ਵਿੱਚ ਇੰਨ-ਬਿੰਨ ਲਾਗੂ ਨਹੀਂ ਕੀਤਾ ਜਾ ਰਿਹਾ ਹੈ। ਸਰਕਾਰ ਵੱਲੋਂ ਨਿਰਧਾਰਤ ਸ਼ਰਤਾਂ ਅਤੇ ਮਿਆਰਾਂ ਦੇ ਮੱਦੇਨਜ਼ਰ ਦੇਸ਼ ਵਿੱਚ ਵੱਖ ਵੱਖ ਵਿਸ਼ਿਆਂ ਲਈ ਕਾਨੂੰਨ ਬਣਾਏ ਅਤੇ ਲਾਗੂ ਕੀਤੇ ਗਏ। ਇਨ੍ਹਾਂ ਵਿੱਚ ਮੁੱਖ ਤੌਰ ‘ਤੇ ਫੈਕਟਰੀਜ਼ ਐਕਟ, ਘੱਟੋ ਘੱਟ ਉਜਰਤਾਂ ਐਕਟ, ਇੰਡਸਟਰੀਅਲ ਡਿਸਪਿਊਟਸ ਐਕਟ, ਟਰੇਡ ਯੂਨੀਅਨ ਐਕਟ, ਪੇਮੈਂਟ ਆਫ ਬੋਨਸ ਐਕਟ, ਇੰਡਸਟਰੀਅਲ ਸੇਫਟੀ ਐਕਟ, ਬੱਚਿਆਂ ਦੇ ਰੁਜ਼ਗਾਰ ਸਬੰਧੀ ਐਕਟ, ਔਰਤਾਂ ਦੇ ਰੁਜ਼ਗਾਰ ਸਬੰਧੀ ਐਕਟ ਆਦਿ। ਇਹ ਸ਼ਰਤਾਂ ਅਤੇ ਮਿਆਰ ਸਰਕਾਰੀ ਅਦਾਰਿਆਂ ਜਾਂ ਵੱਡੇ ਉਦਯੋਗਾਂ ਵਿੱਚ ਤਾਂ ਲਾਗੂ ਕੀਤੇ ਗਏ ਜਿੱਥੇ ਮਜ਼ਦੂਰ ਯੂਨੀਅਨਾਂ ਸੰਗਠਿਤ ਅਤੇ ਤਕੜੀਆਂ ਹਨ ਪਰ ਛੋਟੇ ਅਨਰਜਿਸਟਰਡ ਅਦਾਰਿਆਂ ਅਤੇ ਗ਼ੈਰ-ਸੰਗਠਿਤ ਖੇਤਰ ਦੇ ਅਦਾਰਿਆਂ ਵਿੱਚ ਲਾਗੂ ਨਹੀਂ ਕੀਤਾ ਜਾ ਰਿਹਾ ਹੈ। ਨਵੀਆਂ ਆਰਥਿਕ ਨੀਤੀਆਂ ਦੇ ਸਮੇਂ ਦੌਰਾਨ ਇਨ੍ਹਾਂ ਸ਼ਰਤਾਂ ਅਤੇ ਮਿਆਰਾਂ ਨੂੰ ਸਰਕਾਰੀ ਅਦਾਰਿਆਂ ਅਤੇ ਵੱਡੇ ਉਦਯੋਗਾਂ ਵਿੱਚ ਲਾਗੂ ਕਰਨ ਵੇਲੇ ਢਿੱਲ ਮੱਠ ਅਤੇ ਟਾਲ ਮਟੋਲ ਦੀ ਨੀਤੀ ਅਪਣਾਈ ਜਾ ਰਹੀ ਹੈ। ਅੰਤਰਰਾਸ਼ਟਰੀ ਕਿਰਤ ਸ਼ਰਤਾਂ ਅਤੇ ਮਿਆਰਾਂ ਅਨੁਸਾਰ ਕੰਮ ਦੇ ਘੰਟੇ, ਘੱਟੋ ਘੱਟ ਉਜਰਤਾਂ ਦੀ ਦਰ, ਛੁੱਟੀਆਂ, ਸਿਹਤ ਸਹੂਲਤਾਂ, ਕੰਮ ਦੀਆਂ ਹਾਲਤਾਂ, ਸਮਾਜਿਕ ਸੁਰੱਖਿਆ, ਮਹਿਲਾ ਮਜ਼ਦੂਰਾਂ ਲਈ ਸਹੂਲਤਾਂ ਆਦਿ ਨੂੰ ਹੁਣ ਲਾਗੂ ਕਰਨ ਲਈ ਸਰਕਾਰਾਂ ਪੂੰਜੀਪਤੀਆਂ ਅਤੇ ਕਾਰਪੋਰੇਟ ਘਰਾਣਿਆਂ ਦੇ ਦਬਾਅ ਕਾਰਨ ਸੁਹਿਰਦ ਨਹੀਂ ਹਨ ਅਤੇ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਪੱਖੀ ਪਹੁੰਚ ਨਹੀਂ ਅਪਣਾ ਰਹੀਆਂ ਬਲਕਿ ਦੋਗਲੀ ਨੀਤੀ ਅਪਣਾ ਰਹੀਆਂ ਹਨ। ਅੰਤਰਰਾਸ਼ਟਰੀ ਸੰਸਥਾਵਾਂ ਵੱਲੋਂ ਇਨ੍ਹਾਂ ਸ਼ਰਤਾਂ ਅਤੇ ਮਿਆਰਾਂ ਨੂੰ ਲਾਗੂ ਕਰਵਾਉਣ ਲਈ ਪਾਏ ਜਾਂਦੇ ਜ਼ੋਰ ਨੂੰ ਬੇਲੋੜਾ ਬਾਹਰੀ ਦਖਲ ਦੱਸ ਕੇ ਨਕਾਰਿਆ ਜਾ ਰਿਹਾ ਹੈ। ਇਨ੍ਹਾਂ ਰੁਝਾਨਾਂ ਅਤੇ ਵਰਤਾਰਿਆਂ ਤੋਂ ਸਾਫ਼ ਅਤੇ ਸਪੱਸ਼ਟ ਸੰਕੇਤ ਮਿਲਦੇ ਹਨ ਕਿ ਸਰਕਾਰਾਂ ਨੇ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਦੇ ਹਿੱਤਾਂ ਅਤੇ ਹੱਕਾਂ ਦੀ ਸੁਰੱਖਿਆ ਕਰਨ ਤੋਂ ਪਾਸਾ ਵੱਟ ਲਿਆ ਹੈ ਅਤੇ ਉਹ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਤੋਂ ਬੇਮੁਖ ਹੋ ਗਈਆਂ ਹਨ। ਪੂੰਜੀਪਤੀਆਂ ਅਤੇ ਕਾਰਪੋਰੇਟ ਘਰਾਣਿਆਂ ਨੂੰ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਨੂੰ ਦੋਹੀਂ ਹੱਥੀਂ ਲੁੱਟਣ ਦੀ ਖੁੱਲ੍ਹ ਦੇ ਦਿੱਤੀ ਹੈ। ਅਜਿਹੇ ਹਾਲਾਤ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਲਈ ਬੇਹੱਦ ਘਾਤਕ ਸਿੱਧ ਹੋ ਰਹੇ ਹਨ।

# "ਲੱਚਰ ਗਾਇਕੀ ਦੀ ਬਦੌਲਤ ਕੁਰਾਹੇ ਪਈ ਨੌਜਵਾਨ ਪੀੜ੍ਹੀ"



ਪੰਜਾਬ ਦੀ ਧਰਤੀ ਬਹੁਤ ਹੀ ਪਵਿੱਤਰ ਧਰਤੀ ਹੈ। ਇਸ ਧਰਤੀ ਤੇ ਜਿੱਥੇ ਗੁਰੂਆਂ ਪੀਰਾਂ ਸੂਫ਼ੀ ਸੰਤਾਂ ਨੇ ਜਨਮ ਲੈ ਕੇ ਭਾਗ ਲਾਏ ਉਥੇ ਹੀ ਸੂਰਬੀਰ ਯੋਧਿਆਂ ਨੇ ਆਪਣੀਆਂ ਲਾ ਮਿਸਾਲ ਸ਼ਹਾਦਤਾਂ ਨਾਲ ਇਸ ਧਰਤੀ ਨੂੰ ਆਪਣੇ ਲਹੂ ਦੀ ਰੰਗਤ ਦਿੱਤੀ। ਪੰਜਾਬ ਦਾ ਵਿਰਸਾ ਸ਼ੁਰੂ ਤੋਂ ਹੀ ਦੇਸ਼ ਭਗਤੀ, ਸੰਗੀਤਕ, ਧਾਰਮਿਕ ਤੇ ਆਪਸੀ ਭਾਈਚਾਰੇ ਵਾਲਾ ਰਿਹਾ ਹੈ। ਜੇਕਰ ਸੰਗੀਤ ਦੀ ਗੱਲ ਕਰੀਏ ਤਾਂ ਸਾਡੇ ਗੁਰੂ ਸਹਿਬਾਨਾਂ ਨੇ ਪਵਿੱਤਰ ਗੁਰਬਾਣੀ ਨੂੰ ਰਾਗਾਂ ਵਿੱਚ ਕਲਮਬੱਧ ਕਰਕੇ ਇਸ ਦਾ ਬੇਮਿਸਾਲ ਮੁੱਢ ਬੰਨ੍ਹਿਆਂ ਤੇ ਸੰਗੀਤ ਨਾਲ ਸਾਡੀ ਸਾਂਝ ਪਾ ਕੇ ਸਾਨੂੰ ਇੱਕ ਗੌਰਵਮਈ ਸੱਭਿਅਕ ਤੇ ਸੱਭਿਆਚਾਰਕ ਰੰਗ ਬਖਸ਼ਿਆ। ਪੁਰਾਤਨ ਸਮੇਂ ਤੋਂ ਹੀ ਸੰਗੀਤ ਨੂੰ ਰੂਹ ਦੀ ਖੁਰਾਕ ਮੰਨਿਆ ਗਿਆ ਹੈ ਤੇ ਵੱਖ ਵੱਖ ਸੂਬਿਆਂ ਵਿੱਚ ਇਸ ਦਾ ਆਪਣਾ ਇੱਕ ਵੱਖਰਾ ਵੱਖਰਾ ਰੰਗ ਹੈ। ਜੇ ਪੰਜਾਬ ਦੀ ਗੱਲ ਕਰੀਏ ਤਾਂ ਸੰਗੀਤ ਨੂੰ ਪੁਰਾਣੇ ਸਮਿਆਂ ਵਿੱਚ ਰੇਡੀਓ, ਲਾਊਡ ਸਪੀਕਰਾਂ, ਪੱਥਰ ਦੇ ਤਵਿਆਂ, ਮੇਲੇ ਅਤੇ ਅਖਾੜਿਆਂ ਵਿੱਚ ਕਲਾਕਾਰਾਂ ਤੋਂ ਲਾਈਵ ਸੁਣਿਆ ਜਾਂਦਾ ਸੀ। ਉਸ ਵਕਤ ਗੀਤ ਸੰਗੀਤ ਦਾ ਮਿਆਰ ਬਹੁਤ ਵਧੀਆ, ਰੂਹ ਨੂੰ ਸਕੂਨ ਦੇਣ ਵਾਲਾ ਸੀ ਤੇ ਇਹ ਮਹਿਜ ਇੱਕ ਸੁਣਨ ਦਾ ਹੀ ਵਿਸ਼ਾ ਸੀ। ਸਮੇਂ ਦੇ ਨਾਲ ਇਸ ਵਿੱਚ ਬਹੁਤ ਪਰਿਵਰਤਨ ਆਇਆ ਤੇ ਹੌਲੀ ਹੌਲੀ ਇਸ ਦੀ ਸਾਰੀ ਰੰਗਤ ਹੀ ਬਦਲ ਗਈ। ਸੰਗੀਤ ਨੂੰ ਟੀ.ਵੀ, ਡੀ.ਜੇ, ਆਰਕੈਸਟਰਾ ਦੀਆਂ ਸਟੇਜਾਂ ਅਤੇ ਫਿਲਮੀ ਪਰਦੇ ਤੇ ਵੇਖਿਆ ਜਾਣ ਲੱਗਾ। ਜਿਉਂ ਹੀ ਹੌਲੀ ਹੌਲੀ ਸੰਗੀਤ ਦੀ ਰੂਪ ਰੇਖਾ ਬਦਲੀ ਤਾਂ ਲੋਕ ਗਾਇਕੀ ਵਿੱਚ ਘੱਟ ਯੋਗਤਾ ਰੱਖਣ ਵਾਲੇ ਕਲਾਕਾਰਾਂ ਨੇ ਵੀ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ। ਫਿਰ ਨਵੇਂ ਪੁਰਾਣੇ ਗਾਇਕਾਂ ਨੇ ਰਲ ਮਿਲ ਕੇ ਕੈਸਟਾਂ ਰਾਹੀਂ ਆਪਣੀ ਹਾਜ਼ਰੀ ਲਵਾਉਣੀ ਸ਼ੁਰੂ ਕਰ ਦਿੱਤੀ ਤੇ ਦਿਨ ਬਦਿਨ ਸੰਗੀਤ ਜਗਤ ਵਿੱਚ ਬੜੀ ਤੇਜੀ ਨਾਲ ਤਬਦੀਲੀ ਆਉਣ ਲੱਗੀ। ਕੁਝ ਚਿਰ ਇਹ ਸਿਲਸਿਲਾ ਵਧੀਆ ਤਰੀਕੇ ਨਾਲ ਚੱਲਦਾ ਰਿਹਾ ਪਰ ਜਲਦੀ ਹੀ ਘਟੀਆ ਮਿਆਰ ਵਾਲੇ ਗਾਇਕਾਂ ਨੇ ਕਾਮਯਾਬੀ ਦੀ ਲਾਲਸਾ ਵਿੱਚ ਫਸ ਕੇ ਆਪਣੀ ਲੱਚਰ ਤੇ ਅਸ਼ਲੀਲ ਗਾਇਕੀ ਨਾਲ ਸਾਡੇ ਮਾਣਮੱਤੇ ਸੱਭਿਆਚਾਰ ਨੂੰ ਮਲੀਨ ਕਰਨਾ ਸ਼ੁਰੂ ਕਰ ਦਿੱਤਾ। ਇਸ ਬੇ-ਅਰਥੀ ਗਾਇਕੀ ਨੂੰ ਬਹੁ ਗਿਣਤੀ ਵਿੱਚ ਸਰੋਤਿਆਂ ਵੱਲੋਂ ਵੀ ਭਰਵਾਂ ਹੁੰਗਾਰਾ ਮਿਲਿਆ ਤੇ ਇਸ ਦਾ ਪਸਾਰ ਬੜੇ ਵੱਡੇ ਪੱਧਰ ਤੇ ਫੈਲਣ ਲੱਗਾ। ਫਿਰ ਇਸ ਗਾਇਕੀ ਤੇ ਵਪਾਰੀ ਵਰਗ ਦੀ ਨਜ਼ਰ ਪਈ ਤੇ ਇਹਨਾਂ ਲੋਕਾਂ ਨੇ ਸੰਗੀਤ ਨੂੰ ਧੰਦੇ ਵਜੋਂ ਅਪਣਾਇਆ ਤੇ ਪੈਸੇ ਦੇ ਰੂਪ ਵਿੱਚ ਰੱਜ ਕੇ ਲਾਹਾ ਲੈਣ ਲੱਗੇ। ਗੀਤ ਸੰਗੀਤ ਦਾ ਫਿਲਮਾਂਕਣ ਹੋਣਾ ਸ਼ੁਰੂ ਹੋਇਆ ਤੇ ਸੱਭਿਆਚਾਰ ਦੇ ਨਾਂ ਤੇ ਇਹਨਾਂ ਲੋਕਾਂ ਨੇ ਐਸਾ ਗੰਦ ਮੰਦ ਪਰੋਸਿਆ ਕਿ ਇਹ ਸ਼ਰਮ ਹਯਾ ਦੇ ਸਭ ਹੱਦ ਬੰਨੇ ਟੱਪ ਗਏ। ਫਿਰ ਹੌਲੀ ਹੌਲੀ ਇਹ ਸਿਲਸਿਲਾ ਇੱਥੋਂ ਤੱਕ ਪੁੱਜ ਗਿਆ ਕਿ ਗੀਤ ਸੁਣਨ ਦਾ ਨਹੀਂ ਸਿਰਫ ਇੱਕ ਵੇਖਣ ਦਾ ਵਿਸ਼ਾ ਬਣ ਕੇ ਰਹਿ ਗਿਆ ਸੀ। ਜਿੱਥੇ ਸਮੇਂ ਦੇ ਨਾਲ ਨਾਲ ਚੰਗੇ ਸਰੋਤਿਆਂ ਦੀ ਗਿਣਤੀ ਘਟਣ ਲੱਗੀ ਉੱਥੇ ਹੀ ਆਪਣੀ ਕਲਾ ਵਿੱਚ ਨਿਪੁੰਨ ਤੇ ਵਧੀਆ ਗਾਉਣ ਵਾਲੇ ਚੰਗੇ ਗਾਇਕ ਵੀ ਸਿਮਟ ਕੇ ਰਹਿ ਗਏ। ਨਤੀਜੇ ਵਜੋਂ ਗੀਤ ਸੰਗੀਤ ਵਿੱਚ ਮਨ ਪਰਚਾਵੇ ਦਾ ਘਟੀਆ ਰੰਗ ਦਿਨ ਬਦਿਨ ਗੂੜ੍ਹਾ ਹੁੰਦਾ ਗਿਆ ਤੇ ਸੱਭਿਆਚਾਰ ਦਾ ਰੰਗ ਬਿੱਲਕੁੱਲ ਫਿੱਕਾ ਪੈ ਗਿਆ। ਦੇਖਿਆ ਜਾਏ ਤਾਂ ਅੱਜ ਅਸ਼ਲੀਲਤਾ ਨਾਲ ਭਰੀ ਗਾਇਕੀ ਦੀ ਹਨੇਰੀ ਮੈਰਿਜ ਪੈਲੇਸਾਂ, ਡੀ.ਜੇ, ਬੱਸਾਂ, ਟਰੱਕਾਂ,ਟਰੈਕਟਰਾਂ, ਸਮਾਰਟ ਫੋਨਾਂ ਤੇ ਘਰਾਂ ਵਿੱਚ ਨਿੱਜੀ ਟੀ.ਵੀ ਚੈਨਲਾਂ ਤੇ ਲਗਾਤਾਰ ਵਗ ਰਹੀ ਹੈ। ਇਹ ਗਾਇਕੀ ਜੱਟ, ਔਰਤਾਂ, ਆਸ਼ਿਕੀ, ਨਸ਼ਿਆਂ ਤੇ ਹਥਿਆਰਾਂ ਦੇ ਦੁਆਲੇ ਹੀ ਘੁੰਮ ਰਹੀ ਹੈ ਜਿਸ ਨੂੰ ਵੇਖ ਵੇਖ ਕੇ ਅੱਜ ਦੀ ਨੌਜਵਾਨ ਪੀੜ੍ਹੀ ਕੁਰਾਹੇ ਪੈ ਰਹੀ ਹੈ। ਹਰ ਰੋਜ ਦਿਨ ਦਿਹਾੜੇ ਹੋ ਰਹੇ ਕਤਲ, ਲੁੱਟ-ਖੋਹ, ਗੁੰਡਾਗਰਦੀ ਤੇ ਬਲਾਤਕਾਰ ਅਸਲ ਵਿੱਚ ਇਸ ਭੜਕਾਊ ਗਾਇਕੀ ਦੀ ਹੀ ਦੇਣ ਹਨ। ਅੱਜ ਦੇ ਗੀਤਾਂ ਦੀ ਵੀਡੀਓਗ੍ਰਾਫੀ ਵਿੱਚ ਹਥਿਆਰਾਂ ਦਾ ਇਸ ਤਰੀਕੇ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ ਜਿਸ ਨੂੰ ਵੇਖ ਕੇ ਅੱਜ ਦੇ ਨੌਜਵਾਨ ਮਨ ਵਿੱਚ ਗੈਂਗਸਟਰ ਬਣਨ ਦਾ ਸ਼ੌਂਕ ਪਾਲ ਰਹੇ ਹਨ ਤੇ ਆਏ ਦਿਨ ਦਰਦਨਾਕ ਘਟਨਾਵਾਂ ਨੂੰ ਅੰਜਾਮ ਦੇ ਰਹੇ ਹਨ। ਦੂਜੇ ਪੱਖ ਤੋਂ ਜੇਕਰ ਗੱਲ ਕਰੀਏ ਤਾਂ ਇਸ ਤਰਾਂ ਦੀ ਗਾਇਕੀ ਨੂੰ ਵਿਕਸਿਤ ਕਰਨ ਵਿੱਚ ਗਾਇਕਾਂ ਦੇ ਨਾਲ ਨਾਲ ਗੀਤਕਾਰ ਵੀ ਬਰਾਬਰ ਦੇ ਜਿੰਮੇਵਾਰ ਰਹੇ ਹਨ ਜਿਹਨਾਂ ਨੇ ਆਪਣੀ ਕਲਮ ਨੂੰ ਇਸ ਮਾੜੇ ਪੱਖ ਲਈ ਵਰਤਿਆ ਤੇ ਸੱਭਿਆਚਾਰ ਦਾ ਰੱਜ ਕੇ ਘਾਣ ਕੀਤਾ। ਅਗਰ ਇਹਨਾਂ ਗੀਤਕਾਰਾਂ ਨੇ ਫ਼ੋਕੀ ਸ਼ੋਹਰਤ ਤੇ ਪੈਸੇ ਦੇ ਲਾਲਚ ਨੂੰ ਤਿਆਗ ਕੇ ਇੱਕ ਚੰਗੀ ਲਿਖਤ ਨੂੰ ਪਹਿਲ ਦਿੱਤੀ ਹੁੰਦੀ ਤਾਂ ਸਾਡੇ ਕੁਰਾਹੇ ਪੈ ਚੁੱਕੇ ਨੌਜਵਾਨਾਂ ਨੇ ਆਪਣੀ ਜੀਵਨ ਸ਼ੈਲੀ ਨੂੰ ਇੱਕ ਚੰਗੇ ਰੰਗ ਵਿੱਚ ਰੰਗਿਆ ਹੁੰਦਾ ਤੇ ਉਹਨਾਂ ਦਾ ਅਕਸ ਏਨਾ ਖਰਾਬ ਨਾ ਹੁੰਦਾ। ਅਜਿਹੇ ਗੀਤਕਾਰਾਂ ਦੇ ਸਬੰਧ ਵਿੱਚ ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਪਵਿੱਤਰ ਗੁਰਬਾਣੀ ਵਿੱਚ ਲਿਖਿਆ ਹੈ:-

ਕਲਮ ਜਲਉ ਸਣੁ ਮਸਵਾਣੀਐ
ਕਾਗਦੁ ਭੀ ਜਲਿ ਜਾਉ।।
ਲਿਖਣ ਵਾਲਾ ਜਲਿ ਬਲਉ
ਜਿਨਿ ਲਿਖਿਆ ਦੂਜਾ ਭਾਉ।।

ਆਪ ਫਰਮਾਉਂਦੇ ਹਨ ਕਿ ਉਹ ਕਲਮ ਹੀ ਦਵਾਤ ਅਤੇ ਕਾਗਜ ਸਮੇਤ ਸੜ ਮੱਚ ਜਾਵੇ ਜੋ ਇਸ ਤਰਾਂ ਦੀ ਲਿਖਤ ਨੂੰ ਲਿਖਦੀ ਹੈ ਤੇ ਰੱਬ ਕਰ ਕੇ ਉਹ ਲਿਖਾਰੀ ਹੀ ਸੜ ਬਲ ਜਾਵੇ ਜੋ ਇਸ ਤਰਾਂ ਦੇ ਦਵੈਤ ਭਾਵ ਨੂੰ ਲਿਖਦਾ ਹੈ। ਇਸ ਤੋਂ ਉਪਰੰਤ ਇਹਨਾਂ ਗਾਇਕ ਤੇ ਗੀਤਕਾਰਾਂ ਤੋਂ ਕਿਤੇ ਵੱਧ ਉਹ ਸਰੋਤੇ ਜਿੰਮੇਵਾਰ ਹਨ ਜੋ ਇਸ ਤਰਾਂ ਦੀ ਗਾਇਕੀ ਨੂੰ ਸਵੀਕਾਰਦੇ ਹਨ। ਸਾਡੇ ਸਰੋਤਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਇਸ ਤਰਾਂ ਦੀ ਲੱਚਰ ਗਾਇਕੀ ਦਾ ਡਟ ਕੇ ਵਿਰੋਧ ਕਰਨ ਅਤੇ ਅਜਿਹੇ ਗਾਇਕਾਂ ਤੋਂ ਇਸ ਤਰਾਂ ਦੀ ਗਾਇਕੀ ਪ੍ਰਤੀ ਜਵਾਬ ਮੰਗਣ। ਅਜਿਹੀ ਲੱਚਰਤਾ ਭਰੀ ਗਾਇਕੀ ਦਾ ਸਹਾਰਾ ਲੈਂਦੇ ਹੋਏ ਜਿੱਥੇ ਗਾਇਕ, ਗੀਤਕਾਰ, ਚੈਨਲ ਮਾਲਕ ਖੂਬ ਡਾਲਰ ਪੌਂਡ ਕਮਾ ਕੇ ਲਗਜ਼ਰੀ ਗੱਡੀਆਂ ਤੇ ਬੰਗਲਿਆਂ ਦੇ ਮਾਲਕ ਬਣ ਗਏ ਹਨ ਉੱਥੇ ਹੀ ਅੱਜ ਚੰਗੀ ਸੋਚ ਰੱਖਣ ਵਾਲੇ ਤੇ ਸੱਭਿਆਚਾਰ ਨੂੰ ਪਿਆਰ ਕਰਨ ਵਾਲੇ ਚੰਗੇ ਗਾਇਕ, ਗੀਤਕਾਰ ਤੇ ਸਰੋਤੇ ਇਸ ਲੱਚਰ ਗਾਇਕੀ ਤੋਂ ਪਰੇਸ਼ਾਨ ਹਨ। ਕਦੇ ਵਕਤ ਸੀ ਕਿ ਇਹ ਸੰਗੀਤ ਸਾਡੇ ਮਨ ਨੂੰ ਟੁੰਬਦਾ ਸੀ ਤੇ ਰੂਹ ਵਿੱਚ ਚਾਅ ਖੇੜਾ ਪੈਦਾ ਕਰਦਾ ਸੀ ਪਰ ਅੱਜ ਇਸ ਦਾ ਰੂਪ ਬਦਲ ਜਾਣ ਕਾਰਨ ਇਹ ਨੌਜਵਾਨ ਪੀੜ੍ਹੀ ਨੂੰ ਗਲਤ ਰਸਤੇ ਤੇ ਚੱਲਣ ਲਈ ਉਕਸਾ ਰਿਹਾ ਹੈ। ਅੱਜ ਸਾਡੇ ਨੌਜਵਾਨ ਜਿੱਥੇ ਪਹਿਲਾਂ ਹੀ ਨਸ਼ਿਆਂ ਦੀ ਮਾਰ ਨਾਲ ਆਪਣਾ ਆਪ ਬਰਬਾਦ ਕਰੀ ਬੈਠੇ ਹਨ ਉੱਥੇ ਅੱਜ ਦੀ ਮਾੜੀ ਗਾਇਕੀ ਦੇ ਪਰਭਾਵ ਹੇਠ ਆ ਕੇ ਕੁਰਾਹੇ ਪੈ ਚੁੱਕੇ ਹਨ ਕਿਉਂਕਿ ਹੁਣ ਗਾਇਕੀ ਵਿੱਚ ਨਸ਼ੇ, ਆਸ਼ਿਕੀ, ਮਹਿੰਗੀਆਂ ਕਾਰਾਂ ਤੇ ਹਥਿਆਰਾਂ ਦਾ ਪ੍ਰਦਰਸ਼ਨ ਜਿਆਦਾ ਕੀਤਾ ਜਾਂਦਾ ਹੈ। ਮੌਕੇ ਦੇ ਮੁਤਾਬਿਕ ਸਰਕਾਰਾਂ, ਬੁੱਧੀਜੀਵੀਆਂ, ਧਾਰਮਿਕ ਤੇ ਸਹਿਤਕ ਜਥੇਬੰਦੀਆਂ ਨੂੰ ਵੀ ਚਾਹੀਦਾ ਹੈ ਕਿ ਉਹ ਸਭ ਰਲ ਮਿਲ ਕੇ ਚੰਗੇ ਸੰਗੀਤ ਨੂੰ ਵਿਕਸਿਤ ਕਰਨ ਲਈ ਵਿਸ਼ੇਸ਼ ਉਪਰਾਲੇ ਕਰਨ ਤਾਂ ਜੋ ਹੋ ਰਹੇ ਸੱਭਿਆਚਾਰ ਦੇ ਇਸ ਉਜਾੜੇ ਨੂੰ ਠੱਲ ਪਾਈ ਜਾ ਸਕੇ। ਖਾਸ ਕਰ ਕੇ ਸਾਡੇ ਅੱਜ ਦੇ ਨੌਜਵਾਨ ਸਰੋਤੇ ਇਸ ਲੱਚਰ ਤੇ ਫ਼ੁਕਰਪੁਣੇ ਵਾਲੀ ਗਾਇਕੀ ਦਾ ਡਟ ਕੇ ਵਿਰੋਧ ਕਰਨ ਤਦ ਹੀ ਅਸੀਂ ਆਉਣ ਵਾਲੀ ਪੀੜ੍ਹੀ ਨੂੰ ਪਵਿੱਤਰ ਸੋਚ, ਚੰਗੀ ਸਿੱਖਿਆ ਤੇ ਸੇਧ ਦੇ ਸਕਦੇ ਹਾਂ। ਆਉ ਅਸੀਂ ਸਭ ਰਲ ਮਿਲ ਕੇ ਚੰਗੀ ਤੇ ਮਿਆਰੀ ਗਾਇਕੀ ਨੂੰ ਪ੍ਰਫੁੱਲਤ ਕਰਨ ਲਈ ਬਣਦਾ ਯੋਗਦਾਨ ਪਾਈਏ ਤਾਂ ਜੋ ਵਿਰਸੇ ਵਿੱਚ ਮਿਲੇ ਆਪਣੇ ਇਸ ਅਮੀਰ ਤੇ ਗੌਰਵਮਈ ਸੱਭਿਆਚਾਰ ਨੂੰ ਬਚਾ ਸਕੀਏ..!!

**ਗੁਰਦੀਪ ਸਿੰਘ "ਭੁੱਲਰ"**
**ਮੋ: 9417241037**

## ਬੋਝ

ਅੱਜ ਐਤਵਾਰ ਹੋਣ ਕਰਕੇ ਜਵਾਕਾਂ ਨੂੰ ਟਿਊਸ਼ਨ ਤੋਂ ਛੁੱਟੀ ਸੀ .....ਮੈਂ ਵਿਹਲੀ ਬੈਠੀ ਬੋਰ ਹੋ ਗਈ ।ਸੋਚਿਆ ਕਿ ਮਾਂ ਨਾਲ ਕੋਈ ਕੰਮ ਵਿੱਚ ਹੱਥ ਵਟਾ ਦਵਾ....ਮੈਂ ਬਿਨਾਂ ਕੁੱਝ ਪੁੱਛੇ ਜਾ ਕੇ ਮਾਂ ਨਾਲ ਸਬਜ਼ੀ ਕੱਟਵਾਉਣ ਲੱਗ ਗਈ ।ਅਸੀਂ ਘਰ ਬਾਰੇ ਹੀ ਕੁੱਝ ਗੱਲਾਂ ਕਰ ਰਹੇ ਸੀ .......ਬਾਹਰੋਂ ਗੇਟ ਵਿੱਚ ਆਵਾਜ਼ ਆਈ ......"ਕੁੜੇ ਕੋਈ ਘਰ ਹੈਗਾ ਕਿ ਨਹੀਂ..?ਕੋਈ ਬੋਲਦਾ ਹੀ ਨੀਂ...?" ਇਹ ਆਵਾਜ਼ ਚਾਚੀ ਕਰਤਾਰੀ ਦੀ ਸੀ ।ਆਜਾ ਚਾਚੀ ਲੰਘ ਆ ਅੱਗੇ .....ਅੱਜ ਹਵਾ ਸੋਹਣੀ ਚੱਲਦੀ ਸੀ ਨਿੰਮ ਥੱਲੇ ਹੀ ਮੰਜਾਂ ਡਾਹ ਲਿਆ ....ਮਾਂ ਨੇ ਚਾਚੀ ਨੂੰ ਦੱਸਿਆ ।

ਅੱਛਾ ਇਹ ਤਾਂ ਚੰਗਾ ਕੀਤਾ ਕੁੜੇ.......ਏ ਕੂਲਰ, ਪੱਖਿਆਂ ਦੀ ਹਵਾ ਕਿੱਥੇ ਰੀਸ ਕਰਲੂ ਦੇਸੀ ਏ.ਸੀ ਦੀ ।

ਕੁਦਰਤੀ ਹਵਾ ਤਾਂ ਸਗੋਂ ਸਰੀਰ ਲਈ ਲਾਹੇਵੰਦ ਆ.....ਚਾਚੀ ਨੇ ਮਸਕਰੀ ਕਰਦੀ ਨੇ ਆਖਿਆ ਤੇ ਪਿੱਛੋਂ ਮਿੰਨਾਂ ਜਾ ਹੱਸ ਪਈ ।ਮਾਂ ਨੇ ਸਤਿਕਾਰ ਵਜੋਂ ਚਾਚੀ ਦੇ ਪੈਰੀ ਹੱਥ ਲਗਾਏ ਤੇ ਮੈਂ ਵੀ ਉੱਪਰਲੇ ਮਨੋਂ ਆਖ ਦਿੱਤਾ ....... ਚਾਚੀ ਜੀ ਸਤਿ ਸ੍ਰੀ ਅਕਾਲ ।

ਅੱਗੋਂ ਚਾਚੀ ਨੇ ਜਵਾਬ ਦਿੱਤਾ........ਸਤਿ ਸ੍ਰੀ ਅਕਾਲ ਧੀਏ ।

ਹੋਰ ਠੀਕ -ਠਾਕ ਭਾਈ ...ਹਾਂਜੀ ਸਭ ਵਧੀਆ ।

ਮੈਂ ਅੱਗੇ ਕੁੱਝ ਬੋਲਣਾ ਨੀ ਚਾਹੁੰਦੀ ਸੀ ।ਮੈਨੂੰ ਕਰਤਾਰੀ ਚਾਚੀ ਸੂਰੂ ਤੋਂ ਚੰਗੀ ਨੀ ਲੱਗਦੀ ਸੀ ......ਬੇਸੱਕ ਉਹ ਸਾਡੇ ਘਰਾਂ ਵਿੱਚੋਂ ਵੱਡੀ ਸੀ ।ਉਸਦੀ ਇੰਨੀ ਮਾੜੀ ਆਦਤ ਸੀ ਕਿ ਜਿਸ ਘਰ ਚਲੀ ਜਾਂਦੀ ਉਸ ਘਰ ਲੜਾਈ ਪਵਾ ਦਿੰਦੀ .....ਉਹਨੂੰ ਕੋਈ ਬਹੁਤਾ ਮੂੰਹ ਨਾ ਲਾਉਂਦਾ ।

ਮਾਂ ਨੂੰ ਪਤਾ ਸੀ ਮੈਨੂੰ ਕਰਤਾਰੀ ਚਾਚੀ ਦੀਆਂ ਗੱਲਾਂ ਚੰਗੀਆਂ ਨੀ ਲੱਗਦੀ ਆ ......ਮਾਂ ਨੇ ਮੈਨੂੰ ਚਾਹ ਬਣਾਉਣ ਦਾ ਇਸਾਰਾ ਕੀਤਾ .....ਮੈਂ ਉੱਥੋਂ ਚੁੱਪ -ਚਾਪ ਉੱਠਕੇ ਚਾਹ ਧਰ ਦਿੱਤੀ ।

ਚਾਚੀ ਹੌਲੀ -ਹੌਲੀ ਗੱਲਾਂ ਕਰਨ ਲੱਗੀ ....... ਧੀਏ ਹੈ ਤਾਂ ਤੂੰ ਬਹੁਤ ਸਿਆਣੀ ਮੇਰੀ ਗੱਲ ਦਾ ਬੁਰਾ ਨਾ ਮੰਨੀ .......ਧੀਆਂ ਨੂੰ ਵਾਲਾ ਟਾਈਮ ਨੀ ਗਲ ਨਾਲ ਲਾ ਕੇ ਰੱਖੀ ਦਾ ।

ਹਾਂ ਸੱਚ ਕੁੜੇ.......ਤੁਸੀਂ ਆਪਣੀ ਪ੍ਰੀਤ ਲਈ ਕੋਈ ਮੁੰਡਾ ਲੱਭਣਾ ਸੁਰੂ ਕੀਤਾ ਕੋਈ ਕਿ ਨਹੀਂ......ਸੁੱਖ ਨਾਲ ਜਵਾਨ ਹੋ ਗਈ ਬਥੇਰਾ ਪੜ੍ਹਾ -ਲਿਖਿਆ ਦਿੱਤਾ ......ਬਾਕੀ ਭਾਈ ਆਪੇ ਮੁੰਡੇ ਵਾਲੇ ਪੜ੍ਹਾ ਲੈਣਗੇ ।

ਆਪਾਂ ਕਿਹੜਾ ਧੀਆਂ ਦੀ ਕਮਾਈ ਖਾਣੀ ਆ .......ਕਿਉਂ ਪੈਸੇ ਫੂਕੀ ਜਾਣੇ ਓ ਭਾਈ ਕੁੜੀ ਤੇ....... ਆਪਣੇ ਜਵਾਕ ਦਾ ਵੀ ਘਰ-ਬਾਰ ਠੀਕ ਕਰਨਾ ।ਧੀਆਂ ਤਾਂ ਬੇਗਾਨਾ ਧਨ ਹੁੰਦੀਆਂ ਨੇ ਕੁੜੀ ਨੂੰ ਵਿਆਹ ਕੇ ਤੋਰਦੋ ਬੋਝ ਹਲਕਾ ਹੋਜੂ .......ਅਗਲਾ ਆਪਣੇ ਘਰ ਕੁੱਝ ਮਰਜੀ ਕਰਵਾਏ ।ਮੈਨੂੰ ਚਾਚੀ ਦੀਆਂ ਗੱਲਾਂ ਸੁਣ-ਸੁਣ ਇੰਨਾਂ ਹਰਖ ਆਵੇ .....ਚਾਹ ਤੋਂ ਜਿਆਦਾ ਮੈਨੂੰ ਮੇਰਾ ਖੂਨ ਉਬਾਲੇ ਮਾਰਦਾ ਲੱਗੇ .....ਦਿਲ ਕਰੇ ਗਰਮ- ਗਰਮ ਚਾਹ ਹੀ ਜਾ ਕੇ ਚਾਚੀ ਕਰਤਾਰੀ ਦੇ ਸਿਰ ਵਿੱਚ ਪਾ ਦਵਾ ।

ਉਦੋਂ ਨੂੰ ਚਾਚੀ ਨੇ ਅਗਲੀ ਗੱਲ ਸੁਰੂ ਕਰ ਦਿੱਤੀ .....ਕੁੜੇ ਤੁਸੀਂ ਸੁਣਿਆ ਫਲਾਣੇ ਦੀ ਕੁੜੀ ਭੱਜ ਗਈ । ਪਿੰਡ ਵਿੱਚ ਅੱਗ ਵਾਂਗ ਗੱਲ ਫਲਾਉਣੀ ਤਾਂ ਕੋਈ ਚਾਚੀ ਕਰਤਾਰੀ ਤੋਂ ਸਿੱਖੇ .....ਇੱਕ ਮਾੜੇ ਟੀ.ਵੀ ਚੈਨਲ ਜਿੰਨੀਆਂ ਖ਼ਬਰਾਂ ਇਕੱਠੀਆਂ ਕਰਕੇ ਘਰ-ਘਰ ਪਹੁੰਚਾ ਦਿੰਦੀ.....ਉਸਨੂੰ ਅਕਸਰ ਪਿੰਡ ਵਿੱਚ ਪੱਤਰਕਾਰ ਆਖਦੇ ......ਉਹ ਕੇਹਰ ਸਿੰਘ ਦੇ ਇੱਕ ਹੋਰ ਕੁੜੀ ਹੋ ਗਈ .....ਏ ਚੰਦਰੀਆਂ ਬਾਦ ਪਈਆਂ ਮਾੜੀਆਂ ਨੇ।ਕਿੱਥੇ ਇੰਨਾਂ ਬੋਝ ਉਠਾਉ ਇਕੱਲਾ .....ਭਾਈ ਜਮਾਨਾ ਬਹੁਤ ਮਾੜਾ ਹੁਣ .....ਇਹ ਤਾਂ ਜੰਮਦੀਆਂ ਹੀ ਬੋਝ ਹੁੰਦੀਆਂ ਨਾ।ਲੋਕਾਂ ਦੀ ਲੱਜ (ਸਰਮ) ਨੂੰ ਦਹੇਜ ਦੇਣਾ ਪੈਂਦਾ...ਅੱਗੇ ਸੁੱਖ -ਦੁੱਖ ਇਹਨਾਂ ਦੇ ਕਰਮਾਂ ਦਾ ।ਮੇਰੀ ਚੁੱਪ ਬਹੁਤਾ ਵਖ਼ਤ ਨਾ ਟਿਕ ਸਕੀ .....ਜੋ ਸੱਚ ਹੁੰਦਾ ਮੈਂ ਸਿੱਧਾ ਹੀ ਮੂੰਹ ਤੇ ਬੋਲ ਦਿੰਨੀ ਆਂ........ਗੁੱਸੇ ਵਿੱਚ ਆਖਿਆ ਹੀ ਗਿਆ ਮੇਰੇ ਤੋਂ.....ਫਿਰ ਤਾਂ ਤੁਸੀਂ ਵੀ ਬੋਝ ਹੀ ਸੀ ਆਪਣੇ ਮਾਂ-ਬਾਪ ਦੇ ਘਰ ....ਤੁਹਾਡੇ ਤੋਂ ਪਹਿਲਾਂ ਤੁਹਾਡੀ ਮਾਂ....ਨਾਨੀ ਮਾਂ ਉਹ ਵੀ ਬੋਝ ਹੋਣਗੇ ।ਜੇ ਔਰਤ ਨਾਂ ਹੁੰਦੀ ਤਾਂ ਅੱਜ ਇਸ ਧਰਤੀ ਸਾਡੀ ਕੋਈ ਹੋਂਦ ਨਾ ਹੁੰਦੀ....ਤੁਸੀਂ ਅੱਗੇ ਆਪਣੇ ਮੁੰਡਿਆਂ ਦਾ ਵਿਆਹ ਨਾ ਕਰੇਓ .....ਤੁਹਾਡੇ ਘਰ ਵੀ ਕਿਸੇ ਦੀ ਧੀ ਨੇ ਵਿਆਹ ਕੇ ਆਉਣਾ ।ਅੱਗੇ ਉਸਦੇ ਵੀ ਕੁੜੀ ਜੰਮ ਪਈ ....ਬੋਝ ਚੁੱਕਣਾ ਔਖਾ ਹੋਜੂ ਚਾਚੀ ਜੀ। ਰੱਬ ਧੀਆਂ ਵੀ ਉਹਨਾਂ ਨੂੰ ਹੀ ਦਿੰਦਾ ਜਿੰਨ੍ਹਾਂ ਧੀ ਔਕਾਤ ਹੋਵੇ ਸਾਂਭਣ ਦੀ ।

ਇਹ ਸਭ ਸੁਣਕੇ ਚਾਚੀ ਕਰਤਾਰੀ ਗੁੱਸੇ ਵਿੱਚ ਉੱਠਕੇ ਤੁਰ ਗਈ ....ਮੈਨੂੰ ਐਵੇ ਜਾਪਦਾ ਸੀ ਜਿਵੇਂ ਮੇਰੇ ਤੋਂ ਕੋਈ ਸਦੀਆਂ ਪੁਰਾਣਾ ਬੋਝ ਲੈ ਗਿਆ ਹੋਵੇ। ਬਾਅਦ ਵਿੱਚ ਮੇਰੀ ਮਾਂ ਨੇ ਮੇਰੇ ਵੱਲ ਗੌਰ ਨਾਲ ਦੇਖਿਆ ਤੇ ਮੇਰੇ ਸਿਰ ਤੇ ਹੱਥ ਰੱਖ ਕਿਹਾ " ਤੂੰ ਸੱਚ ਕਿਹਾ ਪੁੱਤ, ਧੀਆਂ ਕਦੇ ਵੀ ਬੋਝ ਨਹੀਂ ਹੁੰਦੀਆਂ ਸਗੋਂ ਉਹ ਤਾਂ ਸਮਾਜ ਦੀਆਂ ਸਿਰਜਨਹਾਰ ਨੇ, ਜੁੱਗ-ਜੁੱਗ ਜੀਅ ਮੇਰੀਏ ਧੀ " ਇਹਨਾਂ ਕਹਿ ਮੈਨੂੰ ਬੁਕੱਲ ਵਿੱਚ ਘੁੱਟ ਲਿਆ।

**ਲਵਪ੍ਰੀਤ ਕੌਰ ਚੈਹਿਲ**
**ਸਰਕਾਰੀ ਕਾਲਜ ਮਾਲੇਰਕੋਟਲਾ**
**752699-6586**

## ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਸਮਾਗਮ

ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਦਾ ਦਿਨ ਮਨਾਇਆ ਜਾਣਾ ਸੀ ।ਬਹੁਤ ਦੂਰੋਂ ਦੂਰੋਂ ਅਫਸਰਾਂ ਨੂੰ ਬੁਲਾਇਆ। ਕੋਰੀਓਗ੍ਰਾਫੀ, ਭਗਤ ਸਿੰਘ ਸਬੰਧੀ ਗੀਤ, ਸਕਿੱਟ, ਕਵਿਤਾ ਤੇ ਭਾਸ਼ਣ ਇਹ ਸਭ ਉਸ ਦਾ ਅੰਗ ਸੀ ।ਮੈਂ ਬਹੁਤ ਖੁਸ਼ ਸੀ ਕਿ ਅੱਜ ਦੇਸ਼ ਭਗਤ ਇਕੱਠੇ ਹੋ ਕੇ ਭਗਤ ਸਿੰਘ ਦੀ ਸੋਚ ਨੂੰ ਅਪਣਾਉਣਗੇ ।ਮੇਰੇ ਮਨ ਅੰਦਰ ਬਹੁਤ ਵਿਚਾਰ ਉਮੜ ਰਹੇ ਸੀ ।ਮੈਨੂੰ ਵੀ ਭਾਸ਼ਣ ਦੇਣ ਲਈ ਸੱਦਾ ਦਿੱਤਾ ਗਿਆ ।ਮੈਂ ਉੱਥੇ ਗਈ ਅਤੇ ਸਾਥੀਆਂ ਨੂੰ ਦੇਖ ਕੇ ਬਹੁਤ ਖੁਸ਼ ਹੋਈ ।ਮੈਂ ਸਾਰੇ ਦੇਸ਼ ਭਗਤਾਂ ਨੂੰ ਤੱਕ ਰਹੀ ਸੀ ਕਿ ਕਿੰਨੇ ਉਤਸ਼ਾਹ ਨਾਲ ਇਹ ਸਭ ਇੱਥੇ ਆਏ ਹਨ ।ਅਜੇ ਮੈਂ ਇਹ ਸਭ ਬਾਰੇ ਆਪਣੀਆਂ ਸੋਚਾਂ ਵਿੱਚ ਡੁੱਬੀ ਹੋਈ ਸੀ ਕਿ ਅਚਾਨਕ ਮੈਨੂੰ ਕਿਹਾ ਗਿਆ ਕਿ ਜੋ ਮੈਂ ਬੋਲਣਾ ਹੈ ਮੇਰੇ ਉਸ ਭਾਸ਼ਣ ਨੂੰ ਪੇਜ ਤੇ ਲਿਖ ਕੇ ਸਰ ਨੂੰ ਦਿਖਾਇਆ ਜਾਵੇ ।ਮੈਂ ਮੇਰੇ ਭਾਸ਼ਣ ਦੀ ਕਾਪੀ ਖੁਸ਼ੀ ਨਾਲ ਸਰ ਨੂੰ ਦਿਖਾਉਣ ਚਲੀ ਗਈ। ਉੱਥੇ ਜਾ ਕੇ ਮੈਂ ਦੇਖਿਆ ਕਿ ਸਾਰੇ ਹੀ ਆਪਣੀ ਵਾਰੀ ਦੀ ਉਡੀਕ ਕਰ ਰਹੇ ਸੀ, ਜੋ ਰਚਨਾਵਾਂ ਮੰਚ ਸੰਚਾਲਨ ਨੂੰ ਸਮਾਗਮ ਅਨੁਕੂਲ ਨਹੀਂ ਲੱਗੀਆਂ, ਉਸ ਨੂੰ ਹਟਾ ਦਿੱਤਾ ਗਿਆ ਕਈ ਬੜੇ ਮਾਯੂਸ ਹੋ ਕੇ ਉਥੋਂ ਜਾ ਰਹੇ ਸਨ ।ਏਨੇ ਨੂੰ ਸਰ ਨੇ ਮੈਨੂੰ ਬੁਲਾਇਆ। ਮੈਂ ਉਨ੍ਹਾਂ ਕੋਲ ਗਈ ਤੇ ਮੇਰੇ ਭਾਸ਼ਣ ਦੀ ਕਾਪੀ ਉਨ੍ਹਾਂ ਨੂੰ ਦਿੱਤੀ। ਉਨ੍ਹਾਂ ਨੇ ਪੜ੍ਹਨਾ ਸ਼ੁਰੂ ਕੀਤਾ। ਉਹ ਭਾਸ਼ਣ ਪੜ੍ਹਦੇ ਵਾਰੀ-ਵਾਰੀ ਮੇਰੇ ਵੱਲ ਗਹੁ ਨਾਲ ਤੱਕਣ ਲੱਗੇ ।ਮੈਨੂੰ ਇਉਂ ਲੱਗ ਰਿਹਾ ਸੀ ਜਿਵੇਂ ਉਹ ਸੋਚ ਰਹੇ ਹੋਣ ਹਾਂ ਕਹਿਣਗੇ ਕਿ ਨਾ ਮੇਰੇ ਮਨ ਨੂੰ ਧੁੱੜਕੂ ਲੱਗਿਆ ਹੋਇਆ ਸੀ !ਭਾਸ਼ਣ ਨੂੰ ਪੜ੍ਹਨ ਤੋਂ ਬਾਅਦ ਸਰ ਮੈਨੂੰ ਕਹਿਣ ਲੱਗੇ," ਇਸ ਭਾਸ਼ਣ ਵਿਚ ਕੁਝ ਗੱਲਾਂ ਸਟੇਜ ਤੇ ਬੋਲਣ ਯੋਗ ਨਹੀਂ ਹਨ ।"ਮੈਂ ਬੜੀ ਹੈਰਾਨ ਹੋ ਗਈ ਕਿ ਇਸ ਤਰ੍ਹਾਂ ਕਿਵੇਂ ਹੋ ਸਕਦਾ ਹੈ ? ਮੈਂ ਤਾਂ ਕੋਈ ਝੂਠ ਨਹੀਂ ਲਿਖਿਆ ਅਤੇ ਨਾ ਹੀ ਮੇਰੇ ਵਿਚਾਰ ਕਿਸੇ ਦਾ ਗਲਾ ਘੁੱਟਣ ਵਾਲੇ ਹਨ ।ਜਦੋਂ ਮੈਂ ਪੁੱਛਿਆ ਤਾਂ ਉਹ ਸਰ ਚਾਹ ਪੀਂਦੇ ਹੋਏ ਬੋਲੇ," ਜੇਕਰ ਤੁਸੀਂ ਇਸ ਭਾਸ਼ਣ ਦੀਆਂ ਲਾਈਨਾਂ ਸਰਕਾਰ ਦੇ ਹੱਕ ਵਿਚ ਲਿਖਦੇ ਤਾਂ ਬਹੁਤ ਵਧੀਆ ਲੱਗਦਾ, ਪਰ ਨਹੀਂ ਤੁਸੀਂ ਤਾਂ ਸਰਕਾਰ ਦੇ ਵਿਰੋਧ ਵਿਚ ਲਿਖਦੇ ਹੋ ।ਸਾਡਾ ਸਮਾਗਮ ਸਰਕਾਰ ਵੱਲੋਂ ਉਲੀਕਿਆ ਗਿਆ ਹੈ ।ਇਸ ਲਈ ਅਸੀਂ ਸਰਕਾਰ ਦੇ ਵਿਰੁੱਧ ਕੁਝ ਨਹੀਂ ਬੋਲਣਾ ।"ਮੈਨੂੰ ਸੁਣ ਕੇ ਬੜੀ ਨਿਰਾਸ਼ਾ ਹੋਈ ਸਰ ਨੇ ਮੈਨੂੰ ਸਾਫ਼ ਕਹਿ ਦਿੱਤਾ,"ਇਸ ਵਿੱਚ ਬਦਲਾਅ ਕਰੋ ਨਹੀਂ ਤਾਂ ਤੁਹਾਡਾ ਨਾਂ ਸਟੇਜ ਤੇ ਨਹੀਂ ਬੋਲਿਆ ਜਾਵੇਗਾ ।"ਮੈਂ ਸੋਚ ਰਹੀ ਸੀ ਕਿ ਇਹੋ ਜਿਹੀ ਤਾਂ ਕੋਈ ਗੱਲ ਨਹੀਂ ਸੀ ਜੋ ਮੈਨੂੰ ਬੋਲਣ ਤੋਂ ਵਰਜਿਆ ਜਾਵੇ । ਮੈਂ ਤਾਂ ਇਹੀ ਲਿਖਿਆ ਸੀ," ਮੇਰੇ ਵੀਰ ਭਗਤ ਸਿੰਘ !ਅੱਜ ਲੋੜ ਹੈ ਸਾਨੂੰ ਤੇਰੀ ।ਤੁਸੀਂ ਆਪਣੇ ਜੀਵਨ ਦੀ ਕੁਰਬਾਨੀ ਦਿੱਤੀ ਸਿਰਫ਼ ਦੇਸ਼ ਦੇ ਲਈ। ਬ੍ਰਿਟਿਸ਼ ਸਰਕਾਰ ਨੇ ਤੁਹਾਡੇ ਤੇ ਇੰਨੇ ਜ਼ੁਲਮ ਕੀਤੇ, ਪਰ ਤੁਸੀਂ ਸਹਿੰਦੇ ਰਹੇ ,ਸਿਰਫ਼ ਇਸ ਕੌਮ ਲਈ। ਤੁਸੀਂ ਸਾਡੀ ਆਜ਼ਾਦੀ ਲਈ ਸ਼ਹੀਦ ਹੋ ਗਏ, ਪਰ ਅੱਜ ਅਸੀਂ ਆਜ਼ਾਦ ਹੋ ਕੇ ਵੀ ਆਜਾਦ ਨਹੀਂ ਹਾਂ ।ਇਸ ਸਰਕਾਰ ਨੇ ਸਾਡੇ ਨੌਜਵਾਨਾਂ, ਬੱਚਿਆਂ, ਔਰਤਾਂ, ਬਜੁਰਗਾਂ,ਨੂੰ ਸੜਕਾਂ ਤੇ ਬੈਠਣ ਲਈ ਮਜਬੂਰ ਕਰ ਦਿੱਤਾ ।ਕੋਈ ਕਾਲੇ ਕਾਨੂੰਨ ਨੂੰ ਰੱਦ ਕਰਵਾਉਣ ਲਈ ਜਾਨ ਦੇ ਰਿਹਾ,ਕੋਈ ਰੁਜਗਾਰ ਨਾ ਮਿਲਣ ਕਰ ਕੇ ਜਾਨ ਦੇ ਰਿਹਾ ਹੈ,ਅੱਜ ਸਾਡੀਆਂ ਧੀਆਂ, ਭੈਣਾਂ ਦਾ ਘਰੋਂ ਬਾਹਰ ਨਿਕਲਣਾ ਸੁਰੱਖਿਅਤ ਨਹੀਂ ਰਿਹਾ,ਕਿਸੇ ਨੂੰ ਨਿਆਂ ਨਹੀਂ ਮਿਲ ਰਿਹਾ ।ਹੇ ਮੇਰੇ ਵੀਰ ! ਤੁਸੀਂ ਸਾਡੇ ਲਈ ਜਿਊਂਦੇ ਸੀ, ਜਿਊਂਦੇ ਹੋ ਅਤੇ ਹਮੇਸਾ ਜਿਊਂਦੇ ਰਹੋਗੇ ।"ਹੁਣ ਤੁਸੀਂ ਦੱਸੋ ਕਿ ਮੈਂ ਇਸ ਵਿੱਚ ਗਲਤ ਕੀ ਲਿਖਿਆ ?ਮੈਂ ਸਰ ਨੂੰ ਕਿਹਾ," ਮੈਂ ਬਦਲਾਅ ਨਹੀਂ ਕਰਨਾ ਚਾਹੁੰਦੀ ਸਰ ।"ਉਹ ਮੈਨੂੰ ਕਹਿਣ ਲੱਗੇ,"ਤੇਰਾ ਨਾਮ ਨਹੀਂ ਬੋਲਿਆ ਜਾਣਾ ਤੂੰ ਇਥੋ ਚਲੀ ਜਾ ।" ਇਹ ਸੁਣ ਮੇਰਾ ਖੂਨ ਖੌਲ ਗਿਆ ਮੈਂ ਕਿਹਾ,"ਸਰ ਤੁਸੀਂ ਨਹੀਂ ਮੇਰਾ ਨਾਮ ਬੋਲਣਾ ਸਟੇਜ ਤੇ ਤਾਂ ਨਾ ਬੋਲੋ ।ਮੈਨੂੰ ਵੀ ਪਸੰਦ ਨਹੀਂ ਕਿ ਮੈਂ ਉੱਥੇ ਬੋਲਾਂ ਜਿੱਥੇ ਮੇਰੇ ਵਿਚਾਰ ਨੂੰ ਬੰਨ੍ਹਿਆ ਜਾ ਰਿਹਾ ਹੋਵੇ,ਮੈਂ ਸੋਚ ਰਹੀ ਸੀ ਕਿ ਇੱਥੇ ਸਭ ਭਗਤ ਸਿੰਘ ਦੀ ਸੋਚ ਨੂੰ ਉਜਾਗਰ ਕਰਨ ਵਾਲੇ ਹਨ, ਪਰ ਮੈਨੂੰ ਨਹੀਂ ਸੀ ਪਤਾ ਕਿ ਇਹ ਸਮਾਗਮ ਸਿਰਫ ਉਨ੍ਹਾਂ ਦੇ ਨਾਮ ਤੇ ਹੈ,ਉਨ੍ਹਾਂ ਦੀ ਸੋਚ ਤੋਂ ਕਿਤੇ ਦੂਰ ।" ਇਹ ਕਹਿ ਮੈਂ ਉਸ ਹਾਲ ਤੋਂ ਬਾਹਰ ਆ ਗਈ ਤੇ ਉਥੇ ਰੁਕਣਾ ਵੀ ਮੈਂ ਠੀਕ ਨਹੀਂ ਸਮਝਿਆ ਕਿਉਂਕਿ ਉੱਥੇ ਸਭ ਇੱਕ ਦੂਸਰੇ ਦੇ ਹੱਥ ਦੀ ਕਠਪੁਤਲੀ ਸਨ ਤੇ ਮੈਂ ਇਨ੍ਹਾਂ ਕਠਪੁਤਲੀਆਂ ਦਾ ਨਾਚ ਨਹੀਂ ਦੇਖਣਾ ਚਾਹੁੰਦੀ ਸੀ।

**ਨਮਨਪ੍ਰੀਤ ਕੌਰ**
**ਬੀ. ਏ.ਭਾਗ ਦੂਜਾ**
**ਸਰਕਾਰੀ ਕਾਲਜ ਮਲੇਰਕੋਟਲਾ**

## 17 ਮਈ ਤੇ ਵਿਸ਼ੇਸ਼ ਲੇਖ

# ਛੋਟਾ ਘੱਲੂਘਾਰਾ



ਦਸਮ ਪਿਤਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਬਾਟੇ ਦੇ ਅੰਮ੍ਰਿਤ ਵਿਚੋਂ ਪਹੁਲ ਦੇ ਕੇ ਅਜਿਹੀ ਸਿੱਖ ਕੌਮ ਜਨਮੀ ਜੋ ਹਰ ਵਕਤ ਇੱਜਤ,ਅਣਖ ਅਤੇ ਧਰਮ ਵਾਸਤੇ ਮਰ ਮਿਟਣ ਲਈ ਤਿਆਰ ਬਰ ਤਿਆਰ ਰਹਿੰਦੀ ਹੈ ਕਿਉਂਕੇ ਸਮੇਂ ਦੀਆਂ ਹਕੂਮਤਾਂ ਵੀ ਸਿੱਖਾਂ ਤੇ ਅਤਿਆਚਾਰ ਕਰਨ ਤੋ ਗੁਰੇਜ ਨਹੀਂ ਕਰਦੀਆਂ। ਮੁਗਲ ਹਕੂਮਤ ਵਲੋਂ 16 ਮਈ 1746 ਵਿਚ ਸਿੱਖਾਂ ਨੂੰ ਸ਼ਹੀਦ ਕਰਕੇ ਖ਼ਤਮ ਕਰਨ ਲਈ ਅਜਿਹਾ ਕਹਿਰ ਵਰਤਾਇਆ ਜਿਸ ਨੂੰ ਛੋਟੇ ਘੱਲੂਘਾਰੇ ਦਾ ਨਾਮ ਦਿੱਤਾ ਗਿਆ।

1746 ਈ: ਵਿਚ ਲਾਹੌਰ ਤੋਂ 55 ਕਿਲੋਮੀਟਰ ਦੂਰ ਗੁਰਦੁਆਰਾ ਰੋੜੀ ਸਾਹਿਬ ਐਮਨਾਬਾਦ(ਪਾਕਿਸਤਾਨ)ਵਿਖੇ ਵਿਸਾਖੀ ਦਾ ਦਿਹਾੜਾ ਮਨਾਇਆ ਜਾ ਰਿਹਾ ਸੀ।ਦੂਰੋਂ ਦੂਰੋਂ ਸੰਗਤਾਂ ਆ ਰਹੀਆਂ ਸਨ।ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਵੀ ਸਿੱਖਾਂ ਦਾ ਜੱਥਾ ਲੈ ਕੇ ਕਈ ਦਿਨ ਦਾ ਸਫ਼ਰ ਤਹਿ ਕਰਕੇ ਉੱਥੇ ਪੁੱਜਿਆ ਸੀ।ਐਮਨਾਬਾਦ ਦਾ ਇਲਾਕਾ ਯਕਰੀਆ ਖ਼ਾਨ ਨੇ ਜਸਪਤ ਰਾਏ ਜੋ ਫ਼ੌਜ ਦਾ ਸੈਨਾਪਤੀ ਅਤੇ ਸਲਾਹਕਾਰ ਸੀ ਨੂੰ ਜਗੀਰ ਵਜੋਂ ਦਿੱਤਾ ਹੋਇਆ ਸੀ।

ਵਿਸਾਖੀ ਮੌਕੇ ਸਿੱਖਾਂ ਦੇ ਵਿਸ਼ਾਲ ਇਕੱਠ ਨੂੰ ਜਸਪੱਤ ਰਾਏ ਹਜਮ ਨਾ ਕਰ ਸਕਿਆ।ਉਹ ਮਾਲੀਆ ਇਕੱਠਾ ਕਰਨ ਦੇ ਨਾਮ ਤੇ ਸਿੱਖਾਂ ਨੂੰ ਧਮਕਾਉਣ ਲੱਗਿਆ।ਉਸ ਨੇ ਸੰਗਤਾਂ ਨੂੰ ਗੁਰਦੁਵਾਰਾ ਛੱਡ ਕੇ ਜਾਣ ਦੇ ਹੁਕਮ ਦਿੱਤੇ।ਦੂਰੋਂ ਦੂਰੋਂ ਆਈਆਂ ਸੰਗਤਾਂ ਨੇ ਇਕ ਰਾਤ ਕੱਟ ਕੇ ਚਲੇ ਜਾਣ ਦਾ ਭਰੋਸਾ ਦਵਾਇਆ।ਪਹਿਲਾਂ ਹੀ ਅਜਿਹੇ ਮੌਕੇ ਦੀ ਭਾਲ ਵਿਚ ਬੈਠੇ ਜਸਪਤ ਰਾਏ ਨੇ ਫ਼ੌਜ ਨੂੰ ਬੁਲਾ ਲਿਆ ਅਤੇ ਸੰਗਤ ਤੇ ਹਮਲਾ ਕਰ ਦਿੱਤਾ।ਸਿੰਘਾਂ ਦੇ ਰੋਕਣ ਤੇ ਵੀ ਉਹ ਨਾ ਰੁਕਿਆ।ਜਸਪਤ ਰਾਏ ਹਾਥੀ ਤੇ ਚੜ੍ਹ ਕੇ ਅੱਗੇ ਵਧਦਾ ਆ ਰਿਹਾ ਸੀ।ਸਿਰੋਂ ਪਾਣੀ ਲੰਘਦਿਆਂ ਵੇਖ ਘੋੜ ਸਵਾਰ ਭਾਈ ਨਿਬਾਹੂ ਸਿੰਘ ਰੰਗਰੇਟਾ ਹਾਥੀ ਦੀ ਪੂਛ ਦਾ ਸਹਾਰਾ ਲੈ ਕੇ ਇਕਦਮ ਹਾਥੀ ਉੱਪਰ ਜਾ ਚੜ੍ਹਿਆ।ਉਸ ਨੇ ਤਲਵਾਰ ਦੇ ਇਕੋ ਵਾਰ ਨਾਲ ਜਸਪਤ ਰਾਏ ਦਾ ਗੱਲ ਲਾਹ ਦਿੱਤਾ।

ਜਸਪਤ ਰਾਏ ਦਾ ਵੱਡਾ ਭਰਾ ਲਖਪਤ ਰਾਏ ਜੋ ਕੇ ਉਸ ਸਮੇਂ ਲਾਹੌਰ ਦਾ ਦੀਵਾਨ ਸੀ ਜਦ ਉਸ ਨੂੰ ਆਪਣੇ ਭਰਾ ਦੇ ਮਾਰੇ ਜਾਣ ਦੀ ਖ਼ਬਰ ਮਿਲੀ ਤਾਂ ਉਹ ਗੁੱਸੇ ਵਿਚ ਪਾਗਲ ਹੋ ਗਿਆ।ਉਸ ਨੇ ਸਿੱਖਾਂ ਦਾ ਖੋਜ ਖੁਰਾ ਮਿਟਾਉਣ ਦਾ ਫੈਂਸਲਾ ਕਰ ਲਿਆ।ਉਸ ਨੇ ਲਾਹੌਰ ਦੇ ਸੂਬੇਦਾਰ ਯਾਹੀਆ ਖ਼ਾਨ ਦੇ ਪੈਰਾਂ ਵਿਚ ਆਪਣੀ ਪੱਗ ਰੱਖ ਕੇ ਐਲਾਨ ਕੀਤਾ ਕਿ ਹੁਣ ਮੈਂ ਉਸ ਟਾਇਮ ਪੱਗ ਸਿਰ ਤੇ ਰੱਖਾਂਗਾ ਜਦ ਮੈਂ ਸਿੱਖਾਂ ਦਾ ਵਜੂਦ ਮਿਟਾ ਦੇਵਾਂਗਾ।ਯਾਹੀਆ ਖ਼ਾਨ ਨੂੰ ਹੋਰ ਕੀ ਚਾਹੀਦਾ ਸੀ ਉਸ ਨੇ ਲਖਪਤ ਰਾਏ ਨੂੰ ਥਾਪੀ ਦਿੱਤੀ ਦਿੱਲੀ ਦਰਬਾਰ ਨੇ ਵੀ ਉਸ ਨੂੰ ਖੁੱਲੀ ਛੁੱਟੀ ਦੇ ਦਿੱਤੀ ਅਤੇ ਹਰ ਸਹੂਲਤ ਦੇਣ ਦਾ ਵਾਅਦਾ ਕੀਤਾ।

ਉਸ ਨੇ ਲਾਹੌਰ ਦੇ ਗਵਰਨਰ ਯਹੀਆ ਖ਼ਾਨ ਤੋਂ ਆਗਿਆ ਲੈ ਕੇ ਫ਼ੌਜ ਨੂੰ ਕੂਚ ਕਰਨ ਦੇ ਹੁਕਮ ਦਿੱਤੇ।ਸਭ ਤੋਂ ਪਹਿਲਾਂ ਲਾਹੌਰ ਦੇ ਵਸਨੀਕਾਂ ਨੂੰ ਸ਼ਹੀਦ ਕਰਨ ਤੋਂ ਮਗਰੋਂ ਅੰਮ੍ਰਿਤਸਰ ਵੱਲ ਵਧਿਆ ਅੰਮ੍ਰਿਤਸਰ ਤੇ ਇਕ ਦਮ ਫ਼ੌਜਾਂ ਦਾ ਹੱਲਾ ਹੋ ਜਾਣ ਕਾਰਨ ਸਿੱਖ ਟਿਕਾਣਿਆਂ ਵੱਲ ਨਾ ਜਾ ਸਕੇ ਉਹਨਾਂ ਕਹਨੂੰਵਾਨ ਦੇ ਛੰਭਾਂ ਵੱਲ ਜਾਣਾ ਸ਼ੁਰੂ ਕਰ ਦਿੱਤਾ।ਇਸ ਦੌਰਾਨ ਜਦ ਲਖਪਤ ਰਾਏ ਨੂੰ ਪਤਾ ਲਗਿਆ ਕਿ ਸਿੱਖ ਕਹਨੂੰਵਾਨ ਦੇ ਛੰਭ ਵੱਲ ਜਾ ਰਹੇ ਹਨ ਤਾਂ ਲਖਪਤ ਰਾਏ ਨੇ ਮੁਗਲ ਫ਼ੌਜਾਂ ਦੀ ਸਹਾਇਤਾ ਨਾਲ ਜਿਸ ਵਿਚ ਘੋੜ ਸਵਾਰਾਂ ਦੇ ਨਾਲ ਤੋਪਾਂ ਸਨ ਮਈ 1746 ਵਿਚ ਗੁਰਦਾਸਪੁਰ ਤੋਂ ਬਾਰ੍ਹਾਂ ਕਿਲੋਮੀਟਰ ਦੂਰ ਦੱਖਣ ਵੱਲ ਕਾਹਨੂੰਵਾਨ ਦੇ ਸੰਘਣੇ ਦਲਦਲੀ ਜੰਗਲਾਂ ਅਤੇ ਸਰਕੰਡੇ ਨੂੰ ਘੇਰਾ ਪਾ ਲਿਆ।ਸਿੱਖ ਕੁਝ ਸਮੇਂ ਲਈ ਸੰਘਣੇ ਜੰਗਲ ਵਿਚੋਂ ਬਾਹਰ ਆਉਂਦੇ ਤੇ ਹਮਲਾ ਕਰਕੇ ਵਾਪਸ ਮੁੜ ਜਾਂਦੇ।ਸਿੱਖਾਂ ਨੇ ਇਸ ਜੰਗਲ ਵਿਚ ਸ਼ਹੀਦ ਹੋਣਾ ਠੀਕ ਨਾ ਸਮਝਿਆ ਉਹਨਾਂ ਨੇ ਮੁਗਲ ਫ਼ੌਜਾਂ ਤੇ ਧਾਵਾ ਬੋਲਦੇ ਅਤੇ ਮੁਕਾਬਲਾ ਕਰਦੇ ਹੋਏ ਉਤਰ ਪੂਰਵ ਵੱਲ ਪਹਾੜਾਂ ਵਿਚ ਬੱਚ ਨਿਕਲਣ ਦਾ ਫੈਂਸਲਾ ਕੀਤਾ।

ਉਹਨਾਂ ਰਾਵੀ ਦਰਿਆ ਪਾਰ ਕਰਕੇ ਜੰਮੂ ਅਤੇ ਕਸ਼ਮੀਰ ਦੇ ਕਠੂਆ ਜਿਲ੍ਹੇ ਵਿਚ ਬਸੌਲੀ ਵੱਲ ਵਧੇ ਪਰ ਉੱਥੇ ਦੇ ਹਿੰਦੂ ਪਹਾੜੀ ਰਾਜੇ ਵੀ ਉਹਨਾਂ ਨਾਲ ਉਸ ਤਰਾਂ ਹੀ ਪੇਸ਼ ਆਏ ਜਿਸ ਤਰਾਂ ਮੁਸਲਮ ਫ਼ੌਜ ਉਹਨਾਂ ਨਾਲ ਵਤੀਰਾ ਕਰ ਰਹੀ ਸੀ।ਬਸੌਲੀ ਵਿਚ ਸਿੱਖਾਂ ਉਪਰ ਪੱਥਰ ਮਾਰੇ ਗਏ ਅਤੇ ਗੋਲੀਆਂ ਚਲਾਈਆਂ ਗਈਆਂ।ਸਿੱਖਾਂ ਕੋਲ ਨਾਂ ਰਸਦ ਨਾ ਪਾਣੀ ਨਾ ਤੋਪਾਂ ਨਾ ਬਰੂਦ ਘੋੜੇ ਵੀ ਭੁਖਣ ਭਾਣੇ ਥੱਕ ਚੁੱਕੇ ਸਨ ਕਮਾਨਾਂ ਕਮਜ਼ੋਰ ਹੋ ਗਈਆਂ ਤੀਰ ਮੁਕ ਗਏ ਸਨ ਨੇਜ਼ਿਆਂ ਦੇ ਫਾਲੇ ਦੁਸ਼ਮਣਾ ਦੇ ਤਨਾਂ ਵਿਚ ਰਹਿ ਗਏ ਸਨ।

ਸੁਖਵਿੰਦਰ ਸਿੰਘ ਮੁੱਲਾਂਪੁਰ
ਵ. ਅੱਪ +91 9914184794

ਸਿੱਖ ਸਾਰੇ ਪਾਸਿਆਂ ਤੋਂ ਹੀ ਘਿਰ ਗਏ ਫਿਰ ਇਹ ਵਿਚਾਰ ਬਣੀ ਇਕ ਜੱਥਾ ਪਹਾੜਾਂ ਉਪਰ ਚੜ੍ਹੇ ਦੂਜਾ ਰਾਵੀ ਪਾਰ ਕਰੇ ਅਤੇ ਤੀਜਾ ਭਾਈ ਸੁੱਖਾ ਸਿੰਘ ਮਾੜੀ ਕੰਬੋ ਦੀ ਆਗਵਾਈ ਹੇਠ ਲੱਖਪਤ ਰਾਏ ਦਾ ਟਾਕਰਾ ਕਰੇ ਕਈ ਸਿੰਘ ਪਹਾੜੀ ਚੜ੍ਹ ਗਏ।ਰਾਵੀ ਵਿਚ ਪਾਣੀ ਦਾ ਵਹਾਉ ਤੇਜ ਹੋਣ ਕਰਕੇ ਕਈ ਸਿੰਘ ਸਣੇ ਘੋੜੇ ਪਾਣੀ ਵਿਚ ਰੁੜ ਗਏ।ਫਿਰ ਵਿਚਾਰ ਬਣੀ ਪੈਦਲ ਜੱਥੇ ਪਹਾੜੀਆਂ ਟੱਪ ਕੇ ਕੁਲੂ ਅਤੇ ਮੰਡੀ ਵੱਲ ਨਿਕਲ ਜਾਣ ਜੋ ਘੋੜਿਆਂ ਉੱਪਰ ਹਨ ਉਹ ਟਾਕਰਾ ਕਰਨ। ਇਸ ਤਰਾਂ ਜੋ ਪਹਾੜੀਆਂ ਉੱਪਰ ਚੜ੍ਹ ਗਏ ਉਹ ਮਸੀਬਤਾਂ ਵਿਚ ਦੀ ਲੰਘਦੇ ਹੋਏ ਛੇ ਮਹੀਨੇ ਬਾਅਦ ਕੀਰਤਪੁਰ ਸਿੱਖਾਂ ਨੂੰ ਆ ਮਿਲੇ ਜੋ ਬਾਕੀ ਸਿੰਘ ਰਹਿ ਗਏ ਉਹਨਾਂ ਨਿਰਨਾ ਕੀਤਾ ਕਿ ਗੋਲਕਾਰ ਕਿਲ੍ਹੇ ਦੀ ਸਕਲ ਬਣਾ ਕੇ ਲਖਪਤ ਰਾਏ ਦੀਆਂ ਫ਼ੌਜਾਂ ਤੇ ਹੱਲਾ ਬੋਲ ਦਿੱਤਾ ਜਾਵੇ।ਗੁਰੂ ਸਾਹਿਬ ਜੀ ਦਾ ਬਚਨ ਹੈ ਜੋ ਸਨਮੁੱਖ ਹੋ ਕੇ ਸਿੱਧਾ ਲੜੇਗਾ ਉਸ ਵਿਚ ਸਵਾ ਲੱਖ ਜਿੰਨਾਂ ਬਲ ਹੋਵੇਗਾ।

ਇਸ ਮਤੇ ਅਨੁਸਾਰ ਖ਼ਾਲਸੇ ਨੇ ਸਿੱਧੀ ਟੱਕਰ ਮਾਰੀ ਸ਼ੇਰਾਂ ਵਾਂਗ ਉਹ ਗਰਜੇ ਵੈਰੀਆਂ ਦੀਆਂ ਕਤਾਰਾਂ ਨੂੰ ਚੀਰਦੇ ਹੋਏ ਵਿਚੋਂ ਦੀ ਨਿਕਲ ਗਏ।

ਨਵਾਬ ਕਪੂਰ ਸਿੰਘ ਜੀ ਜੱਥੇ ਦੀ ਅਗਵਾਈ ਕਰ ਰਹੇ ਸਨ।ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵੀ ਇਕ ਸਿਰੇ ਨੂੰ ਸੰਭਾਲ ਰਹੇ ਸਨ।ਸਰਦਾਰ ਸੁੱਖਾ ਸਿੰਘ ਜੀ ਅੱਗੇ ਵੱਧ ਕੇ ਮੂਹਰਲਾ ਪੱਖ ਤੋੜ ਰਹੇ ਸਨ।ਸਰਦਾਰ ਸੁੱਖਾ ਸਿੰਘ ਜੀ ਲੱਖਪਤ ਰਾਏ ਦੇ ਨੇੜੇ ਹੀ ਸੀ ਜਦ ਉਸ ਨੂੰ ਮਾਰ ਮਕਾਉਣ ਲੱਗੇ ਤਾਂ ਉਹਨਾਂ ਦੇ ਘੋੜੇ ਨੂੰ ਤੋਪ ਦਾ ਅਜਿਹਾ ਨਿਸ਼ਾਨਾ ਲੱਗਿਆ ਉਹਨਾਂ ਦੀ ਲੱਤ ਜਖ਼ਮੀ ਹੋ ਗਈ ਉਹ ਪਿੱਛੇ ਹੱਟ ਗਏ।ਸਰਦਾਰ ਜੱਸਾ ਸਿੰਘ ਦੇ ਪੱਟ ਵਿਚ ਗੋਲੀ ਲੱਗੀ ਪਰ ਉਹ ਪੱਟ ਬੰਨ ਕੇ ਇਸ ਤਰਾਂ ਹੀ ਲੜਦੇ ਰਹੇ ਨਵਾਬ ਕਪੂਰ ਸਿੰਘ ਜੀ ਤੇ ਸਿੱਧਾ ਵਾਰ ਹੋਇਆ ਤੇ ਉਹ ਬਚ ਗਏ।ਇਸ ਤਰਾਂ ਯੁੱਧ ਕਰਦੇ ਸਿੰਘ ਰਾਵੀ ਪਾਰ ਕਰ ਗਏ।ਬਾਕੀ ਜੋ ਸਿੱਖ ਦੋ ਹਜ਼ਾਰ ਦੇ ਕਰੀਬ ਸਨ ਪੂਰਵੀ ਕਿਨਾਰੇ ਤੋਂ ਰਾਵੀ ਪਾਰ ਕਰਕੇ ਹੇਠਲੇ ਮੈਦਾਨ ਵਿਚ ਨਿਕਲ ਗਏ।ਪਹਿਲੀ ਜੂਨ 1746 ਨੂੰ ਘੱਲੂਘਾਰੇ ਦਾ ਅਰੰਭ ਹੋਇਆ ਦੁੱਖ ਭੁੱਖ ਦੀਆਂ ਮਾਰਾਂ ਸ਼ੁਰੂ ਹੋਈਆਂ ਰੇਤਲੇ ਮੈਦਾਨਾਂ ਨੂੰ ਜੇਠ ਹਾੜ ਦੀਆਂ ਧੁੱਪਾਂ ਵਿਚ ਪਾਰ ਕਰਕੇ ਬਿਆਸ ਦਰਿਆ ਤੱਕ ਪੁਜਣਾ ਇਕ ਔਖੀ ਘੜੀ ਸੀ।ਸਿੱਖਾਂ ਨੇ ਆਪਣੀਆਂ ਪੱਗਾਂ ਪਾੜ ਕੇ ਪੈਰਾਂ ਉੱਪਰ ਬੰਨੀਆਂ ਤੇ ਧੁੱਪਾਂ ਤਨ ਤੇ ਸਹਾਰਦੇ ਹੋਏ ਤੁਰੀ ਗਏ।ਸ੍ਰੀ ਹਰਗੋਬਿੰਦ ਦੇ ਨੇੜੇ ਜਾ ਕੇ ਬਿਆਸ ਦਰਿਆ ਪਾਰ ਕਰ ਗਏ।ਕਈ ਦਿਨਾਂ ਦੇ ਭੁੱਖੇ ਹੋਣ ਕਰਕੇ ਆਪਣੀਆਂ ਢਾਲਾਂ ਨੂੰ ਅੱਗ ਦੀ ਥਾਂ ਗਰਮ ਰੇਤ ਵਿਚ ਰੱਖ ਕੇ ਗਰਮ ਕਰਨ ਲੱਗੇ ਤਾਂ ਕਿ ਇਹਨਾਂ ਉੱਪਰ ਰੋਟੀਆਂ ਪਕਾਈਆਂ ਜਾ ਸਕਣ।ਹਜੇ ਰੋਟੀਆਂ ਪਕਾਉਣ ਹੀ ਲੱਗੇ ਸਨ ਕਿ ਸਥਾਨਕ ਪਠਾਣਾ ਦੇ ਇਕ ਦਸਤੇ ਨੇ ਇਹਨਾਂ ਤੇ ਹਮਲਾ ਕਰ ਦਿੱਤਾ ਸਿੱਖ ਪਠਾਣਾ ਨਾਲ ਲੜ ਕਿ ਇਹਨਾਂ ਨੂੰ ਸਬਕ ਸਿਖਾ ਸਕਦੇ ਸਨ ਪਰ ਸਿੱਖਾਂ ਨੂੰ ਖ਼ਬਰ ਹੋ ਗਈ ਲਖਪਤ ਰਾਏ ਹੋਰ ਫ਼ੌਜਾਂ ਨਾਲ ਪਿੱਛੇ ਆ ਰਿਹਾ ਹੈ ਅਤੇ ਉਸ ਨੇ ਬਿਆਸ ਦਰਿਆ ਪਾਰ ਕਰ ਲਿਆ ਹੈ।ਸਿੱਖ ਸਤਲੁਜ ਪਾਰ ਕਰਨ ਲਈ ਪਿੰਡ ਆਲੀਵਾਲ ਵੱਲ ਭੱਜ ਉੱਠੇ। ਸਤਲੁਜ ਪਾਰ ਕਰਕੇ ਮਾਲਵੇ ਦੀ ਧਰਤੀ ਤੇ ਜਾ ਪੁੱਜੇ ਮਾਲਵੇ ਦੇ ਸਿੰਘਾਂ ਨੇ ਜੱਥਿਆਂ ਨੂੰ ਵੰਡ ਕੇ ਚੰਗੀ ਦੇਖ ਭਾਲ ਕੀਤੀ।ਮਾਲਵੇ ਦੀ ਧਰਤੀ ਤੇ ਆਉਣ ਵਾਲੇ ਸਿੱਖਾਂ ਵਿਚ ਨਵਾਬ ਕਪੂਰ ਸਿੰਘ,ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਸੁੱਖਾ ਸਿੰਘ, ਸ੍. ਤਰਲੋਕ ਸਿੰਘ ਧਿੰਗ,ਭਾਈ ਹਰੀ ਸਿੰਘ ਭੰਗੀ,ਸ੍. ਚੜ੍ਹਤ ਸਿੰਘ ਆਦਿ ਸਿੱਖ ਸਨ। ਇਹ ਘੱਲੂਘਾਰੇ ਦੀ ਮਹਿਮ ਜੂਨ ਮਹੀਨੇ ਦੇ ਅਖੀਰ ਤੱਕ ਖ਼ਤਮ ਹੋਈ।ਇਸ ਮਹਿਮ ਵਿਚ ਲਗਭਗ 7000 ਸਿੱਖ ਸ਼ਹੀਦ ਕਰ ਦਿੱਤੇ ਗਏ।3000 ਸਿੱਖਾਂ ਨੂੰ ਕੈਦੀ ਬਣਾ ਕੇ ਲਾਹੌਰ ਲਜਾਇਆ ਗਿਆ ਇੰਨ੍ਹਾਂ ਸਿੱਖਾਂ ਨੂੰ ਸ਼ਾਹੀ ਕਿਲ੍ਹੇ ਦੇ ਪਿੱਛੇ ਨਿਖ਼ਾਸ ਚੌਂਕ ਵਿਚ ਲਿਜਾ ਕੇ ਸ਼ਹੀਦ ਕਰ ਦਿੱਤਾ ਗਿਆ।ਜਿਸ ਜਗ੍ਹਾ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ ਉਸ ਜਗ੍ਹਾ ਗੁਰਦੁਆਰਾ ਸ਼ਹੀਦ ਗੰਜ ਭਾਈ ਮਨੀ ਸਿੰਘ ਬਣਿਆ ਹੋਇਆ ਹੈ।ਇਸ ਘੱਲੂਘਾਰੇ ਤੋਂ ਬਾਅਦ 5 ਫ਼ਰਵਰੀ 1762 ਨੂੰ ਇਕ ਘੱਲੂਘਾਰਾ ਵਾਪਰਿਆ ਜਿਸ ਨੂੰ ਵੱਡੇ ਘੱਲੂਘਾਰੇ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

# ਇਤਿਹਾਸਕ ਗੁਰਦੁਆਰਾ ਸ੍ਰੀ ਅਣਜਾਣ ਰੁੱਖ ਸਾਹਿਬ, ਪਿੰਡ ਭਾਮੀਆਂ (ਸ੍ਰੀ ਫਤਹਿਗੜ੍ਹ ਸਾਹਿਬ)



ਇਹ ਪਾਵਨ-ਪਵਿੱਤਰ ਅਸਥਾਨ ਚੰਡੀਗੜ੍ਹ-ਲੁਧਿਆਣਾ ਰੋਡ ’ਤੇ ਸਥਿਤ ਇਤਿਹਾਸਕ ਨਗਰ ਉੱਚਾ ਪਿੰਡ ਸੰਘੋਲ ਤੋਂ 21 ਕਿਲੋਮੀਟਰ ਦੂਰ ਪਿੰਡ ਭਾਮੀਆਂ ਵਿਖੇ ਸਥਿਤ ਹੈ। ਇਹ ਦਲ ਭਜਨ, ਗੁਰੂ ਸੂਰਮਾ, ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮਹਾਰਾਜ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਗੁਰੂ ਜੀ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਜਾਂਦੇ ਹੋਏ ਗਵਾਲੀਅਰ ਦੇ ਕਿਲ੍ਹੇ ’ਚੋਂ 52 ਕੈਦੀ ਰਾਜਿਆਂ ਨੂੰ ਛੁਡਵਾ ਕੇ ਲਿਆਉਣ ਤੋਂ ਬਾਅਦ ਇਸ ਥਾਂ ਨੂੰ ਭਾਗ ਲਾਏ ਸਨ ਅਤੇ ਕੁਝ ਸਮਾਂ ਇਸ ਅਸਥਾਨ ’ਤੇ ਠਹਿਰੇ ਸਨ। ਗੁਰੂ ਜੀ ਨੇ ਇਸੇ ਅਸਥਾਨ ’ਤੇ ਇੱਕ ਆਦਮਖੋਰ ਸ਼ੇਰ ਦਾ ਸ਼ਿਕਾਰ ਵੀ ਕੀਤਾ ਸੀ ਜੋ ਕਿ ਆਸ-ਪਾਸ ਦੇ ਪਿੰਡਾਂ ਦੇ ਵਸਨੀਕਾਂ ’ਤੇ ਹਮਲਾ ਕਰਦਾ ਰਹਿੰਦਾ ਸੀ। ਇਸ ਗੁਰਦੁਆਰਾ ਸਾਹਿਬ ਦਾ ਨਾਂਅ ਗੁਰਦੁਆਰਾ ਸ੍ਰੀ ਅਣਜਾਣ ਰੁੱਖ ਸਾਹਿਬ ਹੈ। ਇਸ ਗੁਰਦੁਆਰਾ ਸਾਹਿਬ ਦਾ ਨਾਂਅ ਅਣਜਾਣ ਰੁੱਖ ਸਾਹਿਬ ਇਸ ਕਰਕੇ ਪਿਆ ਕਿਉਂਕਿ ਇਸ ਅਸਥਾਨ ’ਤੇ ਜੋ ਰੁੱਖ ਖੜ੍ਹੇ ਹਨ ਉਨ੍ਹਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਅਨੇਕਾਂ ਲੋਕਾਂ ਨੇ ਇਨ੍ਹਾਂ ਰੁੱਖਾਂ ਦੀ ਗਿਣਤੀ ਅਨੇਕਾਂ ਵਾਰ ਕਰਕੇ ਵੇਖੀ ਹੈ, ਪਰ ਹਰ ਵਾਰ ਰੁੱਖ ਕਦੀ ਘਟ ਜਾਂਦੇ ਹਨ ਕਦੇ ਵਧ ਜਾਂਦੇ ਹਨ। ਕਹਿੰਦੇ ਹਨ ਕਿ ਇੱਕ ਵਾਰ ਅੰਗਰੇਜਾਂ ਨੇ ਵੀ ਇਕੱਲੇ ਇਕੱਲੇ ਰੁੱਖ ਨਾਲ ਘੋੜੇ ਬੰਨ੍ਹ ਕੇ ਇਨ੍ਹਾਂ ਰੁੱਖਾਂ ਦੀ ਗਿਣਤੀ ਕਰਨੀ ਚਾਹੀ, ਪਰ ਉਹ ਵੀ ਗਿਣਤੀ ਕਰਨ ’ਚ ਅਸ਼ਫਲ ਰਹੇ ਸਨ। ਸਦੀਆਂ ਪੁਰਾਣੇ ਇਹ ਰੁੱਖ ਅੱਜ ਵੀ ਇਸ ਜਗ੍ਹਾਂ ’ਤੇ ਮੌਜੂਦ ਹਨ। ਦੱਸਦੇ ਹਨ ਕਿ ਜੋ ਸੁੱਕੇ ਬੱਚੇ ਹੁੰਦੇ ਹਨ ਉਨ੍ਹਾਂ ਨੂੰ ਇਨ੍ਹਾਂ ਰੁੱਖਾਂ ਦੇ ਤਣੇ ਵਿੱਚ ਇੱਕ ਥਾਂ ਬਣੀ ਹੋਈ ਹੈ ਜਿੱਥੋਂ ਦੀ 5 ਵਾਰੀ ਬੱਚਿਆਂ ਨੂੰ ਕੱਢਣ ਨਾਲ ਸੁੱਕੇ ਬੱਚੇ ਠੀਕ ਹੋ ਜਾਂਦੇ ਹਨ। ਇਸ ਅਸਥਾਨ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਜੀ ਦਾ ਵਰ ਵੀ ਪ੍ਰਾਪਤ ਹੈ ਕਿ ਜੋ ਪ੍ਰਾਣੀ ਲੰਗਰ ਦੀ ਸੇਵਾ, ਦੁੱਧ ਦੀ ਸੇਵਾ, ਜੋੜਿਆ ਦੀ ਸੇਵਾ, ਝਾੜੂ ਦੀ ਸੇਵਾ ਜਾਂ ਕਿਸੇ ਵੀ ਕਿਸਮ ਦੀ ਹੋਰ ਸੇਵਾ ਕਰੇਗਾ ਉਸ ਦੇ ਮਨ ਦੀ ਕਾਮਨਾ ਪੂਰੀ ਹੋਵੇਗੀ ਤੇ ਸਾਰੇ ਤੀਰਥਾਂ ਦੇ ਦਰਸ਼ਨ ਇਸ਼ਨਾਨ ਦਾ ਫਲ ਵੀ ਪ੍ਰਾਪਤ ਹੋਵੇਗਾ। ਇਸ ਗੁਰਦੁਆਰਾ ਸਾਹਿਬ ਦਾ ਨਿਰਮਾਣ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਮਹਾਰਾਜ ਹੰਸਾਲੀ ਵਾਲਿਆਂ ਨੇ ਕਰਵਾਇਆ ਸੀ। ਇਸ ਅਸਥਾਨ ’ਤੇ ਹਰ ਮਹੀਨੇ ਦੀ ਪੂਰਨਮਾਸ਼ੀ ਦਾ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਸ ਪਵਿੱਤਰ ਦਿਹਾੜੇ ਮੌਕੇ ਦੂਰ-ਦੁਰਾਡੇ ਤੋਂ ਸੰਗਤਾਂ ਵੱਡੀ ਗਿਣਤੀ ਵਿਚ ਇਸ ਅਸਥਾਨ ’ਤੇ ਪਹੁੰਚਦੀਆਂ ਹਨ। ਜਿੱਥੇ ਦੂਰ-ਦੁਰਡੇ ਤੋਂ ਸੰਗਤਾਂ ਆ ਕੇ ਇਸ ਅਸਥਾਨ ’ਤੇ ਹਾਜ਼ਰੀ ਭਰਦੀਆਂ ਹਨ ਉੱਥੇ ਪ੍ਰਸਿੱਧ ਰਾਗੀ ਜੱਥਿਆਂ ਵਲੋਂ ਸੰਗਤਾਂ ਨੂੰ ਰਸਭਿੰਨਾਂ ਕੀਰਤਨ ਸੁਣਾ ਕੇ ਗੁਰਬਾਣੀ ਨਾਲ ਜੋੜਿਆ ਜਾਂਦਾ ਹੈ।

-ਤਸਵਿੰਦਰ ਸਿੰਘ ਬੜੈਚ
ਮੋਬਾ-7527931887

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 253

Website: www.preetnama.com Email preetnamausa@gmail.com

17 MAY TO 23 MAY , 2024




# ਹਰਦੀਪ ਸਿੰਘ ਨਿੱਝਰ ਕਤਲ ਮਾਮਲੇ ਵਿੱਚ ਚੌਥਾ ਮੁਲਜ਼ਮ ਕੈਨੇਡਾ ਤੋਂ ਹੀ ਗ੍ਰਿਫ਼ਤਾਰ, ਭਾਰਤ ਦਾ ਨਾਗਰਿਕ ਹੈ ਅਮਨਦੀਪ ਸਿੰਘ



## ਗ੍ਰਿਫ਼ਤਾਰ ਸ਼ੱਕੀਆਂ ਬਾਰੇ ਕੀ ਦੱਸਿਆ ਗਿਆ

ਆਈਐੱਚਆਈਟੀ ਦੇ ਇੰਚਾਰਜ ਅਫ਼ਸਰ ਸੁਪਰਟੈਂਨਡੇਂਟ ਮਨਦੀਪ ਮੂਕਰ ਨੇ ਦੱਸਿਆ, ÷ਇਹ ਜਾਂਚ ਅਜੇ ਮੁੱਕੀ ਨਹੀ ਹੈ। ਅਸੀਂ ਜਾਣਦੇ ਹਾਂ ਕੀ ਇਸ ਕਤਲਕਾਂਡ ਵਿੱਚ ਕਈ ਹੌਰ ਲੋਕਾਂ ਨੇ ਵੀ ਭੂਮਿਕਾ ਨਿਭਾਈ ਹੋ ਸਕਦੀ ਹੈ। ਅਸੀਂ ਉਨ੍ਹਾਂ ਲੋਕਾਂ ਨੂੰ ਪਛਾਨਣ ਅਤੇ ਗਿਰਫ਼ਤਾਰ ਕਰਨ ਤੱਕ ਜਾਂਚ ਜਾਰੀ ਰਖਾਂਗੇ।ਹਾਲਾਂਕਿ ਪੁਲਿਸ ਵੱਲੋਂ ਕਤਲ ਦੇ ਇਰਾਦੇ ਬਾਰੇ ਕੁਝ ਨਹੀਂ ਕਿਹਾ ਗਿਆ।ਪੁਲਿਸ ਮੁਤਬਕ ਇਹ ਵਿਅਕਤੀ ਕਰਨ ਬਰਾੜ (22), ਕਮਲਪ੍ਰੀਤ ਸਿੰਘ (22) ਅਤੇ ਕਰਨ ਪ੍ਰੀਤ ਸਿੰਘ (28) ਹਨ।ਉਨ੍ਹਾਂ ਨੇ ਕਿਹਾ ਕਿ ਇਹ ਤਿੰਨੇ, ਐਡਮਿੰਟਨ, ਐਲਬਰਟਾ ਵਿੱਚ ਰਹਿ ਰਹੇ ਸਨ, ਜਿੱਥੋਂ ਇਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।ਅਦਾਲਤ ਦੇ ਦਸਤਾਵੇਜ਼ਾਂ ਮੁਤਾਬਕ ਇਨ੍ਹਾਂ ਉੱਪਰ ਪਹਿਲੇ ਦਰਜੇ ਦੇ ਕਤਲ, ਅਤੇ ਕਤਲ ਕਰਨ ਦੀ ਸਾਜਿਸ਼ ਕਰਨ ਦੇ ਇਲਜ਼ਾਮ ਲਾਏ ਗਏ ਹਨ।ਪੁਲਿਸ ਨੇ ਕਿਹਾ ਕਿ ਤਿੰਨੇ ਜਣੇ ਤਿੰਨ ਤੋਂ ਪੰਜ ਸਾਲ ਤੋਂ ਕੈਨੇਡਾ ਵਿੱਚ ਰਹਿ ਰਹੇ ਸਨ।ਪੁਲਿਸ ਨੇ ਕਿਹਾ ਕਿ ਜਾਂਚ ਜਾਰੀ ਹੈ, ਜਿਸ ਵਿੱਚ ਇਨ੍ਹਾਂ ਦੇ ਭਾਰਤ ਸਰਕਾਰ ਨਾਲ ਸੰਬੰਧ ਹੋਣ ਦਾ ਪਹਿਲੂ ਵੀ ਸ਼ਾਮਲ ਹੈ।ਪੁਲਿਸ ਦੇ ਅਸਿਸਟੈਂਟ ਕਮਿਸ਼ਨਰ ਡੇਵਿਡ ਟੇਬੁਲ ਨੇ ਕਿਹਾ, ਬਿਨਾਂ ਸ਼ੱਕ ਅੱਜ ਫੜੇ ਗਏ ਲੋਕਾਂ ਦੀ ਸ਼ਮੂਲੀਅਤ ਬਾਰੇ ਹੀ ਨਹੀਂ। (ਸਗੋਂ) ਇਨ੍ਹਾਂ ਪਹਿਲੂਆਂ ਬਾਰੇ ਵੱਖੋ-ਵੱਖ ਜਾਂਚਾਂ ਚੱਲ ਰਹੀਆਂ ਹਨ। ਉਨ੍ਹਾਂ ਨੇ ਕਿਹਾ ਜਾਂਚਕਰਤਾ ਭਾਰਤੀ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰ ਰਹੇ ਸਨ ਪਰ ਸਹਿਯੋਗ ਕਈ ਸਾਲਾਂ ਤੋਂ ਬਹੁਤ ਮੁਸ਼ਕਲ ਅਤੇ ਸਗੋਂ ਚੁਣੌਤੀਪੂਰਨ ਰਿਹਾ ਹੈ।ਪੁਲਿਸ ਨੇ ਕਿਹਾ ਕਿ ਕਤਲ ਵਿੱਚ ਹੋਰ ਵੀ ਲੋਕ ਸ਼ਾਮਲ ਹੋ ਸਕਦੇ ਹਨ ਅਤੇ ਹੋਰ ਗ੍ਰਿਫ਼ਤਾਰੀਆਂ ਵੀ ਹੋ ਸਕਦੀਆਂ ਹਨ।ਕਤਲ ਕਾਂਡ ਦੀ ਜਾਂਚ ਇੰਟੀਗਰੇਟਿਡ ਹੋਮੀਸਾਇਡ ਇਨਵੇਸਟੀਗੇਸ਼ਨ (ਆਈਐੱਟਆਈਟੀ) ਟੀਮ ਕਰ ਰਹੀ ਹੈ। ਜਦਕਿ ਸਰੀ ਆਰਸੀਐੱਮਪੀ, ਲੋਅਰ ਮੇਨਲੈਂਡ ਇੰਟੀਗਰੇਟਿਡ ਟੀਮਾਂ ਤੋਂ ਉਨਟੈਰਿਓ ਦੀਆਂ ਸਹਿਯੌਗੀ ਸੰਸਥਾਵਾਂ ਨੇ ਟੀਮ ਦਾ ਸਾਥ ਦਿੱਤਾ ਹੈ।ਮਈ 3, 2024 ਦੀ ਸਵੇਰੇ, ਆਈਐੱਚਆਈਟੀ ਦੇ ਜਾਂਚ ਅਧਿਕਾਰੀਆਂ ਨੇ, ਬੀਸੀ ਆਰਸੀਐੱਮਪੀ, ਐਲਬਰਟਾ ਆਰਸੀਐੱਮਪੀ ਅਤੇ ਐਡਮਿੰਟਨ ਪੁਲਿਸ ਸਰਵਿਸ ਦੇ ਮੈਂਬਰਾਂ ਦੇ ਸਹਿਯੋਗ ਨਾਲ, ਇਨ੍ਹਾਂ ਤਿੰਨ ਵਿਆਕਤੀਆਂ ਨੂੰ ਹਿਰਾਸਤ ਚ ਲਿਆ ਹੈ।ਜਾਂਚ ਨੂੰ ਹੋਰ ਅਗਾਂਹ ਵਧਾਉਣ ਦੀ ਉਮੀਦ ਨਾਲ, ਜਾਂਚ ਟੀਮ ਨੇ ਮੁਲਜ਼ਮਾਂ ਅਤੇ ਕਤਲ ਤੋਂ ਪਹਿਲਾਂ ਜਾਂ ਬਾਅਦ ਵਿੱਚ ਵਰਤੀ ਗਈ ਟੋਇਓਟਾ ਕਰੋਲਾ ਗੱਡੀ ਦੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਹਨ। ਪੁਲਿਸ ਨੂੰ ਸ਼ੱਕ ਹੈ ਕਿ ਇਹ ਗੱਡੀ ਮੁਲਜ਼ਮਾਂ ਨੇ ਸਰੀ ਜਾਂ ਆਸ ਪਾਸ ਦੇ ਇਲਾਕਿਆਂ ਵਿੱਚ ਵਰਤੀ ਹੋ ਸਕਦੀ ਹੈ। ਇਸ ਬਾਰੇ ਇਤਲਾਹ ਦੇਣ ਦੀ ਨਾਗਰਿਕਾਂ ਨੂੰ ਅਪੀਲ ਕੀਤੀ ਗਈ ਹੈ।

ਮਰਹੂਮ ਕੈਨੇਡੀਅਨ ਵੱਖਵਾਦੀ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਕੇਸ ਵਿੱਚ ਪੁਲਿਸ ਨੇ ਚੌਥੀ ਗ੍ਰਿਫ਼ਤਾਰੀ ਕੀਤੀ ਹੈ। ਜੋ ਕਿ ਇੱਕ ਭਾਰਤੀ ਨਾਗਰਿਕ ਹੈ। ਹਰਦੀਪ ਸਿੰਘ (45) ਨੂੰ ਸਰੀ ਦੇ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿੱਚ 18 ਜੂਨ 2023 ਨੂੰ ਹਥਿਆਰਬੰਦ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹਲ਼ਾਕ ਕਰ ਦਿੱਤਾ ਸੀ। ਕੈਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ ਇਸ ਕਤਲ ਵਿੱਚ ਭਾਰਤੀ ਏਜੰਟਾਂ ਦੇ ਸ਼ਾਮਲ ਹੋਣ ਦੇ ਇਲਜ਼ਾਮ ਲਾਏ ਗਏ ਸਨ। ਉਸ ਤੋਂ ਬਾਅਦ ਹੀ ਦੋਵਾਂ ਦੇਸਾਂ ਦੇ ਕੂਟਨੀਤਿਕ ਰਿਸ਼ਤਿਆ ਵਿੱਚ ਕਾਫ਼ੀ ਤਲਖ਼ੀ ਆ ਗਈ ਸੀ। ਬੁੱਧਵਾਰ ਨੂੰ ਇੰਟਰਵਿਊ ਵਿੱਚ ਜਸਟਿਨ ਟਰੂਡੋ ਨੇ ਇੱਕ ਵਾਰ ਫਿਰ ਭਾਰਤ-ਕੈਨੇਡਾ ਸਬੰਧਾਂ ਅਤੇ ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਜ਼ਿਕਰ ਕੀਤਾ ਹੈ।ਭਾਰਤ ਨੇ ਇਸ ਕਤਲ ਵਿੱਚ ਕਿਸੇ ਵੀ ਤਰ੍ਹਾਂ ਦਾ ਹੱਥ ਹੋਣ ਦੇ ਇਲਜ਼ਮਾਂ ਨੂੰ ਹਮੇਸ਼ਾ ਪੁਰਜ਼ੋਰ ਤਰੀਕੇ ਨਾਲ ਰੱਦ ਕੀਤਾ ਹੈ।ਨਿੱਝਰ ਦੇ ਕਰੀਬੀਆਂ ਮੁਤਾਬਕ ਉਨ੍ਹਾਂ ਨੂੰ ਕੈਨੇਡੀਅਨ ਸੂਹੀਆ ਏਜੰਸੀਆਂ ਨੇ ਨਿੱਝਰ ਨੂੰ ਮਾਰੇ ਜਾਣ ਤੋਂ ਪਹਿਲਾਂ ਸਾਵਧਾਨ ਕੀਤਾ ਸੀ।3 ਮਈ ਨੂੰ ਗ੍ਰਿਫ਼ਤਾਰ ਕੀਤੇ ਗਏ ਤਿੰਨ ਸ਼ੱਕੀ ਹਨ- ਕਰਨ ਬਰਾੜ (22), ਕਮਲਪ੍ਰੀਤ ਸਿੰਘ (22) ਅਤੇ ਕਰਨ ਪ੍ਰੀਤ ਸਿੰਘ (28)।ਖ਼ਬਰ ਏਜੰਸੀ ਰਾਇਟਰਜ਼ ਮੁਤਾਬਕ ਸ਼ੁੱਕਰਵਾਰ ਨੂੰ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਹ ਵਿਅਕਤੀ ਬਰੈਂਪਟਨ ਵਾਸੀ ਅਮਨਦੀਪ ਸਿੰਘ ਹੈ।ਬ੍ਰਿਟਿਸ਼ ਕੋਲੰਬੀਆ ਦੀ ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਨੇ ਸ਼ੁੱਕਰਵਾਰ ਨੂੰ ਜਾਰੀ ਇੱਕ ਬਿਆਨ ਵਿੱਚ ਕਿਹਾ ਕਿ ਮੁਲਜ਼ਮ ਪਹਿਲਾਂ ਹੀ ਓਂਟਾਰੀਓ ਦੀ ਪੀਲ ਰੀਜਨਲ ਪੁਲਿਸ ਦੀ ਹਿਰਾਸਤ ਵਿੱਚ ਸੀ। ਉਸ ਉੱਤੇ ਹਥਿਆਰਾਂ ਨਾਲ ਜੁੜੇ ਇਲਜ਼ਾਮ ਸਨ।ਪੁਲਿਸ ਦੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਅਮਨਦੀਪ ਉੱਤੇ ਪਹਿਲੇ ਦਰਜੇ ਦੇ ਕਤਲ ਅਤੇ ਕਤਲ ਦੀ ਸਾਜ਼ਿਸ਼ ਰਚਣ ਦੇ ਇਲਜ਼ਾਮ ਲਾਏ ਗਏ ਹਨ।ਪੁਲਿਸ ਨੇ ਦੱਸਿਆ ਕਿ ਕੈਨੇਡਾ ਵਿੱਚ ਆਪਣਾ ਸਮਾਂ ਬਰੈਂਪਟਨ, ਓਂਟਾਰੀਓ, ਸਰੀ, ਬ੍ਰਿਟਿਸ਼ ਕੋਲੰਬੀਆ ਅਤੇ ਐਬਟਸਫੋਰਡ ਵਿੱਚ ਬਿਤਾਉਂਦਾ ਸੀ।ਪੁਲਿਸ ਨੇ ਜਾਰੀ ਜਾਂਚ ਅਤੇ ਅਦਾਲਤੀ ਸੁਣਵਾਈ ਦਾ ਹਵਾਲਾ ਦਿੰਦਿਆਂ ਵਧੇਰੇ ਵੇਰਵੇ ਸਾਂਝੇ ਨਹੀਂ ਕੀਤੇ ਹਨ।

**ਪਹਿਲਾਂ ਗ੍ਰਿਫ਼ਤਾਰ ਕੀਤੇ ਗਏ ਕੌਣ ਸਨ**

ਮਰਹੂਮ ਕੈਨੇਡੀਅਨ ਵੱਖਵਾਦੀ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਕੇਸ ਵਿੱਚ ਪੁਲਿਸ ਨੇ ਤਿੰਨ ਭਾਰਤੀ ਕੌਮੀਅਤ ਵਾਲੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ।ਇਹ ਤਿੰਨ ਸ਼ੱਕੀ ਸਨ- ਕਰਨ ਬਰਾੜ (22), ਕਮਲਪ੍ਰੀਤ ਸਿੰਘ (22) ਅਤੇ ਕਰਨ ਪ੍ਰੀਤ ਸਿੰਘ (28)।ਬ੍ਰਿਟਿਸ਼ ਕੋਲੰਬੀਆ ਗੁਰਦੁਆਰਾ ਕਮੇਟੀ ਦੇ ਮੈਂਬਰ ਅਤੇ ਨਿੱਝਰ ਦੇ ਪਿਛਲੇ 15 ਸਾਲ ਤੋਂ ਜਾਣਕਾਰ ਨੇ ਬੀਬੀਸੀ ਨੂੰ ਦੱਸਿਆ ਕਿ ਸਿੱਖ ਭਾਈਚਾਰਾ ਜਾਂਚ ਵਿੱਚ ਹੋਈ ਤਰੱਕੀ ਦੇਖ ਕੇ ਧੰਨਵਾਦੀ ਹੈ।ਹਾਲਾਂਕਿ ਉਨ੍ਹਾਂ ਨੇ ਕਿਹਾ ਕਿ ਅਜੇ ਵੀ ਜਨਤਕ ਸੁਰੱਖਿਆ ਬਾਰੇ ਖ਼ਦਸ਼ੇ ਅਤੇ ਬਹੁਤ ਜ਼ਿਆਦਾ ਤਣਾ ਹੈ। ਭਾਈਚਾਰੇ ਵਿੱਚ ਹਤਾਸ਼ਾ ਹੈ ਅਤੇ ਉਮੀਦ ਵੀ ਹੈ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਦੱਸਿਆ ਹੈ ਕਿ ਕੈਨੇਡਾ ਵੱਲੋਂ ਭਾਰਤ ਸਰਕਾਰ ਨੂੰ ਇਨ੍ਹਾਂ ਤਿੰਨਾਂ ਭਾਰਤੀਆਂ ਦੀ ਗ੍ਰਿਫ਼ਤਾਰੀ ਬਾਰੇ ਅਧਿਕਾਰਤ ਤੌਰ ਉੱਤੇ ਜਾਣਕਾਰੀ ਦਿੱਤੀ ਗਈ ਹੈ।

**ਭਾਰਤ ਅਤੇ ਕੈਨੇਡਾ ਦੇ ਰਿਸ਼ਤਿਆਂ ਵਿੱਚ ਤਣਾਅ ਦੇ ਪੜਾਅ**

ਜੇ ਕਿਹਾ ਜਾਵੇ ਕਿ ਭਾਰਤ ਅਤੇ ਕੈਨੇਡਾ ਦੇ ਰਿਸ਼ਤੇ ਨਿੱਝਰ ਦੇ ਕਤਲ ਤੋਂ ਬਾਅਦ ਹੀ ਖ਼ਰਾਬ ਹੋਏ ਹਨ। ਇਹ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਖ਼ਰਾਬ ਹੋ ਰਹੇ ਹਨ। ਜ਼ਿਕਰਯੋਗ ਹੈ ਕਿ ਭਾਰਤ ਤੋਂ ਬਾਹਰ ਸਿੱਖ ਸਭ ਤੋਂ ਜ਼ਿਆਦਾ ਕੈਨੇਡਾ ਵਿੱਚ ਵਸਦੇ ਹਨ। ਪਰ ਉੱਥੇ ਸਰਗਰਮ ਸਿੱਖ ਵੱਖਵਾਦੀਆਂ ਕਾਰਨ ਦੋਵਾਂ ਦੇਸਾਂ ਦੇ ਆਗੂ ਆਪਸ ਵਿੱਚ ਖਹਿਬੜਦੇ ਰਹੇ ਹਨ। ਹਾਲਾਂਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਆਪਣੇ ਪੂਰਬ ਅਧਿਕਾਰੀ ਵਾਂਗ ਹੀ ਕਹਿੰਦੇ ਰਹੇ ਹਨ ਕਿ ਕੈਨੇਡਾ ਸੰਯੁਕਤ ਭਾਰਤ ਦਾ ਹਮਾਇਤੀ ਹੈ। ਹਾਲਾਂਕ, ਦੋਵਾਂ ਵਿਚਕਾਰ ਸਬੰਧਾਂ ’ਚ ਪਹਿਲਾਂ ਵੀ ਕੁਝ ਤਣਾਅ ਆਏ ਸਨ, ਜਦੋਂ ਕੈਨੇਡਾ ਨੇ 1974 ਅਤੇ 1998 ਵਿੱਚ ਭਾਰਤੀ ਪ੍ਰਮਾਣੂ ਪ੍ਰੀਖਣਾਂ ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਸੀ।ਇਸ ਤੋਂ ਮਗਰੋਂ, 2005 ਵਿੱਚ ਏਅਰ ਇੰਡੀਆ ਬੰਬ ਧਮਾਕੇ ਦੇ ਮੁਲਜ਼ਮਾਂ ਦੋ ਕੈਨੇਡੀਅਨ ਸਿੱਖਾਂ ਨੂੰ ਬਰੀ ਕੀਤੇ ਜਾਣ ਤੋਂ ਬਾਅਦ ਭਾਰਤ ਨੇ ਨਿਰਾਸ਼ਾ ਜ਼ਾਹਰ ਕੀਤੀ ਸੀ।ਫਰਵਰੀ 2018 ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੇ ਪਰਿਵਾਰ ਸਮੇਤ ਭਾਰਤ ਦੀ ਇੱਕ ਹਫ਼ਤੇ ਦੀ ਸਰਕਾਰੀ ਫੇਰੀ ਉੱਤੇ ਆਏ।ਫੇਰੀ ਦਾ ਮਕਸਦ ਤਾਂ ਦੋਵਾਂ ਦੇਸਾਂ ਦੇ ਰਿਸ਼ਤਿਆਂ ਵਿੱ ਗਰਮਜੋਸ਼ੀ ਲਿਆਉਣਾ ਸੀ ਪਰ ਇਹ ਦੋਵਾਂ ਦੇਸਾਂ ਦਰਮਿਆਨ ਕੂਟਨੀਤਿਕ ਨਮੋਸ਼ੀ ਦਾ ਕਰਨ ਬਣ ਗਈ।ਦੋ ਸਮਾਗਮ ਜਿਨ੍ਹਾਂ ਵਿੱਚ ਜਸਟਿਨ ਟਰੂਡੋ ਖੁਦ ਵੀ ਸ਼ਾਮਲ ਸਨ ਕੈਨੇਡਾ ਵਾਸੀ ਜਸਪਾਲ ਸਿੰਘ ਅਟਵਾਲ ਨੂੰ ਦੇਖਿਆ ਗਿਆ ਜੋ ਕਿ ਇੱਕ ਭਾਰਤੀ ਸਿਆਸਤਦਾਨ ਦੇ ਕਤਲ ਦੇ ਕੇਸ ਵਿੱਚ ਭਾਰਤ ਵਿੱਚ ਸਜ਼ਾ ਯਾਫ਼ਤਾ ਹੈ।ਇਸ ਤੋਂ ਇਲਾਵਾ ਟਰੂਡੋ ਅਤੇ ਉਨ੍ਹਾਂ ਦੇ ਪਰਿਵਾਰ ਦਾ ਫੇਰੀ ਦੌਰਾਨ ਭਾਰਤੀ ਪਹਿਰਾਵਾ ਪਾਉਣ ਤੋਂ ਵੀ ਮਜ਼ਾਕ ਬਣਾਇਆ ਗਿਆ।ਜੂਨ 2023 ਵਿੱਚ ਕੈਨੇਡਾ ਦੇ ਕੌਮੀ ਸੁਰੱਖਿਆ ਸਲਾਹਕਾਰ ਨੇ ਕਿਹਾ ਕਿ ਭਾਰਤ ਕੈਨੇਡਾ ਵਿੱਚ ਵਿਦੇਸ਼ੀ ਦਖ਼ਲ ਦਾ ਸਭ ਤੋਂ ਵੱਡਾ ਸਰੋਤ ਹੈ।

ਉਸ ਤੋਂ ਪਹਿਲਾਂ ਉਸੇ ਮਹੀਨੇ ਭਾਰਤੀ ਵਿਦੇਸ਼ ਮੰਤਰੀ ਐੱਸ ਜੈ ਸ਼ੰਕਰ ਨੇ ਇੱਕ ਪਰੇਡ ਦੌਰਾਨ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਦੀ ਝਾਕੀ ਪ੍ਰਦਰਸ਼ਿਤ ਕੀਤੇ ਜਾਣ ਦੀ ਆਗਿਆ ਦਿੱਤੇ ਜਾ ਤੋਂ ਕੈਨੇਡਾ ਦੀ ਆਲੋਚਨਾ ਕੀਤੀ ਸੀ। ਦੋ ਹਫ਼ਤਿਆਂ ਬਾਅਦ ਹੀ ਹਰਦੀਪ ਸਿੰਘ ਨਿੱਝਰ ਦਾ ਸਰੀ ਦੇ ਗੁਰਦੁਆਰੇ ਦੀ ਪਾਰਕਿੰਗ ਵਿੱਚ ਕਤਲ ਕਰ ਦਿੱਤਾ ਗਿਆ।ਸੰਤਬਰ 2023 ਵਿੱਚ ਕੈਨੇਡਾ ਦੀ ਟਰੇਡ ਮੰਤਰੀ ਨੇ ਕਿਹਾ ਕਿ ਜਦੋਂ ਤੱਕ ਨਿੱਝਰ ਕਤਲ ਕੇਸ ਵਿੱਚ ਕੈਨੇਡਾ ਨਾਲ ਸਹਿਯੋਗ ਨਹੀਂ ਕਰਦਾ ਅਸੀਂ ਉਸ ਨਾਲ ਕਾਰੋਬਾਰੀ ਗੱਲਬਾਤ ਅੱਗੇ ਨਹੀਂ ਵਧਾਵਾਂਗੇ।ਉਸੇ ਮਹੀਨੇ ਵਿੱਚ ਟਰੂਡੋ ਭਾਰਤ ਵਿੱਟ ਜੀ20 ਸੰਮੇਲਨ ਵਿੱਚ ਸ਼ਾਮਲ ਹੋਏ ਅਤੇ ਵਾਪਸ ਜਾਣ ਤੋਂ ਕੁਝ ਸਮੇਂ ਬਾਅਦ ਹੀ ਉਨ੍ਹਾਂ ਨੇ ਕੈਨੇਡਾ ਦੀ ਸੰਸਦ ਵਿੱਚ 18 ਸਤੰਬਰ ਨੂੰ ਬਿਆਨ ਦਿੱਤਾ ਕਿ ਨਿੱਝਰ ਦੇ ਕਤਲ ਪਿੱਛੇ ਭਾਰਤ ਸਰਕਾਰ ਦਾ ਸੰਭਾਵੀ ਸੰਬੰਧ ਹੋਣ ਦੇ ਭਰੋਸੇਯੋਗ ਇਲਜ਼ਮਾਂ ਦੀ ਜਾਂਚ ਕੀਤੀ ਜਾ ਰਹੀ ਹੈ।ਹਾਲਾਂਕਿ ਮੋਦੀ ਸਰਕਾਰ ਨੇ ਕੈਨੇਡਾ ਅਤੇ ਅਮਰੀਕਾ ਵਿੱਚ ਗੈਰ-ਨਿਆਂਇਕ ਹੱਤਿਆਵਾਂ ਵਿੱਚ ਆਪਣੀ ਸ਼ਮੂਲੀਅਤ ਦੇ ਇਲਜ਼ਮਾਂ ਤੋਂ ਇਨਕਾਰ ਕੀਤਾ ਹੈ।ਅਕਤੂਬਰ 2023 ਵਿੱਚ ਭਾਰਤ ਨੇ 40 ਕੈਨੇਡੀਅਨ ਕੂਟਨੀਤਿਕਾਂ ਦੀ ਡਿਪਲੋਮੈਟਿਕ ਇਮਿਊਨਿਟੀ ਰੱਦ ਕਰ ਦਿੱਤੀ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮਿਲੀ ਸੁਰੱਖਿਆ ਖ਼ਤਮ ਕਰਕੇ ਵਾਪਸ ਬੁਲਾਉਣ ਲਈ ਕਿਹਾ।20 ਅਕਤੂਬਰ ਨੂੰ ਕੈਨੇਡਾ ਨੇ ਆਪਣੇ ਨਾਗਰਿਕਾਂ ਨੂੰ ਭਾਰਤ ਯਾਤਰਾ ਦੌਰਾਨ ਸਾਵਧਾਨ ਰਹਿਣ ਦੀ ਸਲਾਹਕਾਰੀ ਜਾਰੀ ਕੀਤੀ।ਇਸੇ ਘਟਨਾਕ੍ਰਮ ਵਿੱਚ ਭਾਰਤੀ ਵਿਦੇਸ਼ ਮੰਤਰੀ ਐੱਸ ਜੈ ਸ਼ੰਕਰ ਨੇ ਕਿਹਾ, ÷ਜੇ ਸਥਿਤੀ ਬਿਹਤਰ ਹੋ ਜਾਂਦੀ ਹੈ ਤਾਂ ਅਸੀਂ ਕੈਨੇਡਾ ਨਾਲ ਵੀਜ਼ਾ ਸੇਵਾਵਾਂ ਮੁੜ ਸ਼ੁਰੂ ਕਰਨੀਆਂ ਚਾਹਾਂਗੇ।ਇਸ ਕਾਰਨ ਕੈਨੇਡੀਅਨ ਸਫਾਰਤਖਾਨੇ ਦੇ ਕਰੀਬ ਦੋ ਤਿਹਾਈ ਅਮਲੇ ਨੂੰ ਭਾਰਤ ਛੱਡ ਕੇ ਵਾਪਸ ਜਾਣਾ ਪਿਆ।ਜਨਵਰੀ 2024 ਵਿੱਚ ਕੈਨੇਡਾ ਦੀਆਂ ਚੋਣਾਂ ਵਿੱਚ ਵਿਦੇਸ਼ੀ ਦਖ਼ਲ ਦੀ ਜਾਂਚ ਕਰ ਰਹੇ ਅਜ਼ਾਦ ਕਮਿਸ਼ਨ ਨੇ ਇਸ ਸੰਬੰਧ ਵਿੱਚ ਓਟਾਵਾ ਪ੍ਰੋਵਿੰਸ ਤੋਂ ਜਾਣਕਾਰੀ ਦੀ ਮੰਗ ਕੀਤੀ।ਭਾਰਤ ਨੇ ਕਿਹਾ ਕਿ ਕੈਨੇਡਾ ਸਿੱਖ ਵੱਖਵਾਦੀਆਂ ਨੂੰ ਜੋ ਖੁੱਲ੍ਹ ਦੇ ਰਿਹਾ ਹੈ ਉਹ ਭਾਰਤ ਲਈ ਹੀ ਨਹੀਂ ਸਗੋਂ ਕੈਨੇਡਾ ਦੇ ਮਾਹੌਲ ਲਈ ਵੀ ਸਹੀ ਨਹੀਂ ਹੈ।ਮਈ 2024 ਦੇ ਪਹਿਲੇ ਹਫ਼ਤੇ ਦੌਰਾਨ ਹੀ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇੱਕ ਵਾਰ ਫਿਰ ਨਿੱਝਰ ਦੇ ਕਤਲ ਅਤੇ ਭਾਰਤ ਨਾਲ ਰਿਸ਼ਤਿਆਂ ਦਾ ਜ਼ਿਕਰ ਕੀਤਾ ਅਤੇ ਭਾਰਤ ਨੇ ਇਸ ਬਾਰੇ ਇਤਰਾਜ਼ ਜਤਾਇਆ।ਤਾਜ਼ਾ ਘਟਨਾਕ੍ਰਮ ਵਿੱਚ ਕੈਨੇਡਾ ਪੁਲਿਸ ਨੇ ਨਿੱਝਰ ਦੇ ਕਤਲ ਦੇ ਸੰਬੰਧ ਵਿੱਚ ਤਿੰਨ ਭਾਰਤੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।




ਕਰਨ ਬਰਾੜ ਕਰਨਪ੍ਰੀਤ ਸਿੰਘ ਕਮਲਪ੍ਰੀਤ ਸਿੰਘ



# ਮਾਪਿਆਂ ਦੀਆਂ ਸਿੱਖਿਆਵਾਂ ਸਿਰਜਦੀਆਂ ਹਨ ਚੰਗੇਰਾ ਭਵਿੱਖ





ਮੌਜੂਦਾ ਯੁੱਗ ਵਿੱਚ ਹਰ ਮਾਂ-ਬਾਪ ਆਪਣੇ ਬੱਚੇ ਨੂੰ ਵਿਗਿਆਨੀ, ਇੰਜੀਨੀਅਰ, ਡਾਕਟਰ ਜਾਂ ਕੋਈ ਵੱਡਾ ਅਫ਼ਸਰ ਬਣਾਉਣਾ ਚਾਹੁੰਦੇ ਹਨ। ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਮਾਪੇ ਆਪਣੇ ਵਿੱਤ ਮੁਤਾਬਕ ਵਧੀਆ ਤੋਂ ਵਧੀਆ ਸਕੂਲਾਂ ਦੀ ਚੋਣ ਕਰਕੇ ਆਪਣੇ ਬੱਚਿਆਂ ਨੂੰ ਪੜ੍ਹਾਉਂਦੇ ਹਨ ਅਤੇ ਭਵਿੱਖ ਵਿੱਚ ਵੱਡੀਆਂ ਉਮੀਦਾਂ ਰੱਖਦੇ ਹਨ। ਹਰ ਬੱਚੇ ਦਾ ਆਪਣੇ ਪਰਿਵਾਰ ਅਤੇ ਰਹਿਣ-ਸਹਿਣ ਮੁਤਾਬਕ ਆਪਣਾ ਹੀ ਸੱਭਿਆਚਾਰ ਹੁੰਦਾ ਹੈ ਅਤੇ ਕੁਦਰਤ ਦੇ ਨਿਯਮ ਮੁਤਾਬਕ ਹਰ ਬੱਚੇ ਦੀ ਸੋਚ ਵੀ ਵੱਖਰੋ-ਵੱਖਰੀ ਹੁੰਦੀ ਹੈ। ਪੜ੍ਹਾਈ ਕਰਦਿਆਂ ਜੇ ਬੱਚੇ ਦਾ ਸਬੰਧ ਮਾੜੀ ਸੰਗਤ ਨਾਲ ਪੈ ਜਾਵੇ ਤਾਂ ਬੱਚੇ ਦੇ ਭਵਿੱਖ ਅਤੇ ਮਾਪਿਆਂ ਦੀਆਂ ਉਮੀਦਾਂ ’ਤੇ ਸਵਾਲੀਆ ਨਿਸ਼ਾਨ ਲੱਗ ਜਾਂਦਾ ਹੈ। ਇਹ ਹੋਰ ਵੀ ਅਫ਼ਸੋਸ ਵਾਲੀ ਗੱਲ ਹੈ ਕਿ ਗ਼ਲਤ ਸੰਗਤ ਵਿੱਚ ਪਿਆ ਵਿਦਿਆਰਥੀ ਆਪਣੇ-ਆਪ ਨੂੰ ਬੁੱਧੀਮਾਨ ਸਮਝਣ ਦਾ ਭੁਲੇਖਾ ਪਾਲਦਾ ਰਹਿੰਦਾ ਹੈ। ਮਾਪਿਆਂ ਦਾ ਬੱਚਿਆਂ ਨੂੰ ਸਮਾਂ ਨਾ ਦੇਣ ਕਾਰਨ ਅਤੇ ਬੱਚਿਆਂ ’ਤੇ ਸ਼ੱਕ ਕਰਨ ਕਰਕੇ ਮਾੜੀਆਂ ਆਦਤਾਂ ਵਿੱਚ ਹੋਰ ਵਾਧਾ ਹੋਈ ਜਾਂਦਾ ਹੈ। ਵੱਡਾ ਹੋ ਕੇ ਜਵਾਨੀ ਵਿੱਚ ਪੈਰ ਧਰਨ ਵੇਲੇ ਬੱਚਾ ਮਾੜੀ ਸੰਗਤ ਜਾਂ ਗ਼ਲਤ ਸੋਚ ਕਾਰਨ ਸਮਾਜਿਕ ਰਿਸ਼ਤਿਆਂ ਦਾ ਵੀ ਘਾਣ ਕਰਦਾ ਹੈ। ਅਜਿਹੀਆਂ ਮਾੜੀਆਂ ਆਦਤਾਂ ਗ੍ਰਹਿਣ ਕਰਨ ਕਰਕੇ ਜਿੱਥੇ ਵਿਦਿਆਰਥੀ ਦੇ ਆਪਣੇ ਜੀਵਨ ਅਤੇ ਪੜ੍ਹਾਈ ’ਤੇ ਮਾਰੂ ਪ੍ਰਭਾਵ ਪੈਂਦਾ ਹੈ, ਉੱਥੇ ਮਾਤਾ-ਪਿਤਾ ਦੀਆਂ ਉਮੀਦਾਂ ’ਤੇ ਵੀ ਪਾਣੀ ਫਿਰ ਜਾਂਦਾ ਹੈ। ਸਮਾਜਿਕ ਪੱਧਰ ’ਤੇ ਇਹ ਬਹੁਤ ਹੀ ਦੁੱਖ ਦੀ ਗੱਲ ਹੈ ਕਿ ਮਾਪਿਆਂ ਦੀਆਂ ਸਿੱਖਿਆਵਾਂ ਤੋਂ ਬਿਨਾਂ ਜ਼ਿੰਦਗੀ ਵਿੱਚ ਕੋਈ ਵੀ ਮਾਧਿਅਮ ਅਜਿਹਾ ਨਜ਼ਰ ਨਹੀਂ ਆਉਂਦਾ ਜਿੱਥੋਂ ਚੰਗੇ ਜੀਵਨ ਜਿਊਣ ਦੀ ਸਿੱਖਿਆ ਮਿਲਦੀ ਹੋਵੇ। ਟੈਲੀਵਿਜ਼ਨ ਨੇ ਸਾਡੇ ਘਰ ਬਰਬਾਦ ਕਰ ਦਿੱਤੇ ਹਨ। ਟੈਲੀਵਿਜ਼ਨ ’ਤੇ ਦਿਖਾਈ ਜਾਂਦੀ ਕਾਲਪਨਿਕ ਦੁਨੀਆਂ ਨੂੰ ਅਸੀਂ ਆਪਣੀ ਅਸਲ ਜ਼ਿੰਦਗੀ ਦਾ ਹਿੱਸਾ ਬਣਾ ਲਿਆ ਹੈ। ਟੀ.ਵੀ. ’ਤੇ ਦਿਖਾਏ ਜਾਂਦੇ ਕਿਸੇ ਵੀ ਪ੍ਰੋਗਰਾਮ ਨੂੰ ਅਸੀਂ ਪਰਿਵਾਰ ਵਿੱਚ ਬੇਝਿਜਕ ਬੈਠ ਕੇ ਨਹੀਂ ਦੇਖ ਸਕਦੇ। ਅੱਜ ਟੀ.ਵੀ. ਜਿੱਥੇ ਪੱਛਮੀਕਰਨ ਨੂੰ ਬੜ੍ਹਾਵਾ ਦੇ ਕੇ ਅੱਲੜ੍ਹ ਉਮਰ ਵਿੱਚ ਮੁੰਡੇ-ਕੁੜੀਆਂ ਨੂੰ ਆਪਣੀਆਂ ਮਨ ਮਰਜ਼ੀਆਂ ਦੇ ਰਾਹ ਤੋਰਨ ਦਾ ਤਰਕ ਪੇਸ਼ ਕਰ ਰਿਹਾ ਹੈ, ਉੱਥੇ ਸਾਨੂੰ ਸਾਡੇ ਵਡਮੁੱਲੇ ਸੱਭਿਆਚਾਰ, ਵਿਰਾਸਤ ਅਤੇ ਧਰਮ ਨਾਲੋਂ ਤੋੜ ਰਿਹਾ ਹੈ। ਮੋਬਾਈਲ ਦੀ ਬੇਲੋੜੀ ਤੇ ਅੰਨ੍ਹੇਵਾਹ ਵਰਤੋਂ ਨੇ ਵੀ ਸਮਾਜਿਕ ਤਰੇੜਾਂ ਵਧਾਈਆਂ ਹਨ ਅਤੇ ਸਮਾਜਿਕ ਪੱਖੋਂ ਅਪ੍ਰਵਾਨਿਤ ਰਿਸ਼ਤਿਆਂ ਵਿੱਚ ਵੱਡਾ ਵਾਧਾ ਕੀਤਾ ਹੈ। ਮਾਪਿਆਂ ਨੇ ਆਪਣੇ ਲਾਡਲਿਆਂ ਨੂੰ ਪੜ੍ਹਾਈ ਕਰਨ ਲਈ ਲੈਪਟਾਪ ਲੈ ਕੇ ਦਿੱਤੇ ਹਨ ਪਰ ਲੈਪਟਾਪ ’ਤੇ ਪੜ੍ਹਾਈ ਤਾਂ ਨਾਂਮਾਤਰ ਹੀ ਹੁੰਦੀ ਹੈ ਸਗੋਂ ਚੈਟਿੰਗ ਨੇ ਧੁੰਮਾਂ ਪਾਈਆਂ ਹੋਈਆਂ ਹਨ। ਸਕੂਲ ਅਤੇ ਕਾਲਜਾਂ ਦੀ ਪੜ੍ਹਾਈ ਵਿੱਚ ਕੋਈ ਟਾਵਾਂ ਵਿਰਲਾ ਅਧਿਆਪਕ ਹੀ ਹੈ ਜੋ ਬੱਚਿਆਂ ਨੂੰ ਨੈਤਿਕ ਪੱਖ ਤੋਂ ਉੱਚਾ ਚੁੱਕਣ ਲਈ ਕੋਸ਼ਿਸ਼ ਕਰਦਾ ਹੈ। ਜ਼ਿਆਦਾਤਰ ਅਧਿਆਪਕ ਸਿਲੇਬਸ ਪੂਰਾ ਕਰਾਉਣਾ ਹੀ ਆਪਣਾ ਫ਼ਰਜ਼ ਸਮਝਦੇ ਹਨ। ਅਜਿਹੇ ਕਾਰਨਾਂ ਕਰਕੇ ਘਰਾਂ ਤੋਂ ਬਾਹਰ ਪੜ੍ਹਨ ਵਾਲੇ ਬਹੁਤੇ ਵਿਦਿਆਰਥੀ ਪੜ੍ਹਾਈ ਦੀ ਥਾਂ ਤੋਰੇ ਫੇਰੇ ਦੇ ਰਾਹ ਪੈ ਰਹੇ ਹਨ। ਜਵਾਨੀ ਦੀ ਉਮਰ ਵਿੱਚ ਵਿਦਿਆਰਥੀਆਂ ਨੂੰ ਸਮਾਜਿਕ ਤੌਰ ’ਤੇ ਅਪ੍ਰਵਾਨਿਤ ਸਬੰਧ ਭਾਵੇਂ ਠੀਕ ਲੱਗਦੇ ਹਨ ਪਰ ਇਨ੍ਹਾਂ ਦਾ ਅੰਤ ਨਿਰਾਸ਼ਾਜਨਕ ਅਤੇ ਮਾੜਾ ਹੀ ਨਿੱਕਲਦਾ ਹੈ। ਜੇ ਅਪ੍ਰਵਾਨਿਤ ਸਬੰਧ ਲੋਕਾਂ ਸਾਹਮਣੇ ਆ ਜਾਣ ਤਾਂ ਸਿੱਖਿਆਰਥੀਆਂ ਦੇ ਭਵਿੱਖ ’ਤੇ ਸਵਾਲੀਆ ਨਿਸ਼ਾਨ ਲੱਗ ਜਾਂਦੇ ਹਨ। ਜਦੋਂ ਅਜਿਹੇ ਅਪ੍ਰਵਾਨਿਤ ਰਿਸ਼ਤੇ ਮਾਤਾ-ਪਿਤਾ ਅੱਗੇ ਖੁੱਲ੍ਹਦੇ ਹਨ ਤਾਂ ਜਿੱਥੇ ਮਾਪਿਆਂ ਦੀਆਂ ਉਮੀਦਾਂ ਧਰੀਆਂ-ਧਰਾਈਆਂ ਰਹਿ ਜਾਂਦੀਆਂ ਹਨ, ਉੱਥੇ ਸ਼ਰਮਸਾਰ ਹੋਏ ਸਿੱਖਿਆਰਥੀ ਦੇ ਪੱਲੇ ਵੀ ਪਛਤਾਵੇ ਤੋਂ ਬਿਨਾਂ ਕੱਖ ਨਹੀਂ ਪੈਂਦਾ ਸਗੋਂ ਪੜ੍ਹਾਈ ਵੀ ਅੱਧ-ਵਿਚਕਾਰ ਲਟਕਣ ਦੇ ਹਾਲਾਤ ਬਣ ਜਾਂਦੇ ਹਨ। ਇਨ੍ਹਾਂ ਅਪ੍ਰਵਾਨਿਤ ਰਿਸ਼ਤਿਆਂ ਵਿੱਚੋਂ ਹੀ ਲੜਾਈ, ਅਗਵਾ, ਕਤਲ ਅਤੇ ਖ਼ੁਦਕੁਸ਼ੀਆਂ ਵਰਗੇ ਮਾਮਲੇ ਨਿੱਤ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਦੇ ਹਨ। ਇਸ ਤਰ੍ਹਾਂ ਪੜ੍ਹਾਈਆਂ ਕਰਕੇ ਵਿਦਿਆਰਥੀਆਂ ਦੇ ਇੱਕ ਗ਼ਲਤ ਕਦਮ ਚੁੱਕਣ ਕਾਰਨ ਵੱਸਦੇ-ਰਸਦੇ ਘਰ ਉੱਜੜ ਜਾਂਦੇ ਹਨ। ਦੁੱਖ ਦੀ ਗੱਲ ਹੈ ਕਿ ਸਿੱਖਿਆ ਵਿਭਾਗ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਨੂੰ ਚੰਗੀਆਂ ਨਸੀਹਤਾਂ ਅਤੇ ਆਗਿਆਕਾਰੀ ਜੀਵਨ ਜਿਊਣ ਲਈ ਕੋਈ ਵੀ ਠੋਸ ਨੀਤੀਆਂ ਨਹੀਂ ਦੇ ਸਕਿਆ। ਜੇ ਹੋਸਟਲ ਦੀ ਜ਼ਿੰਦਗੀ ਵਿੱਚ ਸਿੱਖਿਆਰਥੀ ਆਪਣੇ-ਆਪ ਨੂੰ ਸੰਭਾਲ ਲੈਂਦਾ ਹੈ ਤਾਂ ਹੀ ਉਹ ਆਪਣਾ ਭਵਿੱਖ ਸਵਾਰ ਸਕਦਾ ਹੈ ਅਤੇ ਦੁਨੀਆ ਦਿਖਾਉਣ ਵਾਲੇ ਮਾਤਾ-ਪਿਤਾ ਦੀਆਂ ਉਮੀਦਾਂ ਪੂਰੀਆਂ ਕਰਨ ਦੇ ਰਾਹ ਤੁਰ ਸਕਦਾ ਹੈ। ਜੇ ਵਿਦਿਆਰਥੀ ਇਸ ਉਮਰ ਵਿੱਚ ਆਪਣੇ-ਆਪ ਨੂੰ ਮਾੜੀ ਸੰਗਤ ਤੋਂ ਨਹੀਂ ਬਚਾ ਸਕਦਾ ਤਾਂ ਫਿਰ ਰੱਬ ਹੀ ਰਾਖਾ ਹੈ? ਮਾੜੀ ਸੰਗਤ ਦੇ ਸ਼ਿਕਾਰ ਸਿੱਖਿਆਰਥੀ ਦੇ ਮਾਪੇ ਆਪਣੇ ਬੱਚੇ ਨੂੰ ਸਿਆਣਾ ਅਤੇ ਸਮਝਦਾਰ ਸਮਝਦੇ ਰਹਿੰਦੇ ਹਨ ਅਤੇ ਆਪਣੀਆਂ ਉਮੀਦਾਂ ਦੀ ਪੂਰਤੀ ਦੀਆਂ ਆਸਾਂ ਲਗਾਈ ਉਡੀਕਦੇ ਰਹਿੰਦੇ ਹਨ ਪਰ ਜਿੱਥੋਂ ਤਕ ਆਪਣੀਆਂ ਨਜ਼ਰਾਂ ਨਾਲ ਦੇਖਿਆ ਅਤੇ ਪਰਖਿਆ ਹੈ ਕਿ ਵੱਡੀ ਗਿਣਤੀ ਵਿੱਚ ਘਰਾਂ ਤੋਂ ਬਾਹਰ ਹੋਸਟਲਾਂ ਵਿੱਚ ਰਹਿਣ ਵਾਲੇ ਸਿੱਖਿਆਰਥੀ ਆਪਣੇ ਮਾਂ-ਬਾਪ ਦੀਆਂ ਅੱਖਾਂ ਵਿੱਚ ਘੱਟਾ ਪਾਉਂਦੇ ਰਹਿੰਦੇ ਹਨ। ਕਾਲਜਾਂ ਵਿੱਚ ਪੜ੍ਹਾਈ ਕਰਨ ਵਾਲੇ ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆਂ ਨੇ ਆਪਣੇ ਪੇਟ ਬੰਨ੍ਹ ਕੇ, ਵੱਡੇ ਖਰਚ ਕਰਕੇ ਪੜ੍ਹਨ ਲਈ ਭੇਜਿਆ ਹੋਇਆ ਹੈ ਪਰ ਬੱਚੇ ਫੋਨਾਂ ਦੇ ਐੱਸ.ਐੱਮ.ਐੱਸ. ਤੋਂ ਸ਼ੁਰੂ ਹੋ ਕੇ ਸਭ ਦਹਿਲੀਜ਼ਾਂ ਪਾਰ ਕਰਦੇ ਉਲਟੇ ਰਾਹ ਵਹਿੰਦੇ ਤੁਰੇ ਜਾ ਰਹੇ ਹਨ। ਘਰੋਂ ਬਾਹਰ ਆ ਕੇ ਸਿੱਖਿਆਰਥੀ ਭਾਵੇਂ ਆਜ਼ਾਦ ਤਾਂ ਹੁੰਦਾ ਹੈ ਪਰ ਆਪਣਾ ਕਰਤਾ-ਧਰਤਾ ਵੀ ਉਹ ਆਪ ਹੀ ਹੁੰਦਾ ਹੈ ਅਤੇ ਉਸ ਨੂੰ ਹਰ ਕੰਮ ਕਰਨ ਦਾ ਫ਼ੈਸਲਾ ਆਪ ਹੀ ਕਰਨਾ ਪੈਂਦਾ ਹੈ। ਜ਼ਿੰਦਗੀ ਨੂੰ ਸਹੀ ਦਿਸ਼ਾ ਦਿਖਾਉਣ ਵਾਲਾ ਫ਼ੈਸਲਾ ਉਹ ਤਾਂ ਹੀ ਕਰ ਸਕਦਾ ਹੈ, ਜੇ ਉਸ ਕੋਲ ਵਧੀਆ ਸੋਚ ਹੋਵੇ। ਵਧੀਆ ਸੋਚ ਤਾਂ ਹੀ ਹੋ ਸਕਦੀ ਹੈ ਜੇ ਮਾਤਾ-ਪਿਤਾ ਦੀਆਂ ਦਿੱਤੀਆਂ ਸਿੱਖਿਆਵਾਂ ਨੂੰ ਉਸ ਨੇ ਪੱਲੇ ਬੰਨ੍ਹਿਆ ਹੋਵੇ। ਇਸ ਲਈ ਹਰ ਵਿਦਿਆਰਥੀ ਨੂੰ ਆਪਣੇ ਚੰਗੇਰੇ ਭਵਿੱਖ ਲਈ ਆਪਣੇ ਮਾਪਿਆਂ ਦੀਆਂ ਦਿੱਤੀਆਂ ਸਿੱਖਿਆਵਾਂ ਨੂੰ ਮਨ ਵਿੱਚ ਵਸਾ ਕੇ ਜੀਵਨ ਨੂੰ ਚੰਗੇ ਰਾਹ ਤੋਰਨਾ ਚਾਹੀਦਾ ਹੈ। ਅੰਤ ਵਿੱਚ ਇਹੀ ਕਹਾਂਗੀ ਜਦ ਅਸੀਂ ਆਪਣੀ ਜ਼ਿੰਦਗੀ ਵਿੱਚ ਕੋਈ ਵੀ ਫ਼ੈਸਲਾ ਕਰਨ ਵਿੱਚ ਉਲਝ ਜਾਈਏ ਤਾਂ ਸਾਨੂੰ ਫ਼ੈਸਲਾ ਕਰਨ ਵੇਲੇ ਸੋਚਣਾ ਚਾਹੀਦਾ ਹੈ ਕਿ ਜੇ ਮੇਰੇ ਮਾਤਾ-ਪਿਤਾ ਕਾਲਜ ਜਾਂ ਹੋਸਟਲ ਵਿੱਚ ਮੇਰੇ ਕੋਲ ਹੁੰਦੇ ਤਾਂ ਉਹ ਕੀ ਕਰਨ ਲਈ ਕਹਿੰਦੇ? ਹਰ ਗੱਲ ਦਾ ਜਵਾਬ ਮਿਲ ਜਾਵੇਗਾ ਕਿਉਂਕਿ ਮਾਪਿਆਂ ਦੀਆਂ ਸਿੱਖਿਆਵਾਂ ਹੀ ਸਿਰਜਦੀਆਂ ਹਨ, ਚੰਗੇਰਾ ਭਵਿੱਖ।



# ਹੁਣ ਹੱਥ ‘ਚ ਸਮਾਰਟ ਫੋਨ ਜ਼ਿਆਦਾ ਅਤੇ ਕਿਤਾਬਾਂ ਘੱਟ ਦਿਸਦੇ ਏ..




ਜਿੱਥੇ ਸਾਨੂੰ ਚੰਗੀਆਂ ਕਿਤਾਬਾਂ ਪੜਣ ਦੇ ਨਾਲ ਵੱਧ ਗਿਆਨ ਪ੍ਰਾਪਤ ਹੁੰਦਾ ਹੈ, ਉੱਥੇ ਹੀ ਅਸੀਂ ਆਪਣੀ ਹਰ ਗੱਲ ਨੂੰ ਕਿਹੜੇ ਵੇਲੇ ਅਤੇ ਕਦੋਂ ਕਹਿਣਾ ਹੈ, ਉਹ ਵੀ ਸਿੱਖ ਜਾਂਦੇ ਹਨ। ਪਰ ਬਦਲਦੇ ਜ਼ਮਾਨੇ ਵਿੱਚ ਹੁਣ ਲੋਕ ਕਿਤਾਬਾਂ ਤਾਂ ਪੜਣਦੇ ਹਨ, ਪਰ ਸਮਾਰਟ ਫੋਨ ਦੇ ਵਿੱਚ। ਸਮਾਰਟ ਫੋਨ ਨੇ ਜਿੱਥੇ ਬਹੁਤ ਸਾਰੇ ਲੋਕਾਂ ਨੂੰ ਮੁਫ਼ਤ ਵਿੱਚ ਕਿਤਾਬਾਂ ਮੁਹੱਈਆ ਕਰਵਾਉਣ ਦਾ ਕੰਮ ਕੀਤਾ ਹੈ, ਉੱਥੇ ਹੀ ਦੂਜੇ ਪਾਸੇ ਸਮਾਰਟ ਫੋਨ ਨੇ ਸਾਡੇ ਹੱਥਾਂ ਵਿੱਚ ਵਿਖ਼ਾਈ ਦਿੰਦੀ ਕਿਤਾਬ ਨੂੰ ਗਾਇਬ ਕਰਕੇ ਰੱਖ ਦਿੱਤਾ ਹੈ।

ਅੱਜ ਬਹੁਤ ਸਾਰੇ ਲੇਖਕ, ਬੁੱਧੀਜੀਵੀ ਅਤੇ ਪੱਤਰਕਾਰ ਸਾਥੀ ਆਪਣੇ ਸਮਾਰਟ ਫੋਨਾਂ ਦੇ ਵਿੱਚ ਹੀ ਜ਼ਿਆਦਾ ਕਿਤਾਬਾਂ ਪੜਣਾ ਪਸੰਦ ਕਰਦੇ ਹਨ। ਕਿਉਂਕਿ ਹਰ ਕਿਸੇ ਕੋਲ ਸਮੇਂ ਦੀ ਅਤੇ ਜਗ੍ਹਾ ਦੀ ਘਾਟ ਹੈ। ਜਿਸਦੇ ਕਾਰਨ ਇੱਕੋ ਹੀ ਸਮਾਰਟ ਫੋਨ ਦੇ ਵਿੱਚ ਲੋਕ ਹਜ਼ਾਰਾਂ ਦੀ ਗਿਣਤੀ ਵਿੱਚ ਹੀ ਕਿਤਾਬਾਂ ‘ਸੇਵ’ ਕਰਕੇ ਰੱਖ ਲੈਂਦੇ ਹਨ। ਭਾਵੇਂ ਹੀ ਸਾਹਿਤ ਸਾਡੀ ਜ਼ਿੰਦਗੀ ਦਾ ਇੱਕ ਅਹਿਮ ਅੰਗ ਹੈ, ਪਰ ਸਮੇਂ ਦੇ ਹਿਸਾਬ ਨਾਲ ਅਤੇ ਭੱਜ ਦੌੜ ਦੀ ਜ਼ਿੰਦਗੀ ਵਿੱਚ ਸਾਹਿਤ ਸਾਡੇ ਕੋਲੋਂ ਦੂਰ ਹੁੰਦਾ ਜਾ ਰਿਹਾ ਹੈ ਅਤੇ ਇਸਦੇ ਦੋਸ਼ੀ ਵੀ ਅਸੀਂ ਖ਼ੁਦ ਹੀ ਹਾਂ।

ਦੱਸ ਦਈਏ ਕਿ ਕਈ ਲੋਕ ਚੇਹਰੇ ਪੜਦੇ ਹਨ, ਕਈ ਲੋਕ ਬੋਲਬਾਣੀ ਨੂੰ ਸਮਝਦੇ ਹਨ ਅਤੇ ਕਈ ਲੋਕ ਕਿਤਾਬਾਂ ਪੜਦੇ ਹਨ, ਪਰ ਕਿਤਾਬਾਂ ਪੜਨਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ। ਇਸ ਜ਼ਮਾਨੇ ਵਿੱਚ ਬਹੁਤ ਘੱਟ ਲੋਕ ਅਜਿਹੇ ਹਨ, ਜੋ ਸਮਾਰਟ ਫੋਨ ਦੀ ਬਜਾਏ ਆਪਣੇ ਹੱਥ ਵਿੱਚ ਕਿਤਾਬ ਨੂੰ ਫੜ ਕੇ ਪੜਦੇ ਹਨ। ਲਾਇਬ੍ਰੇਰੀਆਂ ਹੁਣ ਇਸ ਲਈ ਵੀ ਘੱਟ ਰਹੀਆਂ ਹਨ, ਕਿਉਂਕਿ ਲੋਕਾਂ ਦੇ ਕੋਲ ਪੜਣ ਨੂੰ ਸਮਾਂ ਹੀ ਨਹੀਂ ਬਚਿਆ ਅਤੇ ਉਹ ਆਪਣੀ ਇੱਕ ਨਿੱਕੀ ਜਿਹੀ ਲਾਇਬ੍ਰੇਰੀ ਫੋਨ ਦੇ ਵਿੱਚ ਹੀ ਬਣਾ ਲੈਂਦੇ ਹਨ। ਜਿਸਦੇ ਵਿੱਚ ਉਹ ਆਪਣੀਆਂ ਮਨਪਸੰਦ ਕਿਤਾਬਾਂ ਨੂੰ ‘ਸੇਵ’ ਕਰਕੇ ਰੱਖ ਲੈਂਦੇ ਹਨ।

ਪਿਛਲੇ ਕੁਝ ਕੁ ਸਮੇਂ ਤੋਂ, ਜਦੋਂ ਤੋਂ ਸਾਡੇ ਵਿੱਚ ਸਮਾਰਟ ਫੋਨ ਨੇ ਦਸਤਕ ਦਿੱਤੀ ਹੈ, ਉਦੋਂ ਤੋਂ ਹੱਥ ਵਿੱਚ ਕਿਤਾਬ ਫੜ ਕੇ ਤੁਰਨ ਅਤੇ ਕਿਤਾਬ ਪੜਣ ਦਾ ਰਿਵਾਜ ਘੱਟ ਗਿਆ ਹੈ। ਕਿਉਂਕਿ ਬਹੁਤ ਸਾਰੀਆਂ ਕਿਤਾਬਾਂ ਸਮਾਰਟ ਫੋਨ ਤੇ ਬਹੁਤ ਸਾਰੀਆਂ ਵੈਬਸਾਈਟ ‘ਤੇ ਪੀਡੀਐਫ਼ ਕਿਤਾਬਾਂ ਉਪਲਬਧ ਹੋ ਚੁੱਕੀਆਂ ਹਨ। ਜਿੱਥੋਂ ਅੱਜ ਹਰ ਕੋਈ ਕਿਤਾਬ ਲੈ ਕੇ ਪੜ ਰਿਹਾ ਹੈ ਅਤੇ ਜਿਹੜੀ ਗੱਲ ਕਰਨ ਦੀ ਜਦੋਂ ਲੋੜ ਹੈ, ਉਦੋਂ ਖੋਲ ਕੇ ਪੜ ਰਿਹਾ ਹੈ। ਦੱਸ ਇਹ ਵੀ ਦਈਏ ਕਿ ਕਿਤਾਬਾਂ ਭਾਵੇਂ ਹੀ ਆਪਣੇ ਹੱਥ ਵਿੱਚ ਚੰਗੀਆਂ ਲੱਗਦੀਆਂ ਨੇ, ਪਰ ਸਮਾਂ ਘੱਟ ਹੋਣ ਦੇ ਕਾਰਨ ਕਈ ਲੋਕ ਆਪਣੇ ਸਮਾਰਟ ਫੋਨ ਵਿੱਚ ਹੀ ਕਈ-ਕਈ ਕਿਤਾਬਾਂ ‘ਸਾਂਭ ਕੇ ਰੱਖ’ ਲੈਂਦੇ ਹਨ ਤਾਂ ਜੋ ਸਮਾਂ ਮਿਲਣ ‘ਤੇ ਪੜ ਲਿਆ ਜਾਵੇ।

ਪਰ, ਤਾਜ਼ਾ ਜਾਣਕਾਰੀ ਦੇ ਮੁਤਾਬਿਕ ਬਹੁਤ ਸਾਰੇ ਦੋਸਤ ਆਪਣੀਆਂ ਕਿਤਾਬਾਂ ਦੀ ਮਸ਼ਹੂਰੀ ਵੀ ਕਰਦੇ ਹਨ, ਪਰ ਉਨ੍ਹਾਂ ਦੀਆਂ ਕਿਤਾਬਾਂ ਫ਼ਿਰ ਵੀ ਵਿੱਕ ਨਹੀਂ ਪਾਉਂਦੀਆਂ। ਲੇਖਣੀ ਭਾਵੇਂ ਹੀ ਉਨ੍ਹਾਂ ਦੀ ਚੰਗੀ ਹੁੰਦੀ ਹੈ, ਪਰ ਡਿਪੈਂਡ ਕਰਦਾ ਹੈ, ਪੜਣ ਵਾਲੇ ਉਪਰ। ਪੜਣ ਵਾਲੇ ਵਿਅਕਤੀ ਨੂੰ ਕਿਹੜੀ ਕਿਤਾਬ ਪੜਣੀ ਚਾਹੀਦੀ ਹੈ ਅਤੇ ਕਿਵੇਂ ਪੜਣੀ ਚਾਹੀਦੀ ਹੈ। ਭਾਅ ਸਮਾਰਟ ਫੋਨ ਵਿੱਚ ਜਾਂ ਫਿਰ ਹੱਥ ਵਿੱਚ ਕਿਤਾਬ ਫੜ ਕੇ। ਕਿਤਾਬਾਂ ਵੱਡੀ ਗਿਣਤੀ ਵਿੱਚ ਨਾ ਵਿੱਕਣ ਦਾ ਕਾਰਨ, ਭਾਵੇਂ ਹੀ ਇਹ ਮੰਨ ਲਓ ਕਿ ਲੋਕਾਂ ਦੇ ਹੱਥ ਵਿੱਚ ਸਮਾਰਟ ਫੋਨ ਆ ਚੁੱਕੇ ਹਨ ਜਾਂ ਫਿਰ ਕੁਝ ਹੋਰ, ਪਰ ਕਿਤਾਬ ਪੜਣੀ ਕਿਵੇਂ ਹੈ, ਇਹ ਤੁਹਾਡੇ ‘ਤੇ ਡਿਪੈਂਡ ਕਰਦਾ ਹੈ।

ਵੈਸੇ ਵੀ ਅੱਜ ਦੇ ਜ਼ਮਾਨੇ ਵਿੱਚ ਹਰ ਕੋਈ ਸੋਚਦਾ ਹੈ ਕਿ ਇੱਕ ਕਿਤਾਬ ਚੁੱਕਣ ਨਾਲੋਂ ਚੰਗਾ ਹੈ ਕਿ ਸਮਾਰਟ ਫੋਨ ਦੇ ਵਿੱਚ ਤਾਂ ਅਣਗਿਣਤ ਕਿਤਾਬਾਂ ਮੌਜੂਦ ਕਰ ਲਈਆਂ ਜਾਣ। ਸਮਾਰਟ ਫੋਨ ਦੇ ਵਿੱਚ ਕਿਤਾਬਾਂ ਮੌਜੂਦ ਹੋਣਗੀਆਂ ਤਾਂ ਬੰਦਾ ਜਦੋਂ ਮਰਜ਼ੀ ਚਾਹੇ ਕਿਤਾਬ ਪੜ ਲਵੇਗਾ। ਪਰ.!! ਜੋ ਇਸ ਸਮੇਂ ਗੱਲ ਵੇਖਣ ਵਿੱਚ ਆਈ ਹੈ ਕਿ ਬਹੁਤ ਸਾਰੇ ਲੇਖਕ ਆਪਣੀ ਕਿਤਾਬ ਵੇਚਣ ਦੇ ਲਈ ਮਸ਼ਹੂਰੀ ਕਰਦੇ ਹਨ, ਤਾਂ ਜੋ ਕਿਤਾਬ ਵਿੱਕ ਸਕੇ ਅਤੇ ਚੰਗਾ ਪੈਸਾ ਵੀ ਕਮਾਇਆ ਜਾ ਸਕੇ। ਲੇਖ਼ਕ ਸਾਥੀਓ, ਬੇਸ਼ੱਕ ਆਪਣੀ ਕਿਤਾਬ ਦੀ ਮਸ਼ਹੂਰੀ ਕਰੋ, ਪਰ ਕਿਸੇ ਨੂੰ ਪੜ੍ਹਣ ਲਈ ਮਜ਼ਬੂਰ ਨਾ ਕਰੋ। ਸਮਾਰਟ ਫੋਨ ਦੇ ਨੁਕਸਾਨ ਤੇ ਫਾਇਦੇ ਦੱਸੋ, ਲੋਕ ਆਪਣੇ ਆਪ ਤੁਹਾਡੀ ਗੱਲ ਨੂੰ ਮੰਨ ਲੈਣਗੇ ਅਤੇ ਜਦੋਂ ਜਿਸ ਨੂੰ ਜਿਹੜੀ ਕਿਤਾਬ ਦੀ ਲੋੜ ਹੋਈ, ਉਹ ਆਪਣੇ ਆਪ ਹੀ ਮੰਗਵਾ ਲੈਣਗੇ।



ਪਰਮਜੀਤ ਕੌਰ ਸਿੱਧੂ

# ਸਰਗਮ ਦਾ ਮੂਨੂੰ

ਇੱਕ ਵਾਰ ਰਾਤ ਨੂੰ ਅੱਠ ਕੁ ਵਜੇ ਅਸਮਾਨ ਵਿੱਚ ਚੰਨ ਚਮਕ ਰਿਹਾ ਸੀ। ਉਸ ਵੇਲੇ ਸਰਗਮ ਦੋ ਕੁ ਸਾਲ ਦੀ ਪਿਆਰੀ ਬੱਚੀ ਸੀ। ਉਸ ਨੂੰ ਵਰਚਾਉਣ ਲਈ ਉਸ ਨੂੰ ਚੰਨ ਦਿਖਾਇਆ ਗਿਆ। ਪਰਿਵਾਰ ਦੇ ਕਿਸੇ ਜੀਅ ਨੇ ਉਸ ਨੂੰ @ਚੰਨ ਮਾਮਾ@ ਆਖਿਆ ਕਿਸੇ ਨੇ @ਚੰਦ@ ਆਖਿਆ। ਕਿਸੇ ਨੇ @ਮੂਨ@ ਆਖਿਆ। ਉਸ ਨੂੰ ਚੰਨ ਅਤੇ ਚੰਦ ਨਾਲੋਂ @ਮੂਨ@ ਆਖਣਾ ਸੌਖਾ ਲੱਗਿਆ। ਜਦੋਂ ਵੀ ਅਸਮਾਨੋਂ ਚੰਦ ਦਿਸਦਾ ਉਹ ਇੱਕੋ ਸਾਹੇ ਹੋ ਜਾਂਦੀ... ਮੂਨ... ਮੂਨ... ਮੂਨ ਜਿੰਨਾ ਚਿਰ ਸਭ ਨੂੰ ਦਿਖਾ ਨਾ ਦਿੰਦੀ। ਓਨਾ ਚਿਰ ਉਸ ਨੂੰ ਚੈਨ ਨਾ ਆਉਂਦਾ। ਉਹ ਬਹੁਤ ਖੁਸ਼ ਹੁੰਦੀ। ਅਸਮਾਨ ਵੱਲ ਦੇਖ ਕੇ ਘੁੰਮਦੀ। ਹੌਲੀ ਹੌਲੀ ਉਹ ਮੂਨ ਦੀ ਥਾਂ ਪਿਆਰ ਨਾਲ @ਮੂਨਾ@ ਆਖਦੀ ਤੇ ਅਖ਼ੀਰ ਉਸ ਨੂੰ @ਮੂਨੂੰ@ ਆਖਣਾ ਚੰਗਾ ਲੱਗਣ ਲੱਗ ਪਿਆ। ਉਹ ਕਈ ਵਾਰ ਸੂਰਜ ਦੇ ਛੁਪਣ ਤੋਂ ਪਹਿਲਾਂ ਹੀ ਅਸਮਾਨ ਵੱਲ ਤੱਕਦਿਆਂ ਆਪਣੇ ਮੂਨੂੰ ਨੂੰ ਲੱਭ ਲੈਂਦੀ ਅਤੇ ਮੂਨੂੰ... ਮੂਨੂੰ ਆਖਦਿਆਂ ਬਹੁਤ ਖੁਸ਼ ਹੁੰਦੀ। ਉਸ ਦੀ ਅਵਾਜ਼ ਖਣਕਣ ਲੱਗ ਪੈਂਦੀ, ਗਲਾ ਸੰਗੀਤਮਈ ਹੋ ਜਾਂਦਾ ।ਉਸ ਦੀ ਇਹ ਸੰਗੀਤਮਈ ਖਣਕਦੀ ਆਵਾਜ਼ ਦਿਲ ਨੂੰ ਧੂਹ ਪਾਉਂਦੀ। ਉਸ ਦੇ ਚਾਅ ਜਿਹਾ ਚਾਅ ਅੰਦਰ ਮਹਿਸੂਸ ਹੋਣ ਲੱਗ ਪੈਂਦਾ। ਉਹ ਛਾਲਾਂ ਮਾਰਦੀ ਭੱਜੀ ਫਿਰਦੀ ਸੱਚੀਂ ਰੱਬ ਆਪ ਹੀ ਵਸਦਾ ਹੁੰਦਾ ਬੱਚਿਆਂ ਵਿੱਚ। ਜਦੋਂ ਉਹ ਚੰਨ ਨੂੰ ਦੇਖ ਕੇ ਖੁਸ਼ ਹੁੰਦੀ ਤਾਂ ਭਗਵਾਨ ਕ੍ਰਿਸ਼ਨ ਦੇ ਬਾਲ ਉਮਰ ਨਾਲ ਜੁੜੀ ਕਹਾਣੀ ਯਾਦ ਆਉਂਦੀ ਜਦੋਂ ਮਾਂ ਯਸ਼ੋਧਾ ਕੋਲੋਂ ਚੰਨ ਮੰਗ ਲਿਆ ਸੀ। ਆਪਣੇ ਬਾਲ ਗੋਪਾਲ ਦੀ ਮੰਗ ਨੂੰ ਪੂਰਾ ਕਰਨ ਲਈ ਉਹਨਾਂ ਥਾਲੀ ਵਿੱਚ ਪਾਣੀ ਪਾ ਕੇ ਚੰਦਰਮਾ ਦੀ ਪਰਛਾਈ ਦਿਖਾ ਦਿੱਤੀ ਸੀ ਅਤੇ ਗੋਪਾਲ ਖੁਸ਼ ਹੋ ਗਏ। ਇੱਕ ਸ਼ਾਮ ਨੂੰ ਉਹ ਬਹੁਤ ਰੋ ਰਹੀ ਸੀ ਉੱਚੀ ਉੱਚੀ ਉਸ ਨੂੰ ਲਾਰੇ ਲੱਪੇ ਲਾਉਣ ਲਈ ਕਈ ਤਰੀਕੇ ਅਪਣਾਏ ਉਸ ਦਾ ਮੂਨੂੰ ਹੈ ਨਹੀਂ ਸੀ ਮੱਸਿਆ ਦੇ ਨੇੜੇ ਤੇੜੇ ਦੇ ਦਿਨ ਸਨ। ਜੇਮਜ਼ ਥਰਬਰ ਦੀ ਕਹਾਣੀ ਵਾਲੀ ਰਾਜਕੁਮਾਰੀ ਯਾਦ ਆਈ ਜਿਸ ਨੇ ਚੰਦ ਦੀ ਮੰਗ ਕੀਤੀ ਸੀ ਅਤੇ ਸੋਨੇ ਦੇ ਚੰਦ ਨੂੰ ਹੀ ਅਸਲੀ ਚੰਦ ਸਮਝ ਕੇ ਖੁਸ਼ ਹੋ ਗਈ ਸੀ। ਭੂਆ ਨੇ ਉਸ ਨੂੰ ਗੋਦ ਵਿੱਚ ਬਿਠਾਉਂਦਿਆਂ ਆਖਿਆ, ÷ਸਰਗਮ ! ਆਹ ਦੇਖ ਤੇਰਾ ਮੂਨੂੰ।÷ ਲਾਲ ਰੰਗ ਦਾ ਸਕੈੱਚ ਪੈੱਨ ਚੁੱਕ ਕੇ ਉਸ ਦੇ ਨਿੱਕੇ ਜਿਹੇ ਹੱਥ @ਤੇ ਅੱਧਾ ਚੰਨ ਬਣਾ ਦਿੱਤਾ। ਕਮਾਲ ਦੀ ਗੱਲ ਤਾਂ ਇਹ ਹੋਈ ਉਸ ਨੇ ਰੋਣਾ ਬੰਦ ਕਰ ਦਿੱਤਾ। ਦੂਜਾ ਹੱਥ ਅੱਗੇ ਕਰ ਦਿੱਤਾ। ਉਸ @ਤੇ ਵੀ ਚੰਨ ਬਣਾਏ ਮਨਮਰਜ਼ੀ ਦੇ ਰੰਗਾਂ ਦੇ ਅੱਧੇ ਵੀ ਪੂਰੇ ਵੀ। ਉਸ ਦਾ ਰੋਣਾ ਬੰਦ ਹੋ ਚੁੱਕਿਆ ਸੀ ਪਰ ਹਟਕੋਰੇ ਚੱਲ ਰਹੇ ਸਨ। ਥੋੜ੍ਹਾ ਪਾਣੀ ਪਿਆਉਣ ਨਾਲ ਉਹ ਵੀ ਠੀਕ ਹੋ ਗਏ। ਉਹ ਹਰ ਰੋਜ਼ ਆਪਣੇ ਹੱਥਾਂ @ਤੇ ਚੰਨ ਤਾਰੇ ਬਣਵਾਉਂਦੀ । ਪੂਰੇ ਦਾ ਪੂਰਾ ਅਸਮਾਨ ਉਸ ਦੀ ਮੁੱਠੀ ਵਿੱਚ ਹੁੰਦਾ । ਕਈ ਵਾਰ ਆਪ ਸਕੈੱਚ ਫੜ ਕੇ ਦੂਜੇ ਦੇ ਹੱਥਾਂ @ਤੇ ਚੰਦ ਤਾਰੇ ਬਣਾਉਣ ਲੱਗਦੀ। ਹੁਣ ਉਸ ਨੂੰ ਚਾਦਰਾਂ @ਤੇ, ਸਿਰਹਾਣਿਆਂ @ਤੇ, ਸੂਟਾਂ @ਤੇ, ਰੁੱਖਾਂ ਵਿੱਚ, ਪੱਤਿਆਂ ਵਿੱਚ ਹਰ ਕਿਤੇ ਮੂਨੂੰ ਲੱਭ ਪੈਂਦਾ । ਘਰ ਦੀਆਂ ਕੰਧਾਂ ,ਅਖ਼ਬਾਰਾਂ, ਕੋਈ ਕਾਪੀ ਕਿਤਾਬ ਅਜਿਹੀ ਨਹੀਂ ਸੀ ਜਿੱਥੇ ਸਰਗਮ ਦਾ ਮੂਨੂੰ ਨਾ ਹੋਵੇ। ਜਿੱਥੇ ਨਾ ਹੁੰਦਾ ਉਹ ਬਣਾਉਣ ਦੀ ਕੋਸ਼ਿਸ਼ ਕਰਦੀ । ਚੰਨ ਤਾਰੇ ਸਭ ਉਸ ਦੀਆਂ ਨਿੱਕੀਆਂ ਨਿੱਕੀਆਂ ਹਥੇਲੀਆਂ @ਤੇ ਝਿਲਮਿਲ ਝਿਲਮਿਲ ਕਰਦੇ। ਜਿੰਨੇ ਜੀਅ ਕਰਦਾ ਓਨੇ ਚੰਨ ਤਾਰੇ ਆਪਣੀਆਂ ਤਲ਼ੀਆਂ ਤੇ ਟਿਕਾਈ ਉਹ ਸਾਰੇ ਪਾਸੇ ਖੁਸ਼ੀਆਂ ਬਿਖੇਰਦੀ ਰਹਿੰਦੀ।



**ਅੰਮ੍ਰਿਤ ਕੌਰ**
9876714004

# ਮਨਮਰਜੀ ਦੀਆਂ ਕਿਤਾਬਾਂ, ਸਕੂਲਾਂ ਦੀ ਮਨਮਾਨੀ, ਮਾਪਿਆਂ ਅਤੇ ਬੱਚਿਆਂ ਲਈ ਪ੍ਰੇਸ਼ਾਨੀ

**ਹਰਪ੍ਰੀਤ ਸਿੰਘ ਬਰਾੜ**
**ਮੇਨ ਏਅਰ ਫੋਰਸ ਰੋਡ ਬਠਿੰਡਾ**



ਸਕੂਲਾਂ ਦਾ ਨਵਾਂ ਸੈਸ਼ਨ ਸ਼ੁਰੂ ਹੁੰਦੇ ਹੀ ਮਾਪਿਆਂ ਦੀ ਪ੍ਰੇਸ਼ਾਨੀ ਵਧ ਗਈ ਹੈ. ਇਕ ਤੋਂ ਦੋ ਮਹੀਨੇ ਦੀ ਫੀਸ ਦੇ ਨਾਲ ਸਕੂਲਾਂ *ਚ ਡਵੈਲਪਮੈਂਟ ਫੀਸ ਦੇ ਨਾਂਅ *ਤੇ ਵਸੂਲ ਕੀਤੇ ਜਾਣ ਵਾਲੀ ਮੋਟੀ ਰਕਮ ਭਰਨੀ ਹੈ ,ਤਾਂ ਨਾਲ ਦੇ ਨਾਲ ਕਿਤਾਬਾਂ .:.ਕਾਪੀਆਂ ਵੀ ਖਰੀਦਣੀਆਂ ਹਨ .ਕਿਤਾਬਾਂ .:.ਕਾਪੀਆਂ ਦਾ ਸੈੱਟ ਐਨਾ ਮਹਿੰਗਾ ਹੈ ਕਿ ਉਸ ਨੂੰ ਖਰੀਦਣ *ਚ ਮਾਪਿਆਂ ਨੂੰ ਕਈ ਵਾਰ ਤਰੇਲੀਆਂ ਆਉਣ ਲੱਗਦੀਆਂ ਹਨ .ਪ੍ਰਸ਼ਾਸਨ ਅਤੇ ਸਿੱਖਿਆ ਵਿਭਾਗ ਹੋ ਰਹੀ ਇਸ ਲੁੱਟ *ਤੇ ਚੁੱਪ ਹੈ .ਕਈ ਨਿੱਜੀ ਸਕੂਲਾਂ ਵਿਚ ਤਾਂ ਪਹਿਲੀ ਤੋਂ ਅੱਠਵੀ ਕਲਾਸ ਦੀਆਂ ਕਿਤਾਬਾਂ ਦਾ ਸੈੱਟ ਹੀ 4 ਤੋਂ 6 ਹਜਾਰ ਦਾ ਪੈ ਰਿਹਾ ਹੈ . ਇਨ੍ਹੀ ਦਿਨੀ ਕਿਤਾਬਾਂ ਦੀਆਂ ਦੁਕਾਨਾਂ *ਤੇ ਲੰਬੀਆਂ ਲਾਈਨਾਂ ਲੱਗ ਰਹੀਆਂ ਹਨ . ਮਾਪੇ ਬੱਚਿਆਂ ਦੀਆਂ ਕਿਤਾਬਾਂ ਖਰੀਦਣ ਲਈ ਦੁਕਾਨਾਂ *ਤੇ ਪਹੁੰਚ ਰਹੇ ਹਨ . ਸਕੂਲਾਂ ਵੱਲੋਂ ਤੈਅ ਨਿੱਜੀ ਪ੍ਰਕਾਸ਼ਕਾਂ ਦੀਆਂ ਕਿਤਾਬਾਂ ਤੋਂ ਪੰਜ ਗੁਣਾ ਤੱਕ ਮਹਿੰਗੀਆਂ ਹਨ .ਜਿਆਦਾਤਰ ਨਿੱਜੀ ਸਕੂਲ ਐਨਸੀਆਰਟੀ ਦੀਆਂ ਕਿਤਾਬਾਂ ਮੰਗਵਾਉਣ *ਚ ਰੁਚੀ ਨਹੀਂ ਦਿਖਾਉਂਦੇ .ਪ੍ਰਾਈਵੇਟ ਸਕੂਲਾਂ *ਚ 80 ਫੀਸਦੀ ਨਿੱਜੀ ਪ੍ਰਕਾਸ਼ਕਾਂ ਦੀਆਂ ਮਹਿੰਗੀਆਂ ਕਿਤਾਬਾਂ ਪੜ੍ਹਾਈਆਂ ਜਾਂਦੀਆਂ ਹਨ . ਇਨ੍ਹਾਂ ਕਿਤਾਬਾਂ ਦੀ ਕੀਮਤ ਐਨਸੀਆਰਟੀ ਤੋਂ ਕਈ ਗੁਣਾਂ ਜਿਆਦਾ ਹੁੰਦੀ ਹੈ . ਕਈ ਕਿਤਾਬਾਂ *ਤੇ ਤਾਂ ਪ੍ਰਿੰਟ ਰੇਟ ਦੇ ਉੱਪਰ ਅਲੱਗ ਤੋਂ ਪ੍ਰਿੰਟ ਕੀਤਾ ਹੋਇਆ ਸਟਿੱਕਰ ਲਾ ਕੇ ਕਿਤਾਬ *ਤੇ ਛਪੇ ਰੇਟ ਤੋਂ ਕਈ ਗੁਣਾ ਜਿਆਦਾ ਕੀਮਤ ਵਸੂਲੀ ਜਾਂਦੀ ਹੈ . ਨਿੱਜੀ ਸਕੂਲਾਂ *ਚ ਕਮਿਸ਼ਨ ਦੇ ਚੱਕਰ *ਚ ਹਰ ਸਾਲ ਕਿਤਾਬਾਂ ਬਦਲਣ ਦੇ ਨਾਲ ਨਵੇਂ ਪ੍ਰਕਾਸ਼ਕਾਂ ਦੀਆਂ ਮਹਿੰਗੀਆਂ ਕਿਤਾਬਾਂ ਲਾਈਆਂ ਜਾਂਦੀਆਂ ਹਨ . ਐਨਸੀਆਰਟੀ ਦੀ 256 ਪੰਨਿਆਂ ਦੀ ਇਕ ਕਿਤਾਬ 65 ਰੁਪਏ ਦੀ ਹੈ, ਜਦਕਿ ਨਿੱਜੀ ਪ੍ਰਕਾਸ਼ਕ ਦੀ 167 ਪੰਨਿਆਂ ਦੀ ਕਿਤਾਬ 305 ਰੁਪਏ *ਚ ਮਿਲ ਰਹੀ ਹੈ . ਸਕੂਲ ਐਨੀ ਮਹਿੰਗੀ ਕਿਹੜੀ ਕਿਤਾਬ ਪੜ੍ਹਾ ਰਿਹਾ ਹੈ ਜੋ 500 ਤੋਂ 600 ਰੁਪਏ *ਚ ਮਿਲ ਰਹੀ ਹੈ . ਐਨੀਆਂ ਮਹਿੰਗੀਆਂ ਤਾਂ ਬੀ ▲ਏ .:.ਐਮ ▲ਏ ਦੀਆਂ ਕਿਤਾਬਾਂ ਵੀ ਨਹੀਂ ਹੁੰਦੀਆਂ . ਪਹਿਲਾਂ ਵੱਡੇ ਬੱਚੇ ਦੀਆਂ ਕਿਤਾਬਾਂ ਤੋਂ ਛੋਟੀ ਬੱਚਾ ਵੀ ਪੜ੍ਹ ਲੈਂਦਾ ਸੀ , ਕਿਉਂਕਿ ਕਿਤਾਬਾਂ ਉਹੀ ਰਹਿੰਦੀਆ ਸਨ , ਪਰ ਹੁਣ ਵੱਡੇ ਬੱਚਿਆਂ ਦੀਆਂ ਕਿਤਾਬਾਂ ਛੋਟੇ ਬੱਚੇ ਨਹੀਂ ਵਰਤ ਸਕਦੇ, ਕਿਉਂਕਿ ਹਰ ਸਾਲ ਜਾਣਬੁੱਝ ਕੇ ਕਿਤਾਬਾਂ *ਚ ਕੋਈ ਨਾ ਕੋਈ ਬਦਲਾਅ ਕਰ ਦਿੱਤੈ ਜਾਂਦੇ ਹਨ . ਕਿਤਾਬਾਂ ਦੇ ਕਵਰ ਵੀ ਬਦਲੇ ਹੁੰਦੇ ਹਨ, ਜਿਸ ਕਰਕੇ ਪਤਾ ਨਹੀਂ ਲੱਗਦਾ ਕਿ ਇਹ ਪੁਰਾਣੀ ਕਿਤਾਬ ਹੈ ਜਾਂ ਨਵੀਂ . ਕਿਤਾਬ ਵਿਚ ਇਕ .:.ਦੋ ਪੰਨਿਆਂ ਦੇ ਬਦਲਾਅ ਕਾਰਨ ਨਵੀਂ ਕਿਤਾਬ ਲੈਣੀ ਪੈਂਦੀ ਹੈ . ਸਕੂਲਾਂ ਦਾ ਸਿਲੇਬਸ ਹਰ ਸਾਲ ਬਦਲ ਜਾਂਦਾ ਹੈ, ਪਰ ਐਨਸੀਆਰਟੀ ਵੱਲੋਂ ਵੱਡੀ ਖੋਜ਼ ਨਾਲ ਬਣਾਇਆ ਗਿਆ ਸਿਲੇਬਸ ਕਈ ਸਾਲਾਂ ਤੱਕ ਇਕੋ ਜਿਹਾ ਰਹਿੰਦਾ ਹੈ, ਪਰ ਹੁਣ ਸਵਾਲ ਇਹ ਉੱਠਦਾ ਹੈ ਕਿ ਕੀ ਨਿੱਜੀ ਸਕੂਲਾਂ *ਚ ਲਾਗੂ ਸਿਲੇਬਸ ਦਾ ਪੱਧਰ ਇਕ ਹੀ ਸਾਲ *ਚ ਐਨਾ ਪਿਛੜ ਜਾਂਦਾ ਜਾਂ ਢਿੱਗ ਜਾਂਦਾ ਹੈ ਕਿ ਸਕੂਲਾਂ ਨੂੰ ਉਸ ਨੂੰ ਬਦਲਣਾ ਪੈ ਜਾਂਦਾ ਹੈ, ਪਰ ਅਜਿਹਾ ਨਹੀਂ ਹੈ , ਸਿਲੇਬਸ ਦਾ ਪੱਧਰ ਤਾਂ ਠੀਕ ਹੁੰਦਾ ਹੈ, ਪਰ ਸਕੂਲਾਂ ਨੂੰ ਆਪਣੇ ਕਮਿਸ਼ਨ *ਚ ਕਟੌਤੀ ਦਾ ਡਰ ਹੁੰਦਾ ਹੈ . ਜੇਕਰ ਪੁਰਾਣਾ ਸਿਲੇਬਸ ਲਾਗੂ ਕੀਤਾ ਜਾਵੇ ਤਾਂ ਬੱਚਿਆਂ ਨੂੰ ਉਹ ਸਾਰੀਆਂ ਕਿਤਾਬਾਂ ਸ਼ਹਿਰ ਦੀਆਂ ਸਾਰੀਆਂ ਦੁਕਾਨਾਂ ਤੋਂ ਮਿਲ ਜਾਣਗੀਆਂ . ਕੁਝ ਬੱਚੇ ਪੁਰਾਣੀਆਂ ਕਿਤਾਬਾਂ ਨਾਲ ਵੀ ਕੰਮ ਚਲਾਉਣ ਦੀ ਕੋਸ਼ਿਸ਼ ਕਰਨਗੇ . ਅਜਿਹੇ *ਚ ਨਿੱਜੀ ਸਕੂਲ ਇਸ ਦੇ ਪੱਖ ਵਿਚ ਨਹੀਂ ਹਨ . ਇਨ੍ਹਾਂ ਸਕੂਲਾਂ ਵੱਲੋਂ ਸਿਲੇਬਸ ਵਿਚ ਜੋ ਬਦਲਾਅ ਕੀਤਾ ਜਾਂਦਾ ਹੈ ਉਹ ਸਿਰਫ ਕਿਤਾਬ ਦੀ ਤਰਤੀਬ ਵਿਚਲਾ ਬਦਲਾਅ ਹੀ ਹੁੰਦਾ ਹੈ, ਜਿਸ ਵਿਚ ਕਿਤਾਬਾਂ *ਚ ਲਿਖੇ ਪਾਠਾਂ ਦੀ ਕ੍ਰਮ ਸੰਖਿਆ ਨੂੰ ਬਦਲ ਦਿੱਤਾ ਜਾਂਦਾ ਹੈ, ਤਾਂ ਕਿ ਬੱਚੇ ਭੁਲੇਖੇ ਵਿਚ ਰਹਿਣ ਅਤੇ ਪਿਛਲੇ ਸਾਲ ਦੀਆਂ ਕਿਤਾਬਾਂ ਦਾ ਇਸਤੇਮਾਲ ਨਾ ਕਰ ਸਕਣ .ਕਿਤਾਬਾਂ ਦੇ ਸੰਸੋਧਨ ਦੀ ਕੋਈ ਸਮੇਂ ਸੀਮਾ ਤੈਅ ਕਿਉ▲ ਨਹੀਂ ਕੀਤੀ ਗਈ ‹ ਕੇਂਦਰੀ ਮਾਧਮਿਕ ਸਿੱਖਿਆ ਬੋਰਡ ਤੋਂ ਮਾਨਤਾ ਹੋਣ ਦੇ ਬਾਵਜੂਦ ਬੱਚਿਆਂ ਨੂੰ ਐਨਸੀਆਰਟੀ ਦੀ ਥਾਂ ਨਿੱਜੀ ਪ੍ਰਕਾਸ਼ਕਾਂ ਦੀਆਂ ਕਿਤਾਬਾਂ ਲੈਣ ਲਈ ਕਿਹਾ ਜਾਂਦਾ ਹੈ .

ਐਨਸੀਆਰਟੀ ਦੀਆਂ ਕਿਤਾਬਾਂ ਤਾਂ ਲਗਪਗ ਹਰ ਦੁਕਾਨ ਤੋਂ ਮਿਲ ਜਾਂਦੀਆਂ ਹਨ, ਪਰ ਨਿੱਜੀ ਪ੍ਰਕਾਸ਼ਕਾਂ ਦੀਆਂ ਕਿਤਾਬਾਂ ਲੈਣ ਲਈ ਨਿਸ਼ਚਿਤ ਦੁਕਾਨਾਂ *ਤੇ ਹੀ ਆਉਣਾ ਪੈਂਦਾ ਹੈ .ਕਿਤੇ ਹੋਰ ਇਹ ਕਿਤਾਬਾਂ ਮਿਲਦੀਆਂ ਹੀ ਨਹੀਂ . ਦੇਸ਼ ਭਰ ਵਿਚ ਪ੍ਰਸ਼ਾਸਨ ਨੇ ਨਿਰਦੇਸ਼ ਜਾਰੀ ਕੀਤੇ ਹਨ ਕਿ ਸਾਰੇ ਸਕੂਲਾਂ ਵਿਚ ਐਨਸੀਆਰਟੀ ਦੀਆਂ ਕਿਤਾਬਾਂ ਪੜ੍ਹਾਈਆਂ ਜਾਣ, ਪਰ ਕੋਈ ਵੀ ਨਿੱਜੀ ਸਕੂਲ ਇਸਦਾ ਪਾਲਣ ਨਹੀਂ ਕਰ ਰਿਹਾ ਹੈ .ਸਭ ਆਪਣੀ ਮਰਜੀ ਨਾਲ ਪ੍ਰਾਈਵੇਟ ਛਾਪਕਾਂ ਦੀਆਂ ਕਿਤਾਬਾਂ ਦੀਆਂ ਲਿਸਟਾਂ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਫੜਾ ਰਹੇ ਹਨ . ਮਾਪੇ ਵੀ ਬੱਚਿਆਂ ਦੇ ਭਵਿੱਖ ਨੂੰ ਲੈਕੇ ਜਿਆਦਾ ਵਿਰੋਧ ਨਹੀਂ ਕਰ ਪਾਉਂਦੇ . ਐਨਸੀਆਰਟੀ ਦੀਆਂ ਕਿਤਾਬਾਂ *ਚ ਦੁਕਾਨਦਾਰ ਨੂੰ ਸਿਰਫ 15 ਤੋਂ 20 ਫੀਸਦੀ ਹੀ ਕਮਿਸ਼ਨ ਮਿਲਦਾ ਹੈ, ਜਦਕਿ ਹੋਰ ਪ੍ਰਕਾਸ਼ਕ 30 ਤੋਂ 40 ਫੀਸਦੀ ਤੱਕ ਕਮਿਸ਼ਨ ਦਿੰਦੇ ਹਨ .ਇਸ ਮੋਟੇ ਕਮਿਸ਼ਨ ਦੇ ਲਾਲਚ ਵਿਚ ਸਕੂਲ ਸੰਚਾਲਕ ਪ੍ਰਕਾਸ਼ਕਾਂ ਨਾਲ ਸਿੱਧੀ ਡੀਲ ਕਰਕੇ ਸਿੱਧਾ ਸਕੂਲ ਵਿਚ ਹੀ ਕਿਤਾਬਾਂ ਮੰਗਵਾ ਲੈਂਦੇ ਹਨ, ਜਿਸ ਨਾਲ ਦੁਕਾਨਦਾਰਾਂ ਨੂੰ ਮਿਲਣ ਵਾਲੀ 5 ਤੋਂ 10 ਫੀਸਦੀ ਦਾ ਕਮਿਸ਼ਨ ਵੀ ਨਿੱਜੀ ਸਕੂਲਾਂ ਨੂੰ ਹੀ ਮਿਲਦਾ ਹੈ ਜਾਂ ਫਿਰ ਸਕੂਲ ਵੱਲੋਂ ਨਿਰਧਾਰਤ ਕੀਤੇ ਦੁਕਾਨਦਾਰ ਤੋਂ ਆਪਣਾ ਕਮਿਸ਼ਨ ਹਾਸਲ ਕਰ ਲੈਂਦੇ ਹਨ .ਹਰ ਸਾਲ ਹੋਣ ਵਾਲੀ ਇਸ ਖੇਡ ਵਿਚ ਸਕੂਲ ਸਚੰਾਲਕਾ ਨੂੰ ਲੱਖਾਂ ਦਾ ਫਾਇਦਾ ਹੁੰਦਾ ਹੈ . ਕੋਈ ਵੀ ਮਾਪੇ ਆਪਣੇ ਬੱਚੇ ਦੇ ਭਵਿੱਖ ਨਾਲ ਖਿਲਵਾੜ ਨਹੀਂ ਕਰਨਾ ਚਾਹੁੰਦੇ, ਕਿਉਂਕਿ ਸ਼ਿਕਾਇਤ ਤੋਂ ਬਾਦ ਕਿਤਾਬਾਂ ਵੇਚਣ ਵਾਲੇ ਦੁਕਾਨਦਾਰ *ਤੇ ਕਾਰਵਾਈ ਹੋਵੇ ਨਾ ਹੋਵੇ ,ਸਕੂਲ ਬੱਚੇ *ਤੇ ਜਰੂਰ ਕਾਰਵਾਈ ਕਰ ਦੇਵੇਗਾ. ਅਜਿਹੇ *ਚ ਸਵਾਲ ਇਹ ਹੈ ਕਿ ਪ੍ਰਸ਼ਾਸਨ ਅਤੇ ਸਬੰਧਤ ਅਧਿਕਾਰੀਆਂ ਨੂੰ ਸ਼ਰੇਆਮ ਹੋ ਰਹੀ ਇਹ ਲੁੱਟ ਦਿਖਾਈ ਕਿਉ▲ ਨਹੀਂ ਦੇ ਰਹੀ ‹

# 34 ਰੁਪਏ : ਮੇਰੇ ਜੀਵਨ ਦੀ ਇੱਕ ਸੱਚੀ ਘਟਨਾ

ਜ਼ਿੰਦਗੀ @ਚ ਚੰਗਾ - ਮਾੜਾ ਵਖ਼ਤ ਬਤੀਤ ਹੋ ਕੇ ਕਈ ਸਬਕ ਦੇ ਜਾਂਦਾ ਹੈ , ਪਰ ਉਸ ਲੰਘੇ ਵੇਲ਼ੇ ਦੀਆਂ ਕੌੜੀਆਂ ਤੇ ਖੱਟੀਆਂ - ਮਿੱਠੀਆਂ ਯਾਦਾਂ ਇਨਸਾਨ ਨੂੰ ਆਖਰੀ ਸਾਹ ਤੱਕ ਨਹੀਂ ਭੁੱਲਦੀਆਂ। ਸਿਆਣਿਆਂ ਦਾ ਤਾਂ ਇਹ ਵੀ ਮੰਨਣਾ ਹੈ ਕਿ ਜਿਹੜਾ ਇਨਸਾਨ ਆਪਣੇ ਜੀਵਨ ਦਾ ਖਾਸ ਤੌਰ @ਤੇ ਮਾੜਾ ਵਖ਼ਤ ਕਦੇ ਨਹੀਂ ਭੁੱਲਦਾ ਤੇ ਜਲਦੀ ਪੈਰ ਨਹੀਂ ਛੱਡਦਾ , ਅਜਿਹਾ ਇਨਸਾਨ ਜ਼ਿੰਦਗੀ @ਚ ਨਾ ਤਾਂ ਛੇਤੀ ਕਦੇ ਮਾਰ ਖਾਂਦਾ ਹੈ ਤੇ ਨਾ ਹੀ ਛੇਤੀ ਕਿਸੇ ਦੇ ਤਾਬੇ ਆਉਂਦਾ ਹੈ , ਪਰ ਜੋ ਜ਼ਿੰਦਗੀ ਦੇ ਇਤਿਹਾਸ ਨੂੰ ਛੇਤੀ ਵਿਸਾਰ ਦਿੰਦੇ ਹਨ ; ਉਹ ਇੱਕ ਨਾ ਇੱਕ ਦਿਨ ਠਿਸਰ ਜਾਂਦੇ ਹਨ। ਮੇਰੇ ਜੀਵਨ ਦੀਆਂ ਕੌੜੀਆਂ ਯਾਦਾਂ ਤਾਂ ਬਹੁਤ ਹਨ ਜਾਂ ਇੰਝ ਕਹਿ ਲਵੋ ਕਿ ਮੇਰਾ ਜੀਵਨ ਹੀ ਅਣਥੱਕ ਸੰਘਰਸ਼ ਦੀਆਂ ਕੌੜੀਆਂ - ਕੁਸੈਲੀਆਂ ਘਟਨਾਵਾਂ ਦੇ ਵਜੂਦ @ਤੇ ਖੜ੍ਹਿਆ ਹੋਇਆ ਹੈ। ਪਰ ਇਹਨਾਂ ਘਟਨਾਵਾਂ ਵਿੱਚੋਂ ਇੱਕ ਘਟਨਾ ਜੋ ਯਾਦ ਬਣ ਕੇ ਹਰ ਸਮੇਂ ਮੇਰੇ ਮਨ - ਚਿੱਤ @ਤੇ ਉੱਕਰੀ ਰਹਿੰਦੀ ਹੈ , ਉਹ ਇਹ ਹੈ :-

ਮੇਰੇ ਪਿੰਡ ਸੱਧੇਵਾਲ ਅਤੇ ਹੋਰ ਹਰ ਪਾਸੇ ਲੋਕਾਂ ਦੇ ਘਰਾਂ ਵਿੱਚ ਬਿਜਲੀ ਦੀ ਸਪਲਾਈ ਹੋਣ ਦੇ ਬਾਵਜ਼ੂਦ ਮੇਰੇ ਘਰ ਵਿੱਚ ਘੋਰ ਗਰੀਬੀ ਹੋਣ ਕਰਕੇ ਬਿਜਲੀ ਦਾ ਨਾ ਹੋਣਾ। ਮੇਰਾ ਜਨਮ 1980 ਵਿੱਚ ਹੋਇਆ। ਮੇਰੇ ਬਚਪਨ ਦੇ ਸਮੇਂ 1990 - 1995 ਦੌਰਾਨ ਘਰ ਵਿੱਚ ਅਤਿ ਦਰਜੇ ਦੀ ਘੋਰ ਗਰੀਬੀ ਹੋਣ ਕਰਕੇ ਬਿਜਲੀ ਵਿਭਾਗ ਦੇ ਕਰਮਚਾਰੀਆਂ ਨੇ 34 ਰੁਪਏ ਬਿਜਲੀ ਦੇ ਬਿੱਲ ਦਾ ਸਮੇਂ ਸਿਰ ਭੁਗਤਾਨ ਨਾ ਹੋਣ ਕਰਕੇ ਸਾਡੇ ਘਰ ਦਾ ਬਿਜਲੀ ਦਾ ਕਨੈਕਸ਼ਨ ਪਿੰਡ ਦੀ ਗਲੀ ਕੋਲ਼ ਲੱਗੇ ਬਿਜਲੀ ਦੇ ਖੰਭੇ ਉੱਤੇ ਬਾਂਸ ਦੀ ਪੌੜੀ ਰਾਹੀਂ ਚੜ੍ਹ ਕੇ ਕੱਟ ਦਿੱਤਾ ਸੀ। ਉਸ ਦਿਨ ਜਦੋਂ ਸੂਰਜ ਛੁਪ ਗਿਆ ਤਾਂ ਸਾਰੇ ਪਿੰਡ ਵਿੱਚ ਅਤੇ ਆਂਢ - ਗੁਆਂਢ ਵਿੱਚ ਸਭਨਾਂ ਦੇ ਘਰਾਂ ਅਤੇ ਪਸ਼ੂਆਂ ਦੇ ਵਾੜਿਆਂ ਵਿੱਚ ਬੱਲਵਾਂ ਦੀਆਂ ਰੌਸ਼ਨੀਆਂ ਜਗ ਰਹੀਆਂ ਸਨ , ਪਰ ਸਾਡੇ ਘਰ ਵਿੱਚ ਹਨੇਰਾ ਸੀ। ਛੇਤੀ ਹੀ ਸਾਰੇ ਪਿੰਡ ਵਾਸੀਆਂ ਨੂੰ ਸਾਡੇ ਘਰ ਵਿੱਚ ਬਿਜਲੀ ਨਾ ਹੋਣ ਦਾ ਪਤਾ ਲੱਗ ਗਿਆ ਤੇ ਅਸੀਂ ਸਾਰੇ ( ਮੈਂ ਤੇ ਮੇਰੇ ਮਾਤਾ - ਪਿਤਾ ) ਪਿੰਡ ਵਿੱਚ ਹਾਸੇ ਦੇ ਪਾਤਰ ਬਣ ਗਏ , ਪਰ ਪੈਸੇ - ਪੈਸੇ ਨੂੰ ਤਰਸਣ ਲਈ ਮਜਬੂਰ ਅਸੀਂ 34 ਰੁਪਏ ਖੜ੍ਹੇ - ਪੈਰ ਕਿੱਥੋਂ ਲੈ ਕੇ ਆਉਂਦੇ ? ਜੇ ਪੰਜ - ਦਸ ਰੁਪਏ ਕਿੱਧਰੋਂ ਉਧਾਰੇ ਔਖੇ - ਸੌਖੇ ਹੋ ਕੇ ਮੰਗ ਵੀ ਲੈਂਦੇ ਤਾਂ ਇਹ ਤਾਂ ਊਠ ਦੇ ਮੂੰਹ ਵਿੱਚ ਜੀਰਾ ਦੇਣ ਦੇ ਬਰਾਬਰ ਸੀ। ਸਮਾਂ ਬੀਤਦਾ ਗਿਆ। ਉਦੋਂ ਸਾਡੇ ਪਿੰਡ ਦੇ ਲਾਗਲੇ ਪਿੰਡ ਗੰਗੂਵਾਲ ਵਿਖੇ ਰਾਸ਼ਨ ਦਾ ਡਿਪੂ ਹੁੰਦਾ ਸੀ। ਉਸ ਰਾਸ਼ਨ ਦੇ ਡਿਪੂ @ਤੇ ਉਸ ਸਮੇਂ ਤਿੰਨ ਰੁਪਏ ਪ੍ਰਤੀ ਲਿਟਰ ਮਿੱਟੀ ਦਾ ਤੇਲ ਰਾਸ਼ਨ ਕਾਰਡ @ਤੇ ਮਿਲ਼ਦਾ ਹੁੰਦਾ ਸੀ। ਮੈਂ ਉਸ ਡਿਪੂ ਤੋਂ ਤਿੰਨ ਰੁਪਏ ਪ੍ਰਤੀ ਲਿਟਰ ਮਿੱਟੀ ਦਾ ਤੇਲ ਖਰੀਦ ਕੇ ਲੈ ਆਉਂਦਾ ਹੁੰਦਾ ਸੀ ਤੇ ਇਸ ਨਾਲ਼ ਰਾਤ ਨੂੰ ਮਿੱਟੀ ਦੇ ਤੇਲ ਦਾ ਦੀਵਾ ਜਗਾ ਕੇ ਪੜ੍ਹਾਈ ਕਰਦਾ ਰਿਹਾ। ਇਸ ਇੱਕ ਲਿਟਰ ਮਿੱਟੀ ਦੇ ਤੇਲ ਨਾਲ਼ ਮੇਰੇ ਲਗਭਗ ਅੱਠ - ਦਸ ਦਿਨ ਲੰਘ ਜਾਂਦੇ ਹੁੰਦੇ ਸੀ। ਹਾਂ ! ਇਸ ਮਿੱਟੀ ਦੇ ਤੇਲ ਦੇ ਦੀਵੇ ਨਾਲ਼ ਘਰ ਦੀ ਕੰਧ ਜ਼ਰੂਰ ਕਾਲ਼ੀ ਹੋ ਜਾਂਦੀ ਹੁੰਦੀ ਸੀ। ਇਹ ਸਮਾਂ ਮੇਰੀ ਮਿਡਲ ਪੱਧਰ ਦੀ ਪੜ੍ਹਾਈ ਦਾ ਦੌਰ ਸੀ। ਸਮਾਂ ਲੰਘਦਾ ਗਿਆ ਤੇ ਮੈਨੂੰ ਦਸਵੀਂ ਤੱਕ ਦੀ ਸਕੂਲ ਦੀ ਪੜ੍ਹਾਈ ਪੂਰੀ ਕਰਕੇ ਘਰ ਦੀ ਗਰੀਬੀ ਅਤੇ ਮਜਬੂਰੀ ਕਰਕੇ ਮੁੜ ਜ਼ਿੰਦਗੀ @ਚ ਕਿਸੇ ਸਕੂਲ , ਕਾਲਜ ਵਿੱਚ ਪੜ੍ਹਾਈ ਕਰਨ ਦਾ ਫਿਰ ਦੁਬਾਰਾ ਕਦੇ ਮੌਕਾ ਨਹੀਂ ਮਿਲਿਆ। ਫਿਰ ਤਾਂ ਸਰਕਾਰੀ ਅਧਿਆਪਕ ਦੀ ਨੌਕਰੀ ਮਿਲਣ ਤੱਕ ਵੱਖ - ਵੱਖ ਫੈਕਟਰੀਆਂ ਵਿੱਚ ਅਤੇ ਰਾਜ ਮਿਸਤਰੀਆਂ ਕੋਲ਼ ਲਗਭਗ 10 - 12 ਸਾਲ ਮਜ਼ਦੂਰੀ ਕੀਤੀ। ਇਸ ਤੋਂ ਬਾਅਦ ਲਗਾਤਾਰ ਲਗਭਗ ਚਾਰ ਸਾਲ ਇੱਕ ਕਾਰਖਾਨੇ ਦੇ ਮੈਨੇਜਰ ਦੇ ਘਰ ਜੂਠੇ ਬਰਤਨ ਸਾਫ਼ ਕਰਨ , ਕੱਪੜੇ ਧੋਣ , ਝਾੜੂ - ਪੋਚੇ ਲਗਾਉਣ , ਟਾਇਲਟ - ਬਾਸ਼ਰੂਮ ਸਾਫ਼ ਕਰਨ ਤੇ ਉਹਨਾਂ ਦੇ ਘਰ ਦੇ ਹੋਰ ਛਿੱਟ - ਪੁੱਟ ਕੰਮ ਸਵੇਰੇ 7 ਵਜੇ ਤੋਂ ਰਾਤ 10 - 11 ਵਜੇ ਤੱਕ ਇਹ ਕੰਮ ਕੀਤਾ। ਇਸੇ ਸਮੇਂ ਦੇ ਦੌਰਾਨ ਮੈਂ ਆਪਣੇ ਘਰ ਦੀ ਕੱਟੀ ਹੋਈ ਬਿਜਲੀ ਦੀ ਸਪਲਾਈ ਕਈ ਸਾਲਾਂ ਬਾਅਦ ਦੁਬਾਰਾ ਫਿਰ ਬਹਾਲ ਕਰਵਾਈ ਤੇ ਪੀਣ ਵਾਲੇ ਪਾਣੀ ਦੀ ਟੂਟੀ ਵੀ ਘਰ ਵਿੱਚ ਲਗਵਾਈ। ਉਦੋਂ ਪਾਣੀ ਵੀ ਦੂਰੋਂ - ਦੂਰੋਂ ਖੂਹਾਂ ਤੋਂ ਲੱਜ - ਬਾਲਟੀ ਨਾਲ਼ ਖਿੱਚ ਕੇ ਤੇ ਭਰ ਕੇ ਘਰ ਨੂੰ ਢੋਇਆ ਜਾਂਦਾ ਹੁੰਦਾ ਸੀ। ਮੈਂ ਆਪਣੇ ਬਚਪਨ ਦੇ ਉਸ ਸਮੇਂ ਨੂੰ ਅੱਜ ਜਦੋਂ ਯਾਦ ਕਰਦਾ ਹਾਂ ਤਾਂ ਬਹੁਤ ਕੁਝ ਮੇਰੇ ਦਿਲੋ - ਦਿਮਾਗ ਵਿੱਚ ਆ ਜਾਂਦਾ ਹੈ , ਪਰ ਅੱਜ ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਜ਼ਿੰਦਗੀ @ਚ ਭਾਵੇਂ ਕਿੰਨਾ ਵੀ ਬੁਰਾ ਵਖ਼ਤ ਆ ਜਾਵੇ , ਸਾਨੂੰ ਕਦੇ ਵੀ ਖੁਦਕੁਸ਼ੀ ਨਹੀਂ ਕਰਨੀ ਚਾਹੀਦੀ ਤੇ ਨਾ ਹੀ ਨਸ਼ਿਆਂ ਵਿੱਚ ਫਸਣਾ ਚਾਹੀਦਾ ਹੈ। ਦੂਸਰੀ ਗੱਲ ਇਹ ਕਿ ਅੱਜ ਬਿਜਲੀ ਭਾਵੇਂ ਸਾਨੂੰ ਮੁਫ਼ਤ ਮਿਲ਼ ਰਹੀ ਹੋਵੇ , ਫਿਰ ਵੀ ਬਿਜਲੀ ਤੇ ਪਾਣੀ ਦੀ ਬੇਲੋੜੀ ਵਰਤੋਂ ਅਤੇ ਬੇਕਦਰੀ ਕਰਨ ਤੋਂ ਸਾਨੂੰ ਗੁਰੇਜ਼ ਕਰਨਾ ਚਾਹੀਦਾ ਹੈ। ਦੋਸਤੋ ! ਅਣਥੱਕ ਮਿਹਨਤ ਹੀ ਸਫ਼ਲਤਾ ਦਾ ਮੂਲ ਮੰਤਰ ਹੈ ; ਇਸੇ ਅਣਥੱਕ ਮਿਹਨਤ , ਸਿਰੜ ਅਤੇ ਸਹਿਣਸ਼ੀਲਤਾ ਸਦਕਾ ਮੈਂ ਇੱਕ ਮਜ਼ਦੂਰ ਤੋਂ ਸਰਕਾਰੀ ਮਾਸਟਰ ਬਣ ਗਿਆ ਅਤੇ ਪਰਮਾਤਮਾ ਦੀ ਕਿਰਪਾ ਦੇ ਨਾਲ਼ ਮੇਰੀ ਸੁਪਤਨੀ ਵੀ ਸਰਕਾਰੀ ਅਧਿਆਪਕਾ ਹੈ ਅਤੇ ਮੇਰੀ ਵੱਡੀ ਬੇਟੀ ਸਰਕਾਰੀ ਪਟਵਾਰੀ ਦੇ ਅਹੁਦੇ @ਤੇ ਨੌਕਰੀ ਕਰ ਰਹੀ ਹੈ। ਜੇਕਰ ਉਸ ਸਮੇਂ ਮੈਂ ਸਿਦਕ , ਸਿਰੜ ਤੇ ਸਹਿਣਸ਼ੀਲਤਾ ਦੇ ਨਾਲ਼ ਅਣਥੱਕ ਮਿਹਨਤ ਨਾ ਕਰਦਾ ਤਾਂ ਜ਼ਿੰਦਗੀ ਭਰ ਇੱਕ ਮਜ਼ਦੂਰ ਹੀ ਬਣਿਆ ਰਹਿਣਾ ਸੀ।



**ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ**
**( ਸ੍ਰੀ ਅਨੰਦਪੁਰ ਸਾਹਿਬ ) ਸਾਹਿਤ ਵਿੱਚ ਕੀਤੇ ਕਾਰਜਾਂ ਦੇ ਲਈ ਲੇਖਕ ਦਾ ਨਾਂ ਇੰਡੀਆ ਬੁੱਕ ਆੱਫ਼ ਰਿਕਾਰਡਜ਼ ਵਿੱਚ ਦਰਜ ਹੈ।**
9478561356

# ਅਸਾਂ ਵੀ ਅੰਤ ਕਿਰ ਕੇ ਖ਼ਾਦ ਹੋਣਾ ਵਾਲਾ ਕਵੀ ਸੱਚਮੁਚ ਖਾਦ ਹੋ ਗਿਆ




ਏਨਾ ਸੱਚ ਨਾ ਬੋਲ ਕਿ ਕੱਲ੍ਹਾ ਰਹਿ ਜਾਵੇਂ ! ਚਾਰ ਕੁ ਬੰਦੇ ਛੱਡ ਲੈ ਮੋਢਾ ਸੱਤਰਾਂ ਲਿਖਣ ਵਾਲਾ ਅਮੀਰ ਸਾਹਿਤਕ ਸਮਕਾਲੀ ਪੰਜਾਬੀ ਕਵੀ ਜਿਹਨਾਂ ਦੀਆਂ ਕਵਿਤਾਵਾਂ ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਕ ਯਥਾਰਥ ਨੂੰ ਦਰਸਾਉਂਦੀਆਂ ਹਨ ਜੋ ਅਕਸਰ ਆਮ ਲੋਕਾਂ ਦੇ ਸੰਘਰਸ਼ਾਂ 'ਤੇ ਕੇਂਦਰਿਤ ਰਹੀਆਂ ਸੁਰਜੀਤ ਪਾਤਰ ਅੱਜ ਸਾਡੇ ਵਿਚ ਨਹੀਂ ਰਹੇ, ਪਰ ਉਹਨਾਂ ਦੀਆਂ ਇਹ ਸਤਰਾਂ ਉਹਨਾਂ ਦੇ ਸੱਚ ਬੋਲਣ ਤੋਂ ਬਾਅਦ ਵੀ ਲੱਖਾ ਸਾਹਿਤਕ ਪ੍ਰੇਮੀ ਹਨ ਜੋ ਉਹਨਾਂ ਦੀ ਸੱਚੀ ਤੇ ਸੁਚੀ ਦੇਹ ਨੂੰ ਮੋਢਾ ਦੇਣ ਲਈ ਤਿਆਰ ਹੋਣਗੇ।

ਕਿਸੇ ਵੀ ਭਾਸ਼ਾ ਨਾਲ ਸੰਬੰਧਤ ਕੋਈ ਵੀ ਕਵੀ ਤੇ ਸਾਹਿਤਕਾਰ ਉਸ ਭਾਸ਼ਾ ਨੂੰ ਪੜਨ ਵਾਲਿਆਂ ਤੇ ਉਸ ਖੇਤਰ ਦਾ ਇੱਕ ਵੱਡਮੁਲਾ ਸਰਮਾਇਆ ਹੋਇਆ ਕਰਦਾ ਹੈ। ਇਸ ਤਰ੍ਹਾਂ ਕਿਸੇ ਵੀ ਸਾਹਿਤਕ ਸ਼ਖਸੀਅਤ ਦਾ ਅਚਾਨਕ ਵਿਛੋੜਾ ਦੇ ਜਾਣਾ ਯਕੀਨਨ ਸਾਹਿਤ ਪ੍ਰੇਮੀਆਂ ਲਈ ਇੱਕ ਕਦੇ ਨਾ ਪੂਰਿਆ ਜਾਣ ਵਾਲਾ ਘਾਟਾ ਸਾਬਿਤ ਹੁੰਦਾ ਹੈ।

ਮੇਰੇ 1970 ਦੇ ਜਨਮ ਤੋਂ 10 ਸਾਲ ਪਹਿਲਾਂ ਉਹ ਇਕ ਮਕਬੂਲ ਕਵੀ ਸਨ, ਪਰ ਉਹਨਾਂ ਦੀਆਂ ਕਵਿਤਾਵਾਂ ਨੂੰ ਮੈਂ ਬਹੁਤ ਨੇੜੇ ਤੋਂ ਪੜਿਆ ਹੈ। ਉਹਨਾਂ ਤੋਂ ਪਹਿਲਾਂ ਪੰਜਾਬ ਦੇ ਇੱਕ ਅਮੀਰ ਸਾਹਿਤਕ ਅਮੀਰ ਵਿਰਸੇ ਸੱਭਿਆਚਾਰ ਵਿਚ ਬਹੁਤ ਸਾਰੇ ਨਾਮਵਰ ਕਵੀ ਹੋਏ ਹਨ ਜਿਨ੍ਹਾਂ ਨੇ ਪੰਜਾਬੀ ਸਾਹਿਤ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇੱਥੇ ਕੁਝ ਪ੍ਰਸਿੱਧ ਪੰਜਾਬੀ ਕਵੀ ਹਨ: 19ਵੀਂ ਸਦੀ ਤੋਂ ਪਹਿਲਾਂ (ਬਾਬਾ ਫਰੀਦ, ਬਾਬਾ ਬੁੱਲ੍ਹੇ ਸ਼ਾਹ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸਾਹ ਹੁਸੈਨ, ਵਾਰਿਸ਼ ਸ਼ਾਹ, ਕਾਦਰਯਾਰ, ਪੀਲੂ, ਹਾਸ਼ਮ ਸ਼ਾਹ ਹੋਏ ਹਨ।

19ਵੀਂ ਤੋਂ 20ਵੀਂ ਸਦੀ ਬਾਬੂ ਰਜਬ ਅਲੀ, ਪੂਰਨ ਸਿੰਘ, ਸ਼ਾਹ ਮੁਹੰਮਦ, ਡਾ: ਦੀਵਾਨ ਸਿੰਘ ਕਾਲੇਪਾਣੀ, ਭਾਈ ਵੀਰ ਸਿੰਘ, ਅੰਮ੍ਰਿਤਾ ਪ੍ਰੀਤਮ, ਫ਼ਿਰੋਜ਼ਦੀਨ ਸ਼ਰਫ਼, ਧਨੀ ਰਾਮ ਚਾਤ੍ਰਿਕ, ਪ੍ਰੋ. ਮੋਹਨ ਸਿੰਘ, ਚਰਨ ਸਿੰਘ ਸ਼ਹੀਦ ਤੇ ਫਿਰ 20ਵੀਂ ਤੋਂ 21ਵੀਂ ਸਦੀ ਦੇ ਮੱਧ ਸ਼ਿਵ ਕੁਮਾਰ ਬਟਾਲਵੀ, ਅਵਤਾਰ ਸੰਧੂ ਉਰਫ਼ ਪਾਸ਼, ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ, ਚਮਨ ਲਾਲ, ਜਸਵੰਤ ਜਾਫ਼ਰ, ਐੱਸ.ਐੱਸ. ਮੀਸ਼ਾ, ਗੁਰਮੁਖ ਸਿੰਘ ਮੁਸਾਫਿਰ, ਵਿਦਾਤਾ ਸਿੰਘ ਤੀਰ ਆਦਿ ਹੋਏ ਹਨ। ਮੇਰੇ ਨਿੱਜੀ ਮਨਪਸੰਦ: ਸ਼ਿਵ ਕੁਮਾਰ ਬਟਾਲਵੀ, ਅਵਤਾਰ ਸੰਧੂ ਉਰਫ਼ ਪਾਸ਼, ਅੰਮ੍ਰਿਤਾ ਪ੍ਰੀਤਮ, ਸੁਰਜੀਤ ਪਾਤਰ ਅਤੇ ਬਾਬਾ ਬੁੱਲ੍ਹੇ ਸ਼ਾਹ ਹੋਏ ਹਨ। ਅੱਜ ਪੰਜਾਬੀ ਕਾਵਿ ਦੀ ਪ੍ਰਮੁੱਖ ਵਿਧਾ ਬਣ ਚੁੱਕੀ ਹੈ ਅਤੇ ਬਹੁਤ ਸਾਰੇ ਕਵੀ ਆਪਣਿਆਂ ਕਵਿਤਾਵਾਂ ਰਾਹੀਂ ਦਿਲਕਸ਼, ਖੂਬਸੂਰਤ ਅਤੇ ਬਾ-ਕਮਾਲ ਸ਼ਾਇਰੀ ਦੀ ਰਚਨਾ ਕਰ ਰਹੇ ਹਨ। ਪਰ ਕੋਈ ਸਮਾਂ ਸੀ ਜਦੋਂ ਉਰਦੂ ਦੇ ਵਿਦਵਾਨ ਪੰਜਾਬੀ ਨੂੰ ਗੰਵਾਰਾਂ ਦੀ ਭਾਸ਼ਾ ਆਖਦੇ ਸਨ ਅਤੇ ਦਾਅਵਾ ਕਰਦੇ ਸਨ ਕਿ ਪੰਜਾਬੀ ਵਿਚ ਕਵਿਤਾ- ਗ਼ਜ਼ਲ ਲਿਖੀ ਹੀ ਨਹੀਂ ਜਾ ਸਕਦੀ। ਉਰਦੂ ਵਿਦਵਾਨਾਂ ਤੋਂ ਇਲਾਵਾ ਬਹੁਤ ਸਾਰੇ ਪੰਜਾਬੀ ਵਿਦਵਾਨਾਂ ਦਾ ਵੀ ਵਿਚਾਰ ਸੀ ਕਿ ਗ਼ਜ਼ਲ ਉਰਦੂ ਭਾਸ਼ਾ ਦੀ ਸਿਨਫ਼ ਹੈ, ਅਰਬੀ ਚੋਂ ਆਈ ਹੈ ਅਤੇ ਇਹ ਪੰਜਾਬੀ ਭਾਸ਼ਾ ਨਾਲ ਮੇਲ ਨਹੀਂ ਖਾ ਸਕਦੀ। ਇਸ ਮੁਕਾਬਲੇ ਨੂੰ ਕਬੂਲ ਕਰਨ ਅਤੇ ਪੰਜਾਬੀ ਵਿਚ ਕਵਿਤਾ- ਗ਼ਜ਼ਲ ਦੀ ਰਚਨਾ ਕਰਨ ਲਈ ਫਿਰ ਕਈ ਪੰਜਾਬੀ ਸ਼ਾਇਰ ਮੈਦਾਨ

ਸੁਰਜੀਤ ਸਿੰਘ ਫਲੋਰਾ
647-829-9397

ਵਿਚ ਆਏ। ਉਨ੍ਹਾਂ ਵਿੱਚੋਂ ਉਸਤਾਦ ਦੀਪਕ ਜੈਤੋਈ, ਸਾਧੂ ਸਿੰਘ ਹਮਦਰਦ, ਉਲਫਤ ਬਾਜਵਾ ਤੇ ਸੁਰਜੀਤ ਪਾਤਰ ਇਕ ਸਨ, ਜਿਹਨਾਂ ਨੇ ਆਪਣੇ ਜੀਵਨ ਦੇ ਹਰ ਪਲ ਮਾਂ ਬੋਲੀ ਪੰਜਾਬੀ ਦਾ ਕਾਵਿਕ-ਚਿਹਰਾ ਮੋਹਰਾ ਸੰਵਾਰਨ ਅਤੇ ਪੰਜਾਬੀ ਭਾਸ਼ਾ ਨੂੰ ਦੂਜੀਆਂ ਭਾਸ਼ਾਵਾਂ ਦੇ ਹਾਣ ਦੀ ਬਣਾਉਣ ਹਿਤ ਸਮਰਪਿਤ ਕੀਤੇ। ਪੰਜਾਬੀ ਗ਼ਜ਼ਲ ਜੋ ਪਿਛਲੇ ਲੰਮੇ ਅਰਸੇ ਤੋਂ ਉਰਦੂ ਪ੍ਰਭਾਵ ਹੇਠ ਦੱਬੀ ਹੋਈ ਅਨੁਭਵ ਹੁੰਦੀ ਸੀ ਸੁਰਜੀਤ ਪਾਤਰ ਜੀ ਨੇ ਉਸ ਨੂੰ ਉਰਦੂ ਦੇ ਪ੍ਰਭਾਵ ਤੋਂ ਮੁਕਤ ਕਰਵਾ ਕੇ ਇਕ ਆਧੁਨਿਕ ਤੇ ਪੰਜਾਬੀ ਰੰਗ ਵਾਲੀ ਪਛਾਣ ਦੁਆਉਣ ਦੀ ਜੋ ਭਰਪੂਰ ਕੋਸ਼ਿਸ਼ ਕੀਤੀ ਹੈ ਯਕੀਨਨ ਮੈਂ ਸਮਝਦਾ ਹਾਂ ਕਿ ਇਸ ਦਾ ਸਿਹਰਾ ਸਿਰਫ਼ ਪਾਤਰ ਸਹਿਬ ਦੀ ਕਲਮ, ਸੋਚ, ਤੇ ਆਸ਼ਾਬੰਦੀ ਨੂੰ ਹੀ ਜਾਂਦਾ ਹੈ। ਪੰਜਾਬੀ ਬੋਲੀ ਬਾਰੇ ਉਹ ਖਾਸ ਚਿੰਤਤ ਸਨ, ਉਨ੍ਹਾਂ ਨੇ ਆਪਣੇ ਦਰਦ ਨੂੰ ਇਸ ਤਰ੍ਹਾਂ ਬਿਆਨ ਕੀਤਾ, ਮਰ ਰਹੀ ਹੈ ਮੇਰੀ ਭਾਸ਼ਾ ਸ਼ਬਦ-ਸ਼ਬਦ ਵਾਕ-ਵਾਕ !

ਇਥੋ ਤੱਕ ਕਿ ਉਨ੍ਹਾਂ ਨੇ ਬੀਬੀਸੀ ਨਾਲ ਗੱਲਬਾਤ ਦੌਰਾਨ ਇਸ ਬਾਰੇ ਕਿਹਾ- ÷ਮੇਰਾ ਬੱਚਾ ਅੰਗਰੇਜ਼ੀ ਬੋਲੇਗਾ ਤਾਂ ਇਹ ਉਸ ਦੀ ਇੱਕ ਪਛਾਣ ਹੋ ਜਾਵੇਗੀ। ਆਪਣੀ ਰੂਹ ਦੇ ਨੰਗੇਜ਼ ਹੋਣ ਦੀ ਥਾਂ ਭਾਸ਼ਾ ਸਾਡੇ ਜਿਸਮਾਂ ਦਾ ਪਹਿਰਾਵਾ ਬਣ ਗਈ ਹੈ। ਦੂਸਰੀ ਗੱਲ ਇਹ ਕਿ ਭਾਸ਼ਾ ਦਾ ਅਸੀਂ ਰਿਜ਼ਕ ਨਾਲ ਅਤੇ ਆਰਥਿਕਤਾ ਨਾਲ ਬਹੁਤ ਗਹਿਰਾ ਰਿਸ਼ਤਾ ਸਮਝਦੇ ਹਾਂ, ਤੇ ਇਸ ਤਰ੍ਹਾਂ ਹੁੰਦਾ ਵੀ ਹੈ। ਇਸ ਤੋਂ ਵੱਡੀ ਗੱਲ ਇਹ ਹੈ ਕਿ ਸਾਡਾ ਆਪਣੀ ਧਰਤੀ ਤੇ ਮਾਂ ਬੋਲੀ ਨਾਲ ਕਿਸ ਤਰ੍ਹਾਂ ਦਾ ਰਿਸ਼ਤਾ ਹੈ। ਮਾਵਾਂ ਸਾਰਿਆਂ ਦੀਆਂ ਸੋਹਣੀਆਂ ਹੁੰਦੀਆਂ ਹਨ ਪਰ ਅਸੀਂ ਕਿਸੇ ਨਾਲ ਆਪਣੀ ਮਾਂ ਤਾਂ ਨਹੀਂ ਵਟਾ ਸਕਦੇ। ਇਹ ਸਿਰਫ਼ ਬੋਲੀ ਦੇ ਮਰਨ ਦੀ ਗੱਲ ਨਹੀਂ ਇਹ ਬੰਦੇ ਦੇ ਅੰਦਰਲੇ ਜ਼ਮੀਰ ਦੇ ਮਰਨ ਦੀ ਨਿਸ਼ਾਨੀ ਹੈ।

ਸੁਰਜੀਤ ਪਾਤਰ ਜੀ ਦਾ ਜਨਮ ਜਨਵਰੀ 1, 1945 ਇੱਕ ਪੰਜਾਬੀ ਕਵੀ, ਲੇਖਕ ਦਾ ਜਨਮ ਪਿੰਡ ਪੱਤੜ ਕਲਾਂ ਜ਼ਿਲ੍ਹਾ ਜਲੰਧਰ ਵਿੱਚ ਗੁਰਬਖਸ਼ ਕੌਰ ਅਤੇ ਹਰਭਜਨ ਸਿੰਘ ਦੇ ਘਰ ਹੋਇਆ। ਉਸ ਦਾ ਵਿਆਹ ਭੁਪਿੰਦਰ ਕੌਰ ਨਾਲ ਹੋਇਆ ਹੈ।

ਉਹਨਾਂ ਨੇ ਰਣਧੀਰ ਕਾਲਜ, ਕਪੂਰਥਲਾ ਤੋਂ ਗ੍ਰੈਜੂਏਸ਼ਨ ਕੀਤੀ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਮਾਸਟਰਜ਼ ਕੀਤੀ। ਉਹਨਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ 'ਗੁਰੂ ਨਾਨਕ ਵਾਣੀ ਵਿੱਚ ਲੋਕਧਾਰਾ ਦੇ ਪਰਿਵਰਤਨ' ਉੱਤੇ ਖੋਜ ਲਈ ਪੀਐਚ.ਡੀ.। ਉਹਨਾਂ ਨੇ ਆਪਣਾ ਕੈਰੀਅਰ ਇੱਕ ਐਸੋਸੀਏਟ ਪ੍ਰੋਫੈਸਰ ਵਜੋਂ ਸ਼ੁਰੂ ਕੀਤਾ। ਉਹ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਵਿੱਚ ਭਾਸ਼ਾ ਅਤੇ ਸੱਭਿਆਚਾਰ ਵਿਭਾਗ ਦੇ ਪ੍ਰੋਫੈਸਰ ਵਜੋਂ ਸੇਵਾਮੁਕਤ ਹੋਏ। ਉਹ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਰਹਿ ਚੁੱਕੇ ਸਨ। ਹੁਣ ਉਹ ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਦੀ ਚੇਅਰਪਰਸਨ ਰਹੇ। ਉਹਨਾਂ ਨੂੰ 1980 ਵਿੱਚ ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ ਦੁਆਰਾ ਸਨਮਾਨਿਤ ਕੀਤਾ ਗਿਆ ਸੀ। ਫਿਰ 1980 ਵਿੱਚ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵੱਲੋਂ @ਹਵਾ ਵਿਚਾਰੇ ਹਰਫ਼@ ਲਈ @ਗਿਆਨੀ ਗੁਰਮੁਖ ਸਿੰਘ ਮੁਸਾਫਿਰ ਕਾਵਿ ਪੁਰਸਕਾਰ@ ਮਿਲਿਆ, 1985 ਵਿੱਚ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੁਆਰਾ @ਕਰਤਾਰ ਸਿੰਘ ਧਾਲੀਵਾਲ@ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਉਸਨੂੰ ਭਾਰਤੀ ਸਾਹਿਤ ਅਕਾਦਮੀ, ਨਵੀਂ ਦਿੱਲੀ ਦੁਆਰਾ 1993 ਵਿੱਚ @ਹਨੇਰੇ ਵਿੱਚ ਸੁਲਗਦੀ ਵਰਨਮਾਲਾ@ ਲਈ ਵੀ ਸਨਮਾਨਿਤ ਕੀਤਾ ਗਿਆ, ਫਿਰ 1995 ਵਿੱਚ ਪੰਜਾਬੀ ਅਕਾਦਮੀ, ਦਿੱਲੀ ਵੱਲੋਂ 'ਪਿਛਲੇ ਢਾਕੇ ਦਾ ਪੰਜਾਬੀ ਸ਼ਾਇਰ' ਵੀ ਪ੍ਰਦਾਨ ਕੀਤਾ ਗਿਆ। 1997 ਵਿੱਚ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵੱਲੋਂ 'ਸ਼੍ਰੋਮਣੀ ਪੰਜਾਬੀ ਕਵੀ' ਪੁਰਸਕਾਰ ਤੋਂ ਇਲਾਵਾ ਵੱਖ-ਵੱਖ ਸੱਭਿਆਚਾਰਕ ਅਤੇ ਸਾਹਿਤਕ ਮੰਚਾਂ ਵੱਲੋਂ ਹੋਰ ਵੀ ਕਈ ਪੁਰਸਕਾਰ ਮਿਲੇ।

ਸੁਰਜੀਤ ਪਾਤਰ ਦਾ ਜੀਵਨ ਕਾਲ ਲਗਭਗ ਅੱਠ ਦਹਾਕਿਆਂ ਵਿੱਚ ਫੈਲਿਆ ਹੋਇਆ ਸੀ। ਆਪਣੇ ਜੀਵਨ ਦੌਰਾਨ ਉਨ੍ਹਾਂ ਨੇ ਪੰਜਾਬ ਨੂੰ ਵੱਖ-ਵੱਖ ਮਰਹਲਿਆਂ ਵਿੱਚੋਂ ਗੁਜ਼ਰਦੇ ਦੇਖਿਆ ਅਤੇ ਆਪਣੇ ਅਨੁਭਵ ਦੀ ਕਾਵਿਕ ਪੇਸ਼ਕਾਰੀ ਕੀਤੀ।

ਉਨ੍ਹਾਂ ਦੀਆਂ ਪ੍ਰਸਿੱਧ ਪ੍ਰਕਾਸ਼ਨਾਵਾਂ ਵਿੱਚ— ਹਵਾ ਵਿੱਚ ਲਿਖੇ ਹਰਫ਼, ਬਿਰਖ ਅਰਜ਼ ਕਰੇ, ਹਨ੍ਹੇਰੇ ਵਿੱਚ ਸੁਲਗਦੀ ਵਰਣਮਾਲਾ, ਲਫ਼ਜ਼ਾਂ ਦੀ ਦਰਗਾਹ, ਪੱਤਝੜ ਦੀ ਪਾਂਜੇਬ, ਸੁਰਜ਼ਮੀਨ, ਚੰਨ ਸੂਰਜ ਦੀ ਵਹਿੰਗੀ, ਹਾਏ ਮੇਰੀ ਕੁਰਸੀ ਹਾਏ ਮੇਰਾ ਮੇਜ਼, ਸੂਰਜ ਮੰਦਰ ਦੀਆਂ ਪੌੜੀਆਂ, ਅੱਗ ਦੇ ਕਲੀਰੇ, ਸਈਓ ਨੀ ਮੈਂ ਅੰਤ ਹੀਣ ਤਰਕਾਲਾਂ, ਸ਼ਹਿਰ ਮੇਰੇ ਦੀ ਪਾਗਲ ਔਰਤ, ਇੱਛਾਧਾਰੀ ਅਤੇ ਯੂਨਾਨ ਦੀ ਲੂਣਾ ਸ਼ਾਮਲ ਹਨ। ਉਨ੍ਹਾਂ ਦੀਆਂ ਕਵਿਤਾਵਾਂ ਵਿੱਚ ਮਾਂ ਬੋਲੀ ਦੇ ਨਿਘਾਰ ਦਾ ਫਿਕਰ, ਪੰਜਾਬ ਵਿੱਚ ਹਥਿਆਰਬੰਦ ਸੰਘਰਸ਼ ਦੇ ਦੁਖਾਂਤ, ਨਾਗਰਿਕਤਾ ਸੋਧ ਕਾਨੂੰਨ ਅਤੇ ਕਿਸਾਨੀ ਸੰਘਰਸ਼ ਵਰਗੇ ਵਿਸ਼ੇ ਮਿਲ ਜਾਂਦੇ ਹਨ। ਕਿਸਾਨ ਅੰਦੋਲਨ ਦੌਰਾਨ ਤਿੰਨ ਖੇਤੀ ਕਾਨੂੰਨਾ ਦੇ ਵਿਰੋਧ ਵਿੱਚ ਉਨ੍ਹਾਂ ਨੇ ਆਪਣਾ ਪਦਮਸ਼੍ਰੀ ਦਾ ਸਨਮਾਨ ਵੀ ਵਾਪਸ ਕਰ ਦਿੱਤਾ ਸੀ।ਉਨ੍ਹਾਂ ਦੀ ਇੱਕ ਗਜ਼ਲ ਅੱਜ ਉਨ੍ਹਾਂ ਦੇ ਵਿਛੋੜੇ ਉੱਤੇ ਪੂਰੀ ਤਰ੍ਹਾਂ ਢੁਕਦੀ ਹੈ-

ਅਸਾਂ ਵੀ ਅੰਤ ਕਿਰ ਕੇ ਖ਼ਾਦ ਹੋਣਾ
ਕਦੀ ਸਾਂ ਫੁੱਲ ਇਹ ਕਿਸ ਨੂੰ ਯਾਦ ਹੋਣਾ।

ਪਰ ਅਫਸੋਸ ਉਹ ਹਮੇਸ਼ਾ ਆਪਣਿਆਂ ਰਰਚਨਾਵਾਂ ਰਾਂਹੀ ਸਦਾ ਯਾਦ ਰਹਿਣਗੇ।

## ਤਲਬ

ਦੀਪ ਸਿੰਘ ਦੀਪ
ਮੋਬਾ:98760-04714

ਪੂਰੀ ਰਾਤ ਬੇਚੈਨੀ ਨਾਲ ਉਸਲਵੱਟੇ ਭੰਨਦਿਆ ਲੰਘੀ। ਕਿੰਨੀ ਵਾਰ ਦਿਲੋ ਦਿਮਾਗ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਦੇ ਖ਼ਿਆਲ ਸੀ ਕਿ ਪਿੱਛਾ ਹੀ ਨਹੀਂ ਸੀ ਛੱਡਦੇ। ਕਦੇ ਕਦੇ ਉਸਦਾ ਕੋਈ ਤਸਵਰ ਸਾਹਮਣੇ ਆ ਖਲੋਂਦਾ ਤੇ ਗੱਲਾਂ ਕਰਨ ਲੱਗਦਾ ਜਦੋਂ ਅਭੜਵਾਹੇ ਜਿਹੇ ਉੱਠ ਕੇ ਫੜਨ ਦੀ ਕੋਸ਼ਿਸ਼ ਕਰਦਾ ਤਾਂ ਹਨੇਰੇ ਵਿੱਚ ਕਿਧਰੇ ਅਲੋਪ ਹੋ ਜਾਂਦਾ। ਬਸ ਇਸੇ ਤਰ੍ਹਾਂ ਕਦੇ ਖ਼ੁਦ ਨਾਲ ਕਦੇ ਉਸ ਨਾਲ ਗੱਲਾਂ ਕਰਦਿਆਂ ਸਾਰੀ ਰਾਤ ਲੰਘ ਗਈ ਕਿ ਉਹ ਮੈਨੂੰ ਕਿਉਂ ਨਹੀਂ ਮਿਲਿਆ ? ਕਾਸ਼ ! ਉਹ ਮੈਨੂੰ ਮਿਲ ਗਿਆ ਹੁੰਦਾ। ਕਿੱਥੇ ਹੋਣਾ ? ਕਿਵੇਂ ਹੋਣਾ ? ਮੈਨੂੰ ਕਦੇ ਯਾਦ ਵੀ ਕਰਦਾ ਹੋਊ ਜਾਂ ਨਹੀਂ।

ਦੂਰ ਹੋਏ ਵੀ ਤਾਂ ਕੇਹੇ ਬੇਰੁਖੇ ਢੰਗ ਨਾਲ ਸੀ। ਇੱਕ ਆਖ਼ਰੀ ਵਾਰ ਉਹਦਾ ਹੱਥ ਫੜ ਅਲਵਿਦਾ ਕਹਿਣਾ ਵੀ ਨਸੀਬ ਨਾ ਹੋਇਆ। ਮੈਂ ਯਾਦਾਂ ਦੀ ਘੁੰਮਣ ਘੇਰੀ ਵਿੱਚੋਂ ਬਾਹਰ ਨਿਕਲਣਾ ਚਾਹੁੰਦਾ ਸੀ ਪਰ ਉਸਦੀਆਂ ਯਾਦਾਂ ਦਾ ਡੰਮ੍ਹ ਸੀ ਕਿ ਮੈਨੂੰ ਅੰਦਰੋਂ ਅੰਦਰ ਖਿੱਚੀ ਤੇ ਨਿਗਲੀ ਜਾ ਰਿਹਾ ਸੀ।

ਸੁਬ੍ਹਾ ਕੋਸ਼ਿਸ਼ ਕਰਨ ਤੇ ਵੀ ਮੰਜੀ ਚੋਂ ਉੱਠਣ ਨੂੰ ਦਿਲ ਨਹੀਂ ਸੀ ਕਰ ਰਿਹਾ। ਅੰਗ-ਅੰਗ ਦੁਖ ਰਿਹਾ ਸੀ ਜਿਵੇਂ ਪੂਰੀ ਰਾਤ ਕੋਈ ਲੰਮਾ ਘੋਲ਼ ਕੀਤਾ ਹੋਵੇ। ਇਸੇ ਲਈ ਅੱਜ ਦਫਤਰੋਂ ਛੁੱਟੀ ਲੈ ਲਈ ਸੀ। ਘਰ ਦਫ਼ਤਰ ਨਾ ਜਾਣ ਬਾਰੇ ਦੱਸ ਕੇ ਦੁਪਹਿਰੇ ਤੱਕ ਆਪੇ ਮੁੜ ਆਉਣ ਦਾ ਫੈਸਲਾ ਸੁਣਾ ਕੇ ਮੈਂ ਸੈਰ ਕਰਨ ਲਈ ਨਿਕਲ ਗਿਆ ਤਾਂ ਜੋ ਕੋਈ ਵਾਰ- ਵਾਰ ਫੋਨ ਕਰਕੇ ਪਰੇਸ਼ਾਨ ਨਾ ਕਰੇ ਮੈਂ ਕੁਝ ਹੋਰ ਸਮਾਂ ਉਹਦੀਆਂ ਯਾਦਾਂ ਸਨ ਬਿਤਾਉਣਾ ਚਾਹੁੰਦਾ ਸੀ।

ਉਹਦੀਆਂ ਯਾਦਾਂ ਸੰਗ ਵੱਟਾਂ ਉੱਤੇ ਲੰਮੀਆਂ ਵਾਟਾਂ ਤੁਰਦਿਆਂ ਤੁਰਦਾ ਗਿਆ ਤੇ ਆ ਕੇ ਉਸੇ ਮੋੜ ਕੋਲ ਬਣੇ ਉੱਚੇ ਟਿੱਬੇ ਤੇ ਜਾ ਬੈਠਾ ਜਿਥੋਂ ਸਾਡੀ ਇਹ ਦਰਦਾਂ ਭਰੀ ਮੁਹੱਬਤ ਕਹਾਣੀ ਸ਼ੁਰੂ ਹੋਈ ਸੀ ਕਦੀ ਇਸ ਟਿੱਬੇ ਤੇ ਵੀ ਪਿਆਰਾ ਵਾਂਗ ਬਹਾਰਾਂ ਦੀ ਰੰਗਤ ਹੁੰਦੀ ਸੀ। ਅੱਜ ਇਸ ਦੇ ਘਾਹ ਬੂਟੇ ਅੱਕ ਸਭ ਕੁਝ ਸੁੱਕਿਆ-ਸੁੱਕਿਆ ਹਰਾਸਿਆ ਤੇ ਮੁਰਝਾਇਆ ਪਿਆ ਸੀ ਬਿਲਕੁਲ ਸਾਡੀ ਮੁਹੱਬਤ ਵਾਂਗ।

ਮੈਂ ਨਸੂੜੇ ਦੀ ਰੁੱਖ ਨਾਲ ਢੋ ਲਾ ਕੇ ਬੈਠ ਗਿਆ। ਸੂਰਜ ਦੀ ਲੋਅ ਨੇ ਹੱਡ ਸੇਕਣੇ ਸ਼ੁਰੂ ਕਰ ਦਿੱਤੇ ਬਿਲਕੁਲ ਉਸਦੇ ਪਿਆਰ ਦੀਆਂ ਯਾਦਾਂ ਵਾਂਗ। ਅੱਖਾਂ ਬੰਦ ਕੀਤੀਆਂ ਤਾਂ ਮੈਂ ਸੱਤ ਸਾਲ ਪਿੱਛੇ ਖੜਾ ਸੀ ਜਿਸ ਦਿਨ ਉਸਨੂੰ ਮੈਂ ਪਹਿਲੀ ਵਾਰ ਦੇਖਿਆ ਸੀ ਇਸੇ ਮੋੜ ਤੇ ਪਹਿਲੀ ਵਾਰ ਉਸ ਦੀ ਸਾਈਕਲ ਤੋਂ ਬੜੀ ਮੁਸ਼ਕਿਲ ਨਾਲ ਪਾਸੇ ਹੋ ਕੇ ਮਸੀਂ ਬਚਿਆ ਸੀ ਉਸ ਪਿੱਛੇ ਮੁੜ ਕੇ ਪਿਆਰ ਭਰੀ ਸਹਿਮੀ ਨਜ਼ਰ ਨਾਲ ਤੱਕਿਆ ਤੇ ਮੈਂ ਵੀ ਕੁਝ ਕਹਿਣੋ ਰਿਹਾ। ਕੁਝ ਦਿਨ ਇਸੇ ਤਰ੍ਹਾਂ ਨਜ਼ਰਾਂ ਮਿਲਣ ਮਿਲਾਉਣ ਦਾ ਸਿਲਸਿਲਾ ਜਾਰੀ ਰਿਹਾ ਤੇ ਫਿਰ ਹੌਲੀ-ਹੌਲੀ ਗੱਲਬਾਤ ਸ਼ੁਰੂ ਹੋਈ। ਪਤਾ ਚੱਲਿਆ ਕਿ ਉਹ ਦੋਵੇਂ ਸਹੇਲੀਆਂ ਲਾਗਲੇ ਪਿੰਡ ਤੋਂ ਸਨ ਤੇ ਉਸਦਾ ਨਾਮ ਦੀਪੀ ਸੀ ਤੇ ਬਾਰਵੀਂ ਜਮਾਤ ਵਿੱਚ ਪੜਦੀਆਂ ਸਨ। ਉਹਨਾਂ ਦੇ ਐਨਾ ਸਾਜਰੇ ਸਕੂਲ ਆਉਣ ਦਾ ਕਾਰਨ ਪੁੱਛਣ ਤੇ ਦੱਸਿਆ ਕਿ ਉਹ ਪਹਿਲਾਂ ਟਿਊਸ਼ਨ ਜਾਂਦੀਆਂ ਹਨ ਤੇ ਫਿਰ ਸਕੂਲ।

÷ਇਹ ਤੇ ਹੋਈ ਸਾਡੀ ਗੱਲ ਤੂੰ ਦੱਸ ਇਸ ਰਾਹ ਦੀ ਕੀ ਮਿਣਤੀ ਕਰਨ ਆਉਨੈ ਹਰ ਰੋਜ਼ ਵੀ ਸਾਡੇ ਲਈ ਪੱਕੀ ਸੜਕ ਬਣਵਾ ਕੇ ਦੇਵੇਂਗਾ।÷ ਉਸਦੀ ਸਹੇਲੀ ਨੇ ਮਸ਼ਕਰੀ ਨਾਲ ਆਖਿਆ। ÷ਪੱਕੀ ਸੜਕ ਵੀ ਬਣਵਾ ਦੇਵਾਂਗਾ ਤੁਸੀਂ ਇੱਕ ਵਾਰ ਹੁਕਮ ਤਾਂ ਕਰੋ।÷ ਮੈਂ ਮੋੜਵਾਂ ਜਵਾਬ ਦਿੰਦੇ ਹੋਏ ਬੋਲਿਆ। ਫਿਰ ਦੀਪੀ ਨੇ ਵਿੱਚੋਂ ਗੱਲ ਟੋਕਦੇ ਹੋਏ ਮੇਰੇ ਬਾਰੇ ਪੁੱਛਿਆ ਤਾਂ ਮੈਂ ਦੱਸਿਆ ਕਿ ਮੈਂ ਹੁਣੇ ਕਾਲਜ ਪੜ੍ਹਾਈ ਪੂਰੀ ਕੀਤੀ ਹੈ ਤੇ ਫਿਲਹਾਲ ਬੇਰੁਜ਼ਗਾਰਾਂ ਹਾਂ। ਇਹ ਨਿੱਕੀਆਂ ਨਿੱਕੀਆਂ ਗੱਲਾਂ ਅਤੇ ਨੋਕ ਝੋਕ ਦਾ ਸਿਲਸਿਲਾ ਕਈ ਦਿਨਾਂ ਤੱਕ ਚੱਲਦਾ ਰਿਹਾ ਤੇ ਅਸੀਂ ਇੱਕ ਦੂਸਰੇ ਨੂੰ ਪਸੰਦ ਕਰਨ ਲੱਗੇ ਇਹ ਫਿਜਾਵਾਂ ਖੁੱਲੀਆਂ ਹਵਾਵਾਂ ਅੱਕ, ਬੂਟੇ , ਝਾੜੀਆਂ ਸਭ ਸਾਡੀ ਪਾਕ ਮੁਹੱਬਤ ਦੀਆਂ ਗਵਾਹ ਬਣੀਆਂ। ਸਭ ਚੰਗਾ ਚੰਗਾ ਲੱਗਦਾ ਸੀ ਇਸ਼ਕ ਦਾ ਰੰਗ ਜਿਸ ਬਾਰੇ ਅੱਜ ਤੱਕ ਸੁਣਿਆ ਹੀ ਸੀ ਹੁਣ ਸਾਨੂੰ ਚੜਿਆ ਹੋਇਆ ਸੀ,ਉਹ ਵੀ ਪੂਰੇ ਜੋਬਨ ਤੇ। ਇਸੇ ਨਸੂੜੇ ਹੇਠ ਬੈਠ ਕੇ ਅਸੀਂ ਇਕੱਠਿਆਂ ਰੋਟੀ ਖਾਂਦੇ ਉਹ ਹਰ ਰੋਜ਼ ਮੇਰੇ ਲਈ ਕੁਝ ਨਾ ਕੁਝ ਲੈ ਕੇ ਆਉਂਦੀ ਤੇ ਅਸੀਂ ਅੰਤਾਂ ਦੀਆਂ ਗੱਲਾਂ ਕਰਦੇ ਜਾਗਦੇ ਹੋਏ ਅੱਖੀਆਂ ਨਾਲ ਸੁਪਨੇ ਸੰਜੋਦੇ ਆਪਣੇ ਚੰਗੇ ਭਵਿੱਖ ਦੀਆਂ ਕਾਮਨਾਵਾਂ ਕਰਦੇ ਤੇ ਇਹ ਨਸੂੜਾ ਸਾਡੇ ਉਸ ਹਰ ਪਲ ਦਾ ਗਵਾਹ ਹੈ ਤਾਹੀਓ ਇਸ ਨਸੂੜੇ ਨਾਲ ਮੈਨੂੰ ਅੰਤਾਂ ਦਾ ਮੋਹ ਹੈ ਇਸੇ ਕਰਕੇ ਜਦ ਕਦੇ ਵੀ ਯਾਦਾਂ ਦਾ ਹੜ ਬੇਕਾਬੂ ਹੁੰਦਾ ਹੈ ਤਾਂ ਇੱਥੇ ਆ ਕੇ ਬਹਿ ਜਾਂਦਾ ਇਸ ਦੇ ਦੁਆਲੇ ਪਾਣੀ ਪਾਉਣ ਲਈ ਬਣਾਈ ਬਣਾਇਆ ਟੋਆ ਵੀ ਹੁਣ ਲਗਭਗ ਮਿਟ ਚੁੱਕਾ ਹੈ। ਜਿਸ ਵਿੱਚ ਮੈਂ ਹਰ ਰੋਜ਼ ਪਾਣੀ ਪਾਉਂਦਾ ਸੀ ਕਿ ਕਿਤੇ ਸਾਡੀ ਇਹ ਪਿਆਰ ਨਿਸ਼ਾਨੀ ਮੁਰਝਾ ਨਾ ਆ ਜਾਵੇ। ਇਹ ਫਿਜ਼ਾਵਾਂ ਖੁੱਲੀਆਂ ਹਵਾਵਾਂ ਅੱਕ ਬੂਟੇ ਝਾੜੀਆਂ ਸਾਡੀ ਪਾਕ ਮੁਹੱਬਤ ਦੀਆਂ ਗਵਾਹ ਬਣੀਆਂ ਸਭ ਚੰਗਾ ਚੰਗਾ ਲੱਗਦਾ ਸੀ ਇਸ਼ਕ ਦਾ ਰੰਗ ਜਿਸ ਬਾਰੇ ਅੱਜ ਤੱਕ ਸੁਣਿਆ ਸੀ ਹੁਣ ਸਾਨੂੰ ਚੜਿਆ ਹੋਇਆ ਸੀ ਉਹ ਵੀ ਪੂਰੇ ਜੋਬਨ ਤੇ। ਰਾਤੀ ਸੌਣ ਤੋਂ ਪਹਿਲਾਂ ਸਵੇਰੇ ਜਾਗਣ ਦੀ ਜਲਦੀ ਹੁੰਦੀ ਕਿ ਕਦੋਂ ਇਹ ਚੰਦਰੀ ਰਾਤ ਗੁਜ਼ਰੇ ਤੇ ਸੱਜਣਾ ਦਾ ਦੀਦਾਰ ਹੋਵੇ।

ਪਰ ਅਚਾਨਕ ਇੱਕ ਦਿਨ ਗਰੀਬਾਂ ਦੀ ਕੁੱਲੀ ਤੇ ਝੁੱਲੇ ਤੂਫਾਨ ਵਾਂਗ ਇੱਕੋ ਝਟਕੇ ਵਿੱਚ ਮੇਰਾ ਸਭ ਕੁਝ ਲੁੱਟਿਆ ਗਿਆ ਇੱਕ ਦਿਨ ਉਸਦੇ ਮੁਰਝਾਏ-ਮੁਰਝਾਏ ਚਿਹਰੇ ਵੱਲ ਵੇਖ ਕੇ ਮੇਰਾ ਕਾਲਜਾ ਨਪੀੜਿਆ ਗਿਆ ਉਸ ਦੀਆਂ ਅੱਖਾਂ ਤੋਂ ਲੱਗਦਾ ਸੀ ਜਿਵੇਂ ਉਹ ਪੂਰੀ ਰਾਤ ਰੋਂਦੀ ਰਹੀ ਹੈ ਹੋਵੇ ਵਾਰ ਵਾਰ ਪੁੱਛਣ ਤੇ ਉਸ ਬੜੀ ਮੁਸ਼ਕਿਲ ਨਾਲ ਦੱਸਿਆ ਕਿ ਉਸਦੇ ਘਰਦਿਆਂ ਨੇ ਉਸ ਦਾ ਰਿਸ਼ਤਾ ਪੱਕਾ ਕਰ ਦਿੱਤਾ ਹ।ਉਹ ਬੜਾ ਰੋਈ ਕੁਰਲਾਈ ਪਰ ਉਸਦੀ ਕੋਈ ਪੇਸ਼ ਨਾ ਗਈ। ਗੱਲ ਸੁਣਦਿਆਂ ਹੀ ਮੇਰੀ ਖਾਨਓ ਗਈ। ਸਾਡਾ ਪਿਆਰ ਅਜੇ ਪੰਘੂੜਿਆਂ ਵਿੱਚ ਹੀ ਸੀ ਤੇ ਦੁੱਖਾਂ ਤੇ ਝੱਖੜਾਂ ਆ ਘੇਰਿਆ ਸੀ ਉਸ ਦੱਸਿਆ ਕਿ ਮੁੰਡਾ ਕੋਈ ਬਾਹਰੋਂ ਆਇਆ ਹੈ ਤੇ ਉਸਨੂੰ ਵੀ ਪੇਪਰਾਂ ਤੋਂ ਬਾਅਦ ਨਾਲ ਹੀ ਲੈ ਜਾਵੇਗਾ ਅਤੇ ਉਹਨਾਂ ਇਹ ਵੀ ਕਹਿ ਦਿੱਤੈ ਵੀ ਸਾਈਕਲ ਤੇ ਸਕੂਲ ਜਾਣ ਦੀ ਲੋੜ ਨਹੀਂ ਅੱਜ ਵੀ ਰੋਕਦੇ ਸੀ ਪਰ ਮੈਂ ਕਿਸੇ ਦੀ ਗੱਲ ਨਹੀਂ ਸੁਣੀ ਤੇ ਆ ਗਈ ਪਰ ਕੱਲ੍ਹ ਕਿਸੇ ਨੇ ਆਉਣ ਦੇਣਾ। ਹੁਣ ਸਿਰਫ਼ ਪੇਪਰ ਦੇਣ ਲਈ ਸਕੂਲ ਜਾਣ ਦੀ ਇਜਾਜ਼ਤ ਹੈ ਉਹ ਵੀ ਉਹ ਆਪ ਨਾਲ ਆ ਕੇ ਦਵਾਉਣਗੇ। ਪਰ ਮੈਂ ........ ਆਪਾਂ .......... ਮੇਰੇ ਕੋਲੋਂ ਕੁਝ ਵੀ ਬੋਲ ਨਹੀਂ ਸੀ ਹੋ ਰਿਹਾ। ਪਤਾ ਨਹੀਂ ਮੇਰੇ ਸ਼ਬਦ ਅਪਾਹਜ ਹੋ ਗਏ ਸੀ ਜਾਂ ਮੇਰੀ ਜੁਬਾਨ। ਇਹ ਸਭ ਕੁਝ ਜੋ ਹੋ ਰਿਹਾ ਸੀ ਮੇਰੀ ਸਮਝ ਤੋਂ ਬਾਹਰ ਸੀ। ਸਭ ਅਣ-ਕਿਆਸਿਆ ਜਿਸ ਦੀ ਕਦੇ ਮੈਂ ਕਲਪਨਾ ਵੀ ਨਹੀਂ ਕੀਤੀ ਸੀ । ਅਜੇ ਹੁਣੇ ਹੁਣੇ ਤਾਂ ਸਾਡੀ ਮੁਹੱਬਤ ਨੂੰ ਬੂਰ ਪੈਣ ਲੱਗਿਆ ਸੀ ਤੇ ਚੜ੍ਹਦੀ ਵਰੇਸ ਹੀ ਵਿਛੋੜਾ ਇਹ ਸਾਡੇ ਲਈ ਅਸਹਿ ਸੀ।

ਉਹ ਇਕਦਮ ਉੱਠੀ ਤੇ ਬੋਲੀ ਸ਼ਾਇਦ ਜ਼ਿੰਦਗੀ ਵਿੱਚ ਦੁਬਾਰਾ ਮੁਲਾਕਾਤ ਹੋਵੇ...... ਜੇ ਨਹੀਂ ਤਾਂ ਅਗਲੇ ਜਨਮ ਉਸ ਮੇਰਾ ਮੱਥਾ ਚੁੰਮਿਆ ਕੰਮ ਦੇ ਹੱਥਾਂ ਨਾਲ ਮੇਰੇ ਹੰਝੂ ਪੂੰਝੇ ਤੇ ਰੋਂਦੀ ਹੋਈ ਜਾਣ ਲੱਗੀ...... ਮੈਂ ਘੁੱਟ ਕੇ ਹੱਥ ਫੜ ਲਿਆ... ਪਰ ਬੋਲਿਆ ਕੁਝ ਨਾ ਗਿਆ.. ਮੇਰੀਆਂ ਹੰਝੂਆਂ ਭਰੀਆਂ ਅੱਖਾਂ ਉਸ ਨੂੰ ਨਾ ਜਾਣ ਦੇ ਵਾਸਤੇ ਪਾ ਰਹੀਆਂ ਸੀ। ਉਹ ਬਸ ਰੋਈ ਜਾ ਰਹੀ ਸੀ ਬੁੱਲਾਂ ਉੱਤੇ ਇੱਕ ਅਜੀਬ ਜਿਹੀ ਖਾਮੋਸ਼ੀ ਨਾਲ ਉਸ ਆਪਣਾ ਉਹ ਆਪਣਾ ਹੱਥ ਛੁਡਵਾ ਤੁਰਨ ਲੱਗੀ....। ਓਏ ਕਿਵੇਂ ਆ ਮਜਨੂਆ...... ਅੱਜ ਬੜੇ ਚਿਰਾਂ ਬਾਅਦ ਗੇੜਾ ਮਾਰਿਐ........ਅਚਾਨਕ ਆਈ ਆਵਾਜ਼ ਨੇ ਮੈਨੂੰ ਸੁਪਨਿਆਂ ਦੀ ਸੰਸਾਰ ਚੋਂ ਸਿੱਧਾ ਧਰਤੀ ਤੇ ਆ ਪਟਕਿਆ। ਅੱਖਾਂ ਖੋਲ੍ਹੀਆਂ ਤਾਂ ਸਾਹਮਣੇ ਗੇਜਾ ਤੁਰਿਆ ਆਉਂਦਾ ਸੀ। ਗੇਜੇ ਦਾ ਖੇਤ ਇਸ ਮੋੜ @ਤੇ ਹੀ ਸੀ। ਉਸਨੂੰ ਸਾਡੀ ਲੱਗੀ ਟੁੱਟੀ ਦੀ ਸਾਰੀ ਖ਼ਬਰ ਸੀ। ਲੱਗਦੈ ਅੱਜ ਫਿਰ ਰਾਂਝੇ ਨੂੰ ਚੂਰੀਆਂ ਦੀ ਯਾਦ ਆਈਐ .. ਜਿਹੜਾ ਇਧਰ ਨੂੰ ਗੇੜਾ ਮਾਰਿਐ ......। ਕਹਿੰਦਾ ਹੋਇਆ ਉਹ ਮੇਰੇ ਕੋਲ ਆ ਕੇ ਬੈਠ ਗਿਆ। ਬਸ ਯਾਰ ਕਦੇ ਕਦੇ ਜਜ਼ਬਾਤਾਂ ਅੱਗੇ ਜ਼ੋਰ ਨਹੀਂ ਚੱਲਦਾ ਤੇ ਪੈਰ ਆਪ ਮੁਹਾਰੇ ਇਧਰ ਨੂੰ ਮੁੜ ਆਉਂਦੇ ਨੇ ਬਾਕੀ ਤੇਰੇ ਕੋਲੋਂ ਕੀ ਲੁਕਿਆ ਤੈਨੂੰ ਤਾਂ ਪਤਾ ਹੀ ਹੈ ਸਭ ਕੁਝ ਉਹ ਤਾਂ ਤੇਰੀ ਗੱਲ ਠੀਕ ਹੈ । ਪਰ ਕਾਹਨੂੰ ਯਾਰ ਐਂਵੇਂ ਪੁਰਾਣੇ ਜਖਮ ਉਚੇੜਨ ਬੈਠ ਜਾਨੈ ਜੋ ਹੋਇਆ ਬੀਤਿਆ ਠੀਕ ਹੈ ਹੁਣ ਤੇ ਬੜਾ ਚਿਰ ਹੋ ਗਿਆ ਭੁੱਲ ਜਾ ਉਹਨੂੰ ਉਸ ਨਹੀਂ ਆਉਣਾ ਪਤਾ ਯਾਰ ਵੀ ਉਸ ਨਹੀਂ ਆਉਣਾ ਖੌਰੇ ਕਿਹੜੇ ਮੁਲਕ ਕਿਸ ਧਰਤੀ ਤੇ ਹੋਣੀ ਹੈ ਪਰ ਯਾਰ ਇਹ ਤਲਬ ਜਿਹੀ ਨਹੀਂ ਮਿਟਦੀ। ਇੱਕ ਵਾਰ ਉਸ ਨੂੰ ਵੇਖ ਲੈਣ ਦੀ ਇੱਕ ਖੋਹ ਜਿਹੀ ਪੈਂਦੀ ਰਹਿੰਦੀ ਹੈ। ਲੱਗਦੈ ਜਿਵੇਂ ਜ਼ਿੰਦਗੀ ਵਿੱਚ ਕੁਝ ਅਧੂਰਾਪਨ ਹੈ ਜੋ ਰਹਿ-ਰਹਿ ਕਿ ਸਤਾ ਰਿਹੈ। ਬਸ ਇਸੇ ਵਾਸਤੇ ਕਿ ਉਹ ਕਦੇ ਨਾ ਕਦੇ ਕਿਤੇ ਨਾ ਕਿਤੇ ਜਰੂਰ ਮਿਲ ਹੀ ਜਾਵੇਗੀ........ ਇਸ ਦਿਲ ਨੂੰ ਦਿਲਾਸਾ ਦੇ ਲਈਦਾ......।



# ਆਓ ਸੂਰਜ ਬਾਰੇ ਜਾਣੀਏ

ਪ੍ਰਿੰਸੀਪਲ ਰੰਧਾਵਾ ਸਿੰਘ ਪਟਿਆਲਾ
9417131332

ਸੂਰਜ ਇੱਕ ਤਾਰਾ ਹੈ,ਜਿਸ ਦੀ ਹਾਲਤ ਹਾਲੇ ਸਥਿਰ ਹੈ, ਜਿਸ ਕਰਕੇ ਇਹ ਨਾ ਤਾਂ ਹਾਲੇ ਫੈਲ ਰਿਹਾ ਹੈ ਅਤੇ ਨਾ ਹੀ ਸੁੰਘੜ ਰਿਹਾ ਹੈ । ਸੂਰਜ ਦਾ ਜਨਮ ਲਗਭਗ 4.6 ਬਿਲੀਅਨ ਸਾਲ ਪਹਿਲਾਂ ਹੋਇਆ । ਜਿਸ ਦੇ ਦੁਆਲੇ ਸੌਰ ਮੰਡਲ ਸਥਿਤ ਹੈ । ਸ੍ਰਿਸ਼ਟੀ ਵਿਚ ਅਰਬਾਂ ਨਹੀਂ, ਖਰਬਾਂ ਦੀ ਗਿਣਤੀ ਵਿਚ ਸੂਰਜ ਚਮਕ ਰਹੇ ਹਨ, ਪਰ ਸਾਡਾ ਉਹਨਾਂ ਨਾਲ ਕੋਈ ਸਬੰਧ ਨਹੀਂ ਹੈ ਕਿਉਂਕਿ ਕਿ ਉਹ ਸਾਡੀ ਧਰਤੀ ਤੋਂ ਬਹੁਤ ਦੂਰ ਹਨ, ਆਪਣਾ ਸੂਰਜ ਸਾਡਾ ਉਹ ਹੈ, ਜਿਹੜਾ ਸਾਨੂੰ ਚਾਨਣ ਤੇ ਨਿੱਘ ਦਿੰਦਾ ਹੈ, ਜਿਸ ਦੀ ਬਦੌਲਤ ਹੀ ਧਰਤੀ ਨੂੰ ਜੀਵਨ ਮਿਲਿਆ ਹੈ । ਸਾਡਾ ਇਹ ਸੂਰਜ ਆਪਣੀ ਅਕਾਸ਼ ਗੰਗਾ ਦੇ ਡੇਢ ਕੁ ਖਰਬ ਤਾਰਿਆਂ ਦੇ ਸਾਹਮਣੇ ਭਾਵੇਂ ਬਹੁਤ ਹੀ ਛੋਟਾ ਜਿਹਾ ਤਾਰਾ ਹੈ, ਪਰ ਧਰਤੀ ਲਈ ਇਹ ਹੀ ਸਭ ਤੋਂ ਵੱਡਾ, ਮਹਾਨ ਅਤੇ ਮਹੱਤਵਪੂਰਨ ਹੈ । ਕਿਉਂਕਿ ਇਹ ਸਾਡੇ ਲਈ ਜੀਵਨ ਦਾਤਾ ਹੈ । ਇਸ ਦੀ ਗਰਮੀ ਤੋਂ ਬਿਨਾਂ ਧਰਤੀ ਤੇ ਜੀਵਨ ਅਸੰਭਵ ਹੈ । ਜੇਕਰ ਅੱਜ ਇਹ ਸੂਰਜ ਠੰਡਾ ਹੋ ਜਾਏ ਤਾਂ ਛੇਤੀ ਹੀ ਪ੍ਰਿਥਵੀ ਤੇ ਧੜਕਦਾ ਜੀਵਨ ਨਿਰਜੀਵਨ ਹੋ ਜਾਵੇਗਾ । ਅਰਥਾਤ ਇਸ ਧਰਤੀ ਤੇ ਨਾ ਪਸ਼ੂ ਪੰਛੀ, ਨਾ ਵਨਸਪਤੀ, ਨਾ ਮੱਨੁਖ, ਨਾ ਜਾਨਵਰਾਂ ਦਾ ਵਾਸ ਹੋਵੇਗਾ, ਹੁਣ ਸਵਾਲ ਇਹ ਹੈ ਕਿ ਸੂਰਜ ਕਿੰਨਾ ਵੱਡਾ ਹੈ ? ਇਸ ਦੇ ਆਕਾਰ ਦਾ ਅਨੁਮਾਨ ਤੁਸੀਂ ਇਸ ਤੱਥ ਤੋਂ ਲਾ ਸਕਦੇ ਹੋ ਕਿ ਸਾਡੀ ਧਰਤੀ ਜਿੰਨੀਆਂ ਵੱਡੀਆਂ ਲਗਭਗ 10 ਲੱਖ ਤੋਂ ਵੱਧ ਇਸ ਵਿਚ ਸਮਾਂ ਸਕਦੀਆਂ ਹਨ । ਸੂਰਜ ਦਾ ਵਿਆਸ ਚੋਦਾਂ ਲੱਖ ਕਿਲੋਮੀਟਰ ਹੈ । ਇਹ ਧਰਤੀ ਦੇ ਵਿਆਸ ਨਾਲੋਂ ਲਗਭਗ 109 ਗੁਣਾ ਵੱਡਾ ਹੈ ਅਤੇ ਕੁੱਲ ਮਾਦਾ ਧਰਤੀ ਤੋਂ 330,000 ਗੁਣਾ ਜਿਆਦਾ ਹੈ। ਸਵਾਲ ਇਹ ਹੈ ਕਿ ਸੂਰਜ ਸਾਨੂੰ ਇੰਨਾ ਵੱਡਾ ਨਜ਼ਰ ਕਿਉਂ ਨਹੀਂ ਆਉਂਦਾ ? ਕਿਉਂਕਿ ਇਹ ਸਾਥੋਂ ਲਗਭਗ 15 ਕਰੋੜ ਕਿਲੋਮੀਟਰ ਦੂਰੀ ਤੇ ਸਥਿਤ ਹੈ, ਸੂਰਜ ਕੋਲ ਗਰਮੀ ਦਾ ਅਥਾਹ ਭੰਡਾਰ ਮੌਜੂਦ ਹੈ । ਧਰਤੀ ਸੂਰਜ ਦੀ ਊਰਜਾ ਦਾ ਕੇਵਲ ਇਕ ਖਰਬਵਾਂ ਭਾਗ ਹੀ ਪ੍ਰਾਪਤ ਕਰਦੀ ਹੈ । ਪਰ ਇਹ ਸਾਡੀ ਲੋੜ ਅਨੁਸਾਰ ਕਾਫ਼ੀ ਹੈ । ਇਸ ਵਿਚ ਊਰਜਾ ਦਾ ਭੋਰਾ ਭਰ ਵੀ ਵਾਧਾ ਹੋ ਜਾਵੇ ਤਾਂ ਧਰਤੀ ਦੀ ਹਰ ਚੀਜ਼ ਪਲ ਵਿਚ ਸੜ ਕੇ ਸੁਆਹ ਹੋ ਜਾਏਗੀ । ਸੂਰਜ ਨੂੰ ਅਸੀਂ ਇਕ ਮਹਾਨ ਪ੍ਰਮਾਣੂ ਭੱਠੀ ਕਹਿ ਸਕਦੇ ਹਾਂ ਜਿਸ ਵਿਚ ਹਾਈਡਰੋਜਨ ਦੇ ਪ੍ਰਮਾਣੂ ਟੁੱਟਦੇ ਰਹਿੰਦੇ ਹਨ ਤੇ ਉਨ੍ਹਾਂ ਵਿਚੋਂ ਨਿਕਲੀ ਗਰਮੀ ਇਸ ਦੀ ਤਪਸ਼ ਨੂੰ ਬਣਾਈ ਰੱਖਦੀ ਹੈ । ਹਾਈਡਰੋਜਨ ਦੇ ਚਾਰ ਪ੍ਰਮਾਣੂ ਮਿਲ ਕੇ ਹੀਲੀਅਮ ਦਾ ਇਕ ਪ੍ਰਮਾਣੂ ਬਣਾਉਂਦੇ ਹਨ ,ਵਿਗਿਆਨੀਆਂ ਦਾ ਅਨੁਮਾਨ ਹੈ ਕਿ ਸਾਡਾ ਸੂਰਜ ਆਪਣੀ ਜਵਾਨੀ ਪਾਰ ਕਰ ਚੁੱਕਾ ਹੈ ਅਤੇ ਮੱਧ ਅਵਸਥਾ ਵਿਚ ਪਹੁੰਚਣ ਵਾਲਾ ਹੈ । ਇਸੇ ਲਈ ਇਸ ਦਾ ਰੰਗ ਪੀਲਾ ਪੈਂਦਾ ਜਾ ਰਿਹਾ ਹੈ । ਜਿਸ ਕਰਕੇ ਇਸ ਦੀ ਗਰਮੀ ਬੜੀ ਮਾਮੂਲੀ ਜਿਹੀ ਚਾਲ ਨਾਲ ਘਟਦੀ ਜਾ ਰਹੀ ਹੈ । ਅਜੇ ਇਸ ਨੂੰ ਠੰਢਾ ਹੋਣ ਵਿਚ ਲਗਭਗ ਅਰਬਾਂ ਸਾਲ ਲੱਗਣਗੇ । ਸੂਰਜ ਹਾਈਡਰੋਜਨ ਅਤੇ ਹੀਲੀਅਮ ਗੈਸ ਤੋਂ ਇਲਾਵਾ ਥੋੜੀ ਮਾਤਰਾ ਵਿੱਚ ਆਕਸੀਜਨ, ਕਾਰਬਨ, ਨੀਓਨ ਅਤੇ ਲੋਹਾ ਵੀ ਹੈ । ਇਹਨਾਂ ਗੈਸਾਂ ਕਰਕੇ ਅਰਬਾਂ ਵਰ੍ਹਿਆਂ ਤੱਕ ਸਾਡੀ ਧਰਤੀ ਨੂੰ ਨਿੱਘ ਤੇ ਚਾਨਣ ਮਿਲਦਾ ਰਹੇਗਾ । ਅਨੁਮਾਨ ਹੈ ਇਸ ਦੀ ਸਤਹ ਦਾ ਤਾਪਮਾਨ ਲਗਭਗ 6,000 ਡਿਗਰੀ ਸੈਲਸੀਅਸ ਹੈ, ਸਤਹਿ ਤੋਂ ਅੰਦਰ ਵੱਲ ਜਾਣ ਨਾਲ ਇਹ ਤਾਪਮਾਨ ਹੋਰ ਜ਼ਿਆਦਾ ਹੋ ਜਾਂਦਾ ਹੈ । ਅਨੁਮਾਨ ਅਨੁਸਾਰ ਧਰਤੀ ਦੀ ਸਖ਼ਤ ਤੋਂ ਸਖ਼ਤ ਧਾਤ ਨੂੰ ਪਿਘਲਾਉਣ ਲਈ ਕੇਵਲ 4000 ਡਿਗਰੀ ਸੈਲਸੀਅਸ ਤਾਪ ਦੀ ਲੋੜ ਹੈ । ਇਸ ਤੋਂ ਪ੍ਰਤੱਖ ਹੈ ਕਿ ਜੇਕਰ ਸੂਰਜ ਦੇ ਕੇਂਦਰ ਦੀ ਗਰਮੀ ਦੀ ਇਕ ਚਿਣਗ ਮਾਤਰ ਵੀ ਧਰਤੀ ਤੱਕ ਪਹੁੰਚ ਜਾਏ ਤਾਂ ਇਥੋਂ@ ਦੀ ਹਰ ਵਸਤੂ ਪਿਘਲ ਕੇ ਗੈਸ ਬਣ ਜਾਏ । ਸਾਰੇ ਸੂਰਜ ਵਿੱਚ ਤਾਪ ਇੱਕੋ ਜਿਹਾ ਨਹੀਂ ਹੈ ਕਿਤੇ ਵੱਧ ਅਤੇ ਸੂਰਜ ਦੇ ਕਿਸੇ ਕਿਸੇ ਹਿੱਸੇ ਵਿਚ ਤਾਪ ਘੱਟ ਵੀ ਹੈ ਇਸ ਦੀ ਖੋਜ ਪਹਿਲਾਂ ਇਟਲੀ ਦੇ ਵਿਗਿਆਨੀ ਗੈਲੀਲਿਓ ਨੇ ਕੀਤੀ ਸੀ । ਉਸ ਨੇ ਆਪਣੀ ਦੂਰਬੀਨ ਵਿਚੋਂ ਇਹ ਧੱਬੇ ਵੇਖੇ ਤਾਂ ਹੈਰਾਨ ਰਹਿ ਗਿਆ । ਕਿਉਂਕਿ ਸੂਰਜ ਨੂੰ ਅੱਜ ਤੱਕ ਬੇਦਾਗ਼ ਮੰਨਿਆ ਜਾਂਦਾ ਰਿਹਾ ਸੀ । ਦੂਜੇ ਵਿਗਿਆਨੀਆਂ ਦਾ ਮਤ ਹੈ ਕਿ ਸੂਰਜ ਦੇ ਸਾਰੇ ਹਿੱਸਿਆਂ ਵਿਚ ਤਾਪ ਇਕੋ ਜਿਹਾ ਨਹੀਂ ਹੈ । ਕੁਝ ਹਿੱਸੇ ਅਜਿਹੇ ਹਨ ਜਿਥੇ ਤਾਪ ਦੂਸਰੇ ਭਾਗਾਂ ਨਾਲੋਂ ਘੱਟ ਹੈ। ਘੱਟ ਤਾਪ ਕਾਰਨ ਇਹ ਹਿੱਸੇ ਕਾਲੇ ਨਜ਼ਰ ਆਉਂਦੇ ਹਨ । ਇਹਨਾਂ ਧੱਬਿਆਂ ਦੀ ਹੋਂਦ ਸਥਾਈ ਨਹੀਂ, ਨਾ ਨਿਸ਼ਚਿਤ ਆਕਾਰ ਹੈ, ਇਹ ਵੱਧਦੇ ਘੱਟਦੇ ਰਹਿੰਦੇ ਹਨ । ਕਈ ਦਾਗ਼ ਤਾਂ ਬਹੁਤ ਵੱਡੇ ਹਨ, ਜਿਸ ਵਿੱਚ ਪੂਰੀ ਦੀ ਪੂਰੀ ਧਰਤੀ ਉਸ ਵਿਚ ਸਮਾ ਜਾਏ । ਬਹੁਤਾ ਕਰਕੇ ਇਹ ਧੱਬੇ ਜੋੜਿਆਂ ਵਿਚ ਵੇਖੇ ਜਾਂਦੇ ਹਨ । ਇਨ੍ਹਾਂ ਧੱਬਿਆਂ ਦਾ ਸਾਡੀ ਧਰਤੀ ਦੇ ਮੌਸਮ ਅਤੇ ਜੀਵਨ ਉੱਤੇ ਵੀ ਅਸਰ ਵੇਖਿਆ ਗਿਆ ਹੈ । ਜਦੋਂ ਇਹ ਧੱਬੇ ਵੱਡੇ-ਵੱਡੇ ਅਤੇ ਬਹੁਤੀ ਸੰਖਿਆ ਵਿਚ ਨਜ਼ਰ ਆਉਂਦੇ ਹਨ, ਉਦੋਂ ਸਾਡੀ ਧਰਤੀ ਉੱਤੇ ਬਹੁਤੀਆਂ ਹਨੇਰੀਆਂ ਆਉਣ ਲੱਗਦੀਆਂ ਹਨ, ਬਹੁਤੀਆਂ ਬਿਜਲੀਆਂ ਕੜਕਣ ਲੱਗਦੀਆਂ ਹਨ । ਜਹਾਜ਼ਾਂ ਵਿਚ ਲੱਗੀਆਂ ਕੰਪਾਸ ਦੀਆਂ ਸੂਈਆਂ ਬੇਤਰ੍ਹਾਂ ਝੂਲਣ ਲੱਗਦੀਆਂ ਹਨ ਤੇ ਰੇਡੀਓ ਤੇ ਟੈਲੀਵੀਯਨ ਦੇ ਪ੍ਰਸਾਰਨਾਂ ਵਿਚ ਵਿਘਨ ਪੈਣ ਲੱਗਦਾ ਹੈ । ਹੁਣੇ ਵੀ ਸੂਰਜ ਬਾਰੇ ਬਹੁਤ ਭੇਦ ਜਾਨਣੇ ਬਾਕੀ ਹਨ ।

# ਲੋੜ ਹੈ ਸੋਚ ਨੂੰ ਅਮੀਰ ਕਰਨ ਦੀ



ਸਿਆਣੇ ਕਹਿੰਦੇ ਹੁੰਦੇ ਨੇ ਕਿ ਕੰਮ ਬੰਦੇ ਦਾ ਕਰਮ ਹੁੰਦਾ ਹੈ। ਇਹ ਗੱਲ ਸੌ ਫ਼ੀਸਦੀ ਸਹੀ ਹੈ। ਕਰਮ ਕਰਨ ਨਾਲ਼ ਮਨ ਵਿੱਚ ਖੇੜੇ ਦਾ ਵਾਸਾ ਹੋਣਾ ਸ਼ੁਰੂ ਹੋ ਜਾਂਦਾ ਹੈ। ਸਰੀਰ ਨੂੰ ਤੰਦਰੁਸਤੀ ਦੀਆਂ ਨਿਆਮਤਾਂ ਦੀ ਬਖਸ਼ਿਸ਼ ਹੁੰਦੀ ਹੈ। ਮਨ ਵਿੱਚ ਭੈੜੇ ਵਿਚਾਰਾਂ ਦਾ ਦਾਖ਼ਲਾ ਘਟ ਜਾਂਦਾ ਹੈ ਤੇ ਉਸਾਰੂ ਵਿਚਾਰਾਂ ਦੀ ਆਮਦ ਹੋਣੀ ਸ਼ੁਰੂ ਹੋ ਜਾਂਦੀ ਹੈ ਪਰ ਸਾਡੇ ਕਰਮਾਂ ਦੀ ਕਿਸਮ ਸ਼ੁੱਧ ਹੋਣੀ ਚਾਹੀਦੀ ਹੈ। ਇਹ ਨਹੀਂ ਕਿ ਅਸੀਂ ਹੋਰ ਹੀ ਪੁੱਠੇ ਕੰਮ ਕਰਨੇ ਸ਼ੁਰੂ ਕਰ ਦੇਈਏ ਤੇ ਕਹੀਏ ਕਿ ਭਾਈ ਅਸੀਂ ਤਾਂ ਆਪਣਾ ਕਰਮ ਕਰਦੇ ਹਾਂ। ਕਰਮ ਉਹ ਕਰੀਏ ਜਿਸ ਵਿੱਚ ਕਿਸੇ ਦਾ ਭਲਾ ਹੋਵੇ, ਸਮਾਜ ਨੂੰ ਉਸ ਨਾਲ਼ ਕੋਈ ਲਾਭ ਹੋਵੇ, ਕਿਸੇ ਲਈ ਪ੍ਰੇਰਨਾ ਸਰੋਤ ਸਾਬਤ ਹੋਵੇ ਪਰ ਅੱਜ ਜੋ ਹਾਲਾਤ ਸਾਡੇ ਲੋਕਾਂ ਦੇ ਬਣਦੇ ਜਾ ਰਹੇ ਹਨ ਉਹ ਸੁਣ- ਦੇਖਕੇ ਬੜੀ ਹੈਰਾਨੀ ਹੁੰਦੀ ਹੈ ਕਿ ਅਸੀਂ ਪੰਜਾਬੀ ਆਪਣੀ ਕਮਾਈ ਵਿੱਚੋਂ ਆਪਣੇ ਹੱਥਾਂ ਨਾਲ਼ ਲੋੜਵੰਦਾਂ, ਗਰੀਬਾਂ ਦੀ ਮਦਦ ਕਰਨ ਵਾਲ਼ੇ, ਅੱਜ ਕੰਮ ਕਰਨਾ ਛੱਡਕੇ, ਆਪਣਾ ਹੱਥ ਅੱਡਦਿਆਂ ਨੂੰ ਦੇਖਕੇ ਬੜਾ ਦੁੱਖ ਹੁੰਦਾ ਹੈ। ਲੱਗਦਾ ਨਹੀਂ, ਪ੍ਰਤੱਖ ਨਜ਼ਰ ਆਉਂਦਾ ਹੈ ਕਿ ਅੱਜ ਸਾਡੇ ਵਿੱਚੋਂ ਬਹੁਤਾਤ ਦੀ ਮਾਨਸਿਕਤਾ ਇਹ ਬਣ ਗਈ ਹੈ ਕਿ ਅਸੀਂ ਕੰਮ ਨਾ ਕਰੀਏ ਪਰ ਪੈਸਾ ਕਿਸੇ ਨਾ ਕਿਸੇ ਤਰੀਕੇ ਆਉਂਦਾ ਰਹੇ। ਇਹ ਬਹੁਤ ਬੁਰਾ ਰੁਝਾਨ ਹੈ,ਖੁਦ ਆਦਮੀ ਅਤੇ ਸਮਾਜ ਲਈ। ਇਹੋ ਜਿਹੇ ਹਾਲਾਤਾਂ ਨਾਲ਼ ਸਮਾਜ ਵਿੱਚ ਬੁਰਾਈਆਂ ਦਾ ਬੋਲਬਾਲਾ ਹੋਣਾ ਸ਼ੁਰੂ ਹੋ ਜਾਂਦਾ ਹੈ। ਭ੍ਰਿਸ਼ਟਾਚਾਰ, ਲੁੱਟ-ਖੋਹ, ਨਸ਼ਿਆਂ ਆਦਿ ਜਿਹੀਆਂ ਅਲਾਮਤਾਂ ਸਿਰ ਚੁੱਕਣਾ ਸ਼ੁਰੂ ਕਰ ਦਿੰਦੀਆਂ ਹਨ ਜੋ ਇਨਸਾਨੀਅਤ ਲਈ ਘਾਤਕ ਸਿੱਧ ਹੁੰਦੀਆਂ ਹਨ ?। ਇਸ ਲਈ ਜਿੱਥੇ ਆਦਮੀ ਜ਼ਿੰਮੇਵਾਰ ਹੈ ਉਸ ਤੋਂ ਵੱਧ ਸਾਡੀਆਂ ਹਕੂਮਤਾਂ ਜ਼ਿੰਮੇਵਾਰ ਹਨ ਜੋ ਮੁਫ਼ਤਖੋਰੀ ਦਾ ਐਸਾ ਦੌਰ ਲਿਆ ਰਹੀਆਂ ਹਨ ਜਿਸ ਨਾਲ਼ ਬੰਦੇ ਨੂੰ ਵਿਹਲਾ ਕਰਕੇ ਨਿਕੰਮਾ ਬਣਾਇਆ ਜਾ ਰਿਹਾ ਹੈ ਤਾਂ ਕਿ ਉਸ ਨੂੰ ਵਿਹਲਾ ਰਹਿ ਕੇ ਖਾਣ ਦੀ ਆਦਤ ਪੈ ਜਾਵੇ ਤੇ ਉਹ ਲਾਚਾਰ ਬਣ ਜਾਵੇ ਤੇ ਉਨ੍ਹਾਂ ਦਾ ਗ਼ੁਲਾਮ ਬਣ ਕੇ ਰਹਿ ਜਾਵੇ ਫਿਰ ਜਦੋਂ ਮਰਜ਼ੀ ਉਸ ਨੂੰ ਲਾਲਚ ਦੇ ਕੇ ਆਪਣੇ ਨਾਲ਼ ਆਸਾਨੀ ਨਾਲ਼ ਲਾਇਆ ਜਾ ਸਕੇ। ਸਾਡੇ ਮਿਹਨਤਕਸ਼ ਲੋਕਾਂ ਨੂੰ ਇਹ ਕਦੋਂ ਸਮਝ ਆਵੇਗੀ ਕਿ ਉਨ੍ਹਾਂ ਨੂੰ ਸਰੀਰਕ ਤੇ ਮਾਨਸਿਕ ਪੱਖੋਂ ਅਪਾਹਜ ਬਣਾਇਆ ਜਾ ਰਿਹਾ ਹੈ, ਬੇਵੱਸ ਬਣਾਇਆ ਜਾ ਰਿਹਾ ਹੈ। ਜੇ ਸਰਕਾਰਾਂ ਦੀ ਨੀਅਤ ਸ਼ੁੱਧ ਹੋਵੇ ਤਾਂ ਉਹ ਲੋਕਾਂ ਨੂੰ ਮੁਫ਼ਤ ਸਹੂਲਤਾਂ ਦੇਣ ਦੀ ਬਜਾਇ ਰੁਜ਼ਗਾਰ ਦੇਣ ਦੀ ਵਿਵਸਥਾ ਕਰਨ। ਹਾਂ ਕੋਈ ਲਾਚਾਰ ਹੈ ,ਸਰੀਰਕ ਪੱਖੋਂ ਅਧੂਰਾ ਹੈ ਜੋ ਸੱਚਮੁੱਚ ਲੋੜਵੰਦ ਹੈ ਉਸ ਨੂੰ ਮੰਨਿਆ ਕਿ ਸਹੂਲਤ ਦਿੱਤੀ ਜਾ ਸਕਦੀ ਹੈ ਪਰ ਸਭ ਨੂੰ ਮੁਫ਼ਤਖੋਰੀ ਦੇ ਜਾਲ਼ ਵਿੱਚ ਫਸਾ ਲੈਣਾ,ਕਿਸੇ ਵੀ ਦੇਸ਼ ਲਈ ਕਦੇ ਵੀ ਹਿੱਤਕਾਰੀ ਨਹੀਂ ਹੁੰਦਾ। ਅੱਜ ਆਟਾ- ਦਾਲ਼, ਬਿਜਲੀ, ਸਫ਼ਰ ਆਦਿ ਸਭ ਮੁਫ਼ਤ ਦਿੱਤੇ ਜਾ ਰਹੇ ਹਨ। ਸਾਡੀ ਸੋਚ ਨੂੰ ਗ਼ੁਲਾਮ ਬਣਾਇਆ ਜਾ ਰਿਹਾ ਹੈ ਕਿਉਂਕਿ ਅਸੀਂ ਸੋਚਦੇ ਹੀ ਨਹੀਂ ਕਿ ਇਹ ਸ਼ਾਤਰ ਦਿਮਾਗ ਲੋਕ ਸੱਤਾ ‘ਚ ਬਣੇ ਰਹਿਣ ਲਈ ਸਾਨੂੰ ਵਰਤ ਰਹੇ ਹਨ । ਸਭ ਤੋਂ ਵੱਡੀ ਸ਼ਰਮ ਵਾਲ਼ੀ ਗੱਲ ਉਦੋਂ ਹੁੰਦੀ ਹੈ ਜਦੋਂ ਇਹ ਮੁਫ਼ਤ ਦੀਆਂ ਚੀਜ਼ਾਂ ਲੈਣ ਲਈ ਕਹਿੰਦੇ ਕਹਾਉਂਦੇ ਲੋਕ ਵੀ ਆਪਣੇ ਵੱਡੇ ਵੱਡੇ ਸਾਧਨ ਲੈ ਕੇ ਉੱਥੇ ਮੌਜੂਦ ਹੁੰਦੇ ਹਨ ਤਾਂ ਦੇਖ-ਸੁਣਕੇ ਬੜੀ ਸ਼ਰਮ ਮਹਿਸੂਸ ਹੁੰਦੀ ਹੈ ਕਿ ਸਾਡੀ ਸੋਚ ਇੰਨੀ ਡਿੱਗ ਗਈ ਹੈ ਕਿ ਮੁਫ਼ਤ ਚੀਜ਼ਾਂ ਦੇ ਲਾਲਚ ਵਿੱਚ ਅਸੀਂ ਆਪਣੀ ਜ਼ਮੀਰ ਗਹਿਣੇ ਰੱਖ ਦਿੱਤੀ ਹੈ। ਇਸ ਦਾ ਮਤਲਬ ਇਹ ਹੈ ਕਿ ਸਾਡੀ ਸੋਚ ਇੰਨੀ ਗਰੀਬ ਹੋ ਚੁੱਕੀ ਹੈ, ਅਸੀਂ ਮੁਫ਼ਤਖੋਰੀ ਤੋਂ ਉੱਪਰ ਉੱਠ ਹੀ ਨਹੀਂ ਰਹੇ। ਛੋਟੀ ਸੋਚ ਰੱਖਣ ਵਾਲਾ ਮਨੁੱਖ ਕਦੇ ਅਗਾਂਹ ਨਹੀਂ ਵਧ ਸਕਦਾ ਕਿਉਂਕਿ ਉਸ ਦੀ ਸੋਚ ਦਾ ਦਾਇਰਾ ਸੀਮਤ ਹੁੰਦਾ ਹੈ। ਅਸੀਂ ਛੋਟੀਆਂ -ਛੋਟੀਆਂ ਮੁਫ਼ਤ ਦੀਆਂ ਚੀਜ਼ਾਂ ਦੇ ਮੱਕੜਜਾਲ ‘ਚ ਫ਼ਸੇ ਰਹਿੰਦੇ ਹਾਂ ਤੇ ਚਾਲਾਕ ਲੋਕ ਸਾਡੀ ਇਸੇ ਕਮਜ਼ੋਰੀ ਦਾ ਹਮੇਸ਼ਾ ਫਾਇਦਾ ਉਠਾਉਂਦੇ ਰਹਿੰਦੇ ਹਨ ਤੇ ਉਠਾਉਂਦੇ ਰਹਿਣਗੇ ਜਦੋਂ ਤੱਕ ਅਸੀਂ ਆਪਣੀ ਸੋਚਣੀ ਨੂੰ ਅਮੀਰ ਨਹੀਂ ਕਰਦੇ। ਸਾਡੀ ਸੋਚਣੀ ਅਜੇ ਤੱਕ ਇਨ੍ਹਾਂ ਮੁਫ਼ਤ ‘ਚ ਮਿਲਣ ਵਾਲ਼ੀਆਂ ਚੀਜ਼ਾਂ ਵਿੱਚ ਹੀ ਅਟਕੀ ਹੋਈ ਹੈ। ਜਦੋਂ ਤੱਕ ਅਸੀਂ ਇਸ ਗੱਲ਼ ਨੂੰ ਨਹੀ ਸਮਝਦੇ ਕਿ ਆਪਣੀ ਮਿਹਨਤ,ਆਪਣੀ ਕਿਰਤ ਕਰਨ ਵਿੱਚ ਹੀ ਸੁੱਖ ਹੈ। ਸਾਡੇ ਗੁਰੂਆਂ ਨੇ ਵੀ ਕਿਰਤ ਦੇ ਸਿਧਾਂਤ ਦੀ ਵਡਿਆਈ ਕੀਤੀ ਹੈ। ਸਾਨੂੰ ਇਸ @ਤੇ ਅਮਲ ਕਰਨਾ ਚਾਹੀਦਾ ਹੈ। ਕੰਮ ਨਾ ਕਰਨ ਨਾਲ਼ ਆਦਮੀ ਸਰੀਰਕ ਤੇ ਮਾਨਸਿਕ ਤੌਰ ਤੇ ਕਮਜ਼ੋਰ ਹੋ ਜਾਂਦਾ ਹੈ। ਵਿਹਲਾ ਮਨ ਸ਼ੈਤਾਨ ਦਾ ਘਰ ਬਣ ਜਾਂਦਾ ਹੈ। ਮਨ ਵਿੱਚ ਭੈੜੇ ਖ਼ਿਆਲ ਘਰ ਕਰ ਜਾਂਦੇ ਹਨ ਬਹੁਤੀ ਵਾਰ ਇਨ੍ਹਾਂ ਤੋਂ ਪਿੱਛਾ ਛੁਡਾਉਣ ਔਖਾ ਹੋ ਜਾਂਦਾ ਹੈ। ਸਾਡੇ ਸਰੀਰ ਦੀ ਹਿਲਜੁਲ ਹੋਣੀ ਜ਼ਰੂਰੀ ਹੈ ਭਾਵ ਸਰੀਰ ਵਿੱਚੋਂ ਵਿਸ਼ੈਲੇ ਪਦਾਰਥਾਂ ਦਾ ਬਾਹਰ ਨਿਕਲ਼ਣਾ ਜ਼ਰੂਰੀ ਹੈ। ਇਹ ਤਾਂ ਹੀ ਹੋਵੇਗਾ ਜੇਕਰ ਅਸੀਂ ਇਸ ਨੂੰ ਕਿਸੇ ਕੰਮ-ਧੰਦੇ ਲਾਵਾਂਗੇ, ਨਹੀਂ ਤਾਂ ਤਰ੍ਹਾਂ ਤਰ੍ਹਾਂ ਦੀਆਂ ਬੀਮਾਰੀਆਂ ਆ ਘੇਰਨਗੀਆਂ ਜਿਨ੍ਹਾਂ ਦੇ ਇਲਾਜ ਲਈ ਪੈਸਾ ਚਾਹੀਦਾ ਹੋਵੇਗਾ, ਪੈਸਾ ਕੰਮ-ਧੰਦਾ ਕਰਨ ਨਾਲ਼ ਹੀ ਹਾਸਲ ਹੁੰਦਾ ਹੈ ਸੋ ਵਿਹਲਾਪਣ ਤਿਆਗ ਕੇ, ਛੋਟਾ-ਮੋਟਾ ਪਰ ਚੰਗਾ ਕੰਮ ਜੋ ਸਾਡੀ ਯੋਗਤਾ ਦੇ ਦਾਇਰੇ ਵਿੱਚ ਆਵੇ ਵਿੱਚ ਲੱਗ ਜਾਈਏ, ਮਿਹਨਤ ਕਰੀਏ ਈਮਾਨਦਾਰੀ ਦਾ ਪੈਸਾ ਕਮਾਈਏ ਬੇਸ਼ੱਕ ਥੋੜ੍ਹਾ ਹੀ ਹੋਵੇ ,ਘੱਟੋ-ਘੱਟ ਮਨ ਨੂੰ ਸਕੂਨ ਤਾਂ ਮਿਲੇਗਾ ਕਿ ਇਹ ਮੇਰੀ ਮਿਹਨਤ ਦੀ ਕਮਾਈ ਹੈ। ਆਪਣੀ ਸੋਚ ਨੂੰ ਤੰਦਰੁਸਤ ਰੱਖੀਏ। ਅਮੀਰ ਸੋਚ ਦੇ ਮਾਲਕ ਬਣੀਏ, ਕੋਈ ਸਾਨੂੰ ਲਾਲਚ ਦੇ ਕੇ ਗੁਮਰਾਹ ਨਾ ਕਰ ਸਕੇ, ਆਪਣੇ-ਆਪ @ਤੇ ਪੂਰਨ ਭਰੋਸਾ ਰੱਖੀਏ। ਸਵੈ-ਭਰੋਸਾ ਹੀ ਸਾਡੀ ਅਸਲ ਤਾਕਤ ਹੁੰਦਾ ਹੈ ਜੋ ਔਖੀ ਤੋਂ ਔਖੀ ਘੜੀ ਵਿੱਚ ਵੀ ਡੋਲਣ ਨਹੀਂ ਦਿੰਦਾ। ਆਪਣੀ ਸੋਚ ਨੂੰ ਉੱਚੀ ਤੇ ਸੁੱਚੀ ਰੱਖਣ ਅਤੇ ਸਵੈ-ਵਿਸ਼ਵਾਸ ਨਾਲ਼ ਹੀ ਸਾਡਾ ਜੀਵਨ ਅਸਲ ਅਰਥਾਂ ਵਿੱਚ ਸੁਚੱਜਾ ਜੀਵਨ ਕਹਾਉਣ ਦੇ ਲਾਇਕ ਹੋਵੇਗਾ।

ਲਾਭ ਸਿੰਘ ਸ਼ੇਰਗਿੱਲ (ਸੰਗਰੂਰ)
86995 35708



# ਪਾਣੀ ਜ਼ਿੰਦਗੀ ’ਚ ਨਿਰੰਤਰ ਵਹਿਣ ਦਾ ਆਦੇਸ਼ ਦਿੰਦਾ ਹੈ

ਬਲਵਿੰਦਰ ਬਾਲਮ ਗੁਰਦਾਸਪੁਰ
ਮੋਬਾਈਲ 9815625409

ਪਾਣੀ ਤੋਂ ਬਿਨਾਂ ਜੀਵਨ ਅਧੂਰਾ ਹੈ। 84 ਲੱਖ ਜੂਨ ਪਾਣੀ ਉੱਪਰ ਹੀ ਨਿਰਭਰ ਹੈ। ਪਾਣੀ ਇੱਕ ਪ੍ਰਾਕਿਰਤਿਕ ਅਤੇ ਜੀਵਨਦਾਈ ਸਾਧਨ ਹੈ। ਪਾਣੀ ਇੱਕ ਮਹੱਤਵਪੂਰਨ ਸੰਸਾਧਨ ਹੈ। ਪਾਣੀ ਜੜ੍ਹ ਚੇਤਨਾ ਦਾ ਸਵਾਮੀ ਹੈ। ਪਾਣੀ ਕੁਦਰਤ ਦੀ ਮੁੱਢ ਕਦੀਮੀ ਪਾਰਦਰਸ਼ੀ ਅਦਭੁਤ, ਅਨਮੋਲ, ਅਦੁੱਤੀ ਤੇ ਸ਼ੀਤਲ ਸੁੰਦਰ ਰਚਨਾ ਹੈ। ਤੜਪਦੇ ਜਾਂ ਜ਼ਖਮੀ ਪ੍ਰਾਣੀ ਦੀ ਹਾਏ ਨੂੰ ਸ਼ਾਂਤ ਸ਼ੀਤਲ ਸੰਤੁਸ਼ਟ ਕਰਨ ਲਈ ਤੇ ਹਾਏ ਦੀ ਤ੍ਰਿਪਤੀ ਦਾ ਪਰਮਾਤਮਾ ਪਾਣੀ ਹੀ ਹੈ। ਸਾਰੀ ਧਰਤੀ ਪਾਣੀ ਦੀ ਪ੍ਰਭੂ ਸਤਾ ਰੂਪੀ ਥੰਮੀਆਂ ਉੱਪਰ ਸੁੰਦਰ ਸ੍ਰਿਸ਼ਟੀ ਨਾਲ ਸ਼ੋਭਨੀਏ ਹੈ। ਪਾਣੀ ਜ਼ਿੰਦਗੀ ਨੂੰ ਨਿਰੰਤਰ ਵਹਿਣ ਦਾ ਸੰਦੇਸ਼ ਦਿੰਦਾ ਹੋਇਆ ਨਿਮਰਤਾ ਅਤੇ ਅਭਿਵਾਦਨ ਦਾ ਸੂਚਕ ਹੋ ਜਾਂਦਾ ਹੈ। ਸ੍ਰਿਸ਼ਟੀ ਦੀ ਸਮੁੱਚੀ ਹੋਂਦ ਦੀ ਸੁੰਦਰਤਾ, ਉਪਜਤਾ, ਖੁਸ਼ਹਾਲੀ, ਖੇੜਾ ਤੇ ਲੰਬੀ ਉਮਰ ਦਾ ਸੱਚਾ ਸਾਥੀ ਹੈ। ਪਾਣੀ ਹੀ ਹੈ ਜੋ ਅਗਨੀ ਨੂੰ ਸ਼ਾਂਤ ਕਰ ਸਕਦਾ ਹੈ। ਪਾਣੀ ਦੀ ਤਾਕਤ ਹੀ ਅਗਨੀ ਦੀ ਦੁਸ਼ਮਣ ਹੈ। ਪਾਣੀ ਇੱਕ ਐਸਾ ਸਰਵੋਤਮ ਦੇਵਤਾ ਹੈ ਜਿਸ ਦੇ ਅੱਗੇ ਗੰਦਲਾ ਪ੍ਰਸ਼ਾਦਿ ਚੜ੍ਹਾਉਣਾ ਇੱਕ ਮਹਾਂ ਪਾਪ ਹੈ। ਪਾਣੀ ਦੀ ਪਵਿੱਤਰਤਾ ਹੀ ਮਨੁੱਖ ਨੂੰ ਸਰੀਰਕ ਸੁੱਖ ਤੇ ਜੰਨਤ ਦਾ ਰਸਤਾ ਦੱਸਦੀ ਹੈ। ਕਿਸੇ ਵੀ ਜੜ ਨੂੰ ਪ੍ਰਫੁੱਲਤ ਹੋਣ ਲਈ ਖੁਸ਼ਹਾਲੀ ਦਾ ਅਸ਼ੀਰਵਾਦ ਪਾਣੀ ਹੀ ਦਿੰਦਾ ਹੈ। ਪਾਣੀ ਦਾ ਮੋਹ ਤਾਂ ਜੰਨਤ ਹੈ ਪਰ ਇਸ ਦੀ ਦੁਸ਼ਮਣੀ ਬਰਬਾਦੀ ਕਰਦੀ ਹੈ ਜਿਨਾਂ ਕੌਮਾਂ ਦੇ ਉੱਪਰ ਪਾਣੀ ਦੀਆਂ ਸ਼ੁਭਕਾਮਨਾਵਾਂ ਹਨ ਉਹਨਾਂ ਕੌਮਾਂ ਨੇ ਸੁਖਦ ਜੀਵਨ ਪਾ ਕੇ ਤਰੱਕੀ ਦੀਆਂ ਮੰਜ਼ਿਲਾਂ ਛੂਹੀਆਂ ਹਨ ਅਤੇ ਗਰਮੀ ਦੇ ਵਿੱਚ ਕਿਸੇ ਠੰਡੇ ਪਾਣੀ ਵਿੱਚ ਮਾਰੀ ਚੁੱਬੀ ਕਿਸੇ ਜੰਨਤ ਦੇ ਅਹਿਸਾਸ ਤੋਂ ਘੱਟ ਨਹੀਂ ਹੁੰਦੀ। ਸਭ ਤੋਂ ਪਹਿਲਾਂ ਮਨੁੱਖ ਨੂੰ ਪਾਣੀ ਦੇ ਤੱਤਾਂ ਨੇ ਹੀ ਹੋਂਦ ਵਿਚ ਲਿਆਂਦਾ ਹੋਵੇਗਾ ਜਿੱਥੇ ਪਾਣੀ ਨਹੀਂ ਉੱਥੇ ਜੀਵਨ ਨਹੀਂ ਜਿੱਥੇ ਪਾਣੀ ਦਾ ਪੱਧਰ ਬਿਲਕੁਲ ਘੱਟ ਜਾਂਦਾ ਹੈ ਉੱਥੇ ਗੈਸਾਂ ਦੀ ਬਹੁਤਾਤ ਹੋਣ ਕਰਕੇ ਜਵਾਲਾ ਪੈਦਾ ਹੁੰਦੇ ਹਨ। ਪਾਣੀ ਦੇ ਘਟਦੇ ਪੱਧਰ ਨਾਲ ਗੈਸਾਂ ਦੀ ਬਹੁਤਾਤ ਧਰਤੀ ਨੂੰ ਨਸ਼ਟ ਕਰ ਦਿੰਦੀ ਹੈ।

ਵਧਦੀ ਜਨਸੰਖਿਆ ਅਤੇ ਵੱਖ-ਵੱਖ ਪਹਿਲੂਆਂ ਦੁਆਰਾ ਇਸ ਦਾ ਦੁਰ ਉਪਯੋਗ ਪਾਣੀ ਦਾ ਪੱਧਰ ਘੱਟ ਰਿਹਾ ਹੈ। ਪਾਣੀ ਦੀ ਵਰਤੋਂ ਜੀਵਨ ਦੇ ਹਰ ਪਹਿਲੂ ਵਿੱਚ ਕੀਤੀ ਜਾਂਦੀ ਹੈ। ਘਰੇਲੂ ਰਸੋਈ ਤੋਂ ਲੈ ਕੇ ਬਾਹਰੀ ਕਾਰਜਾਂ ਵਿੱਚ ਵੀ ਪਾਣੀ ਦੀ ਇੱਕ ਵਿਸ਼ੇਸ਼ ਮਹੱਤਤਾ ਹੈ। ਪਾਣੀ ਮਨੁੱਖ ਦੀ ਜ਼ਿੰਦਗੀ ਦੇ ਆਖਰੀ ਸਾਹਾਂ ਤੱਕ ਸਾਥ ਦਿੰਦਾ ਹੈ ਪਾਣੀ ਇੱਕ ਸੱਚਾ ਮਿੱਤਰ ਹੈ। ਪਾਣੀ ਹੀ ਭਗਵਾਨ ਦਾ ਦੂਸਰਾ ਰੂਪ ਹੈ। ਇਸ ਲਈ ਹੀ ਪਾਣੀ ਦੀ ਹੀ ਪੂਜਾ ਹੁੰਦੀ ਹੈ। ਵਿਗਿਆਨ ਤੋਂ ਲੈ ਕੇ ਧਾਰਮਿਕ ਘਰੇਲੂ ਸਮਾਜਿਕ ਵਿਹਾਰਿਕ ਕਾਰਜਾਂ-ਸਮਾਗਮਾਂ ਵਿੱਚ ਪਾਣੀ ਦੀ ਵਿਸ਼ੇਸ਼ ਅਹਿਮੀਅਤ ਜੁਗਾਂ ਜੁਗੰਤਰਾਂ ਤੋਂ ਚਲਦੀ ਆ ਰਹੀ ਹੈ। ਖੇਤੀ ਕਾਇਨਾਤ ਤੋਂ ਮਨੁੱਖ ਦੀ ਖੂਬਸੂਰਤੀ ਲਈ ਪਾਣੀ ਦੀ ਮੁੱਖ ਭੂਮਿਕਾ ਹੈ।

ਜਲ ਸੰਸਾਧਨਾਂ ਦੇ ਨਿਯੋਜਨ, ਵਿਕਾਸ ਅਤੇ ਪ੍ਰਬੰਧਨ ਨੂੰ ਰਾਸ਼ਟਰੀਏ ਪੱਧਰ ਤੇ ਸੰਚਾਲਿਤ ਕਰਨ ਲਈ ਤੁਰੰਤ ਜ਼ਰੂਰਤ ਨੂੰ ਦੇਖਦੇ ਹੋਏ ਸੰਨ 1986 ਤੋਂ ਹੁਣ ਤੱਕ ਤਿੰਨ ਵਾਰ ਵੱਖ-ਵੱਖ ਜਲ ਵਿਸ਼ੇਸ਼ ਵਿਗਿਆਨੀਆਂ ਦੀ ਨਿਗਰਾਨੀ ਵਿੱਚ ਜਲ ਨੀਤੀ ਦੀ ਰੂਪ ਰੇਖਾ ਤਿਆਰ ਕੀਤੀ ਗਈ ਹੈ। ਦੇਸ਼ ਦੀ ਪਹਿਲੀ ਜਲ ਨੀਤੀ ਸੰਨ 1986 ਵਿੱਚ ਅਤੇ ਦੂਸਰੀ ਸੰਨ 2002 ਵਿੱਚ ਲਾਗੂ ਕੀਤੀ ਗਈ। ਪਰ ਇੰਨਾ ਜਲ ਨੀਤੀਆਂ ਦੇ ਬਾਵਜੂਦ ਕਈ ਖਾਮੀਆਂ ਦੇ ਕਾਰਨ ਜਲ ਪੱਧਰ ਵਿੱਚ ਗਿਰਾਵਟ ਦਾ ਸਿਲਸਿਲਾ ਜਾਰੀ ਰਿਹਾ। ਨਦੀ ਨਾਲੇ ਸੁੱਕਣ ਕਾਰਨ, ਜਲ ਪ੍ਰਦੂਸ਼ਣ ਵਧਣ ਦੇ ਕਾਰਨ, ਪਹਾੜੀ ਨਦੀਆਂ ਵਿੱਚ ਗੰਦਲਾ ਰੋਹੜ ਹੋਣ ਕਰਕੇ, ਜਲ ਪ੍ਰਦੂਸ਼ਣ ਵਧਣ ਲੱਗ ਪਿਆ। ਭਾਰਤ ਦੀਆਂ ਪ੍ਰਸਿੱਧ ਨਦੀਆਂ ਵਿੱਚ ਗੰਦਗੀ ਸੁੱਟਣ ਕਰਕੇ, ਅਸਥੀਆਂ ਪ੍ਰਵਾਹਣ ਕਰਕੇ, ਧਾਰਮਿਕ ਰੀਤਾਂ ਰਿਵਾਜਾਂ ਕਰਕੇ, ਸ਼ਹਿਰੀ ਕੂੜਾ ਕਰਕਟ ਸੁੱਟਣ ਕਰਕੇ ਆਦਿ ਪਾਣੀਆਂ ਵਿੱਚ ਸੰਘਣੀ ਗੰਦਗੀ ਤੋਂ ਗਾਰ ਫੈਲਣੀ ਸ਼ੁਰੂ ਹੋ ਗਈ। ਇਸ ਕਰਕੇ ਸਮੇਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਜਲ ਨੀਤੀ ਦੀ ਜ਼ਰੂਰਤ ਮਹਿਸੂਸ ਕੀਤੀ ਗਈ ਤਾਂ ਕਿ ਨਦੀਆਂ ਨਾਲਿਆਂ ਦੇ ਜਲ ਦੇ ਗੰਦਲੇਪਨ ਨੂੰ ਰੋਕਣ ਲਈ ਜਿਆਦਾ ਤੋਂ ਜਿਆਦਾ ਜਲ ਸੰਯੋਜਨ ਕੀਤੇ ਜਾ ਸਕਣ। ਸੰਨ 2012 ਵਿੱਚ ਭਾਰਤ ਸਰਕਾਰ ਦੇ ਜਲ ਸੰਸਾਧਨ ਮੰਤਰਾਲੇ ਨੇ ਇੱਕ ਹੋਰ ਨਵੀਂ ਜਲ ਨੀਤੀ ਤਿਆਰ ਕੀਤੀ ਜਿਸ ਨੂੰ ਜਲ ਨੀਤੀ 2022 ਦਾ ਨਾਮ ਦਿੱਤਾ ਗਿਆ।

ਰਾਸ਼ਟਰੀਏ ਜਲਨੀਤੀ ਦੇ ਅਨੁਸਾਰ ਜਲ ਸੰਸਾਧਨਾਂ ਨਿਯੋਜਨ ਵਿਕਾਸ ਅਤੇ ਪ੍ਰਬੰਧਨ ਰਾਸ਼ਟਰੀ ਦ੍ਰਿਸ਼ਟੀ ਕੌਮ ਨਾਲ ਸੰਚਾਲਿਤ ਕੀਤੇ ਜਾਣ ਦੀ ਜ਼ਰੂਰਤ ਹੈ। ਕੇਂਦਰ ਅਤੇ ਰਾਜ ਪੱਧਰ ਦੀਆਂ ਏਜੰਸੀਆਂ ਇੱਕ ਸ਼ਕਤੀਸ਼ਾਲੀ ਨੈਟਵਰਕ ਦੀ ਭੂਮਿਕਾ ਨਿਭਾਉਣਾ। ਉਪਯੋਗੀ ਜਲ ਸੰਸਾਧਨਾਂ ਨੂੰ ਹੋਰ ਜਿਆਦਾ ਉੱਪਰ ਚੁੱਕਣ ਲਈ ਇੱਕ ਨਦੀ ਨੂੰ ਦੂਸਰੀ ਨਦੀ ਨਾਲ ਜੋੜਿਆ ਜਾਏ। ਸਮੁੰਦਰ ਜਲ ਦੇ ਖਾਰੇ ਪਾਣੀ ਨੂੰ ਦੂਰ ਕਰਨ ਲਈ ਵਿਧੀਆਂ ਦੇ ਨਾਲ-ਨਾਲ ਬਾਰਿਸ਼ ਦੇ ਪਾਣੀ ਨੂੰ ਸੁਚੱਜੇ ਢੰਗ ਨਾਲ ਮੁੱਖ ਪਾਣੀ ਦੇ ਯੋਗ ਬਣਾਇਆ ਜਾਏ। ਇਸ ਲਈ ਰਾਸ਼ਟਰੀ ਪੱਧਰ ’ਤੇ ਖੋਜ ਤੇ ਵਿਕਾਸ ਨੂੰ ਹੋਰ ਉਤਸਾਹਿਤ ਕਰਨ ਲਈ ਜ਼ਰੂਰਤ ਹੈ। ਹਾਈਡ੍ਰੋਲਾਜੀਕਲ ਇਕਾਈ ਦੇ ਲਈ ਜਲ ਸੰਸਾਧਨ ਵਿਕਾਸ ਤੇ ਪ੍ਰਬੰਧਨ ਦੀ ਯੋਜਨਾ ਤਹਿਤ ਨਦੀਆਂ ਘਾਟੀਆਂ ਦੇ ਸੰਗਠਨਾਂ ਨੂੰ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ। ਜਿਸ ਜਗ੍ਹਾ ਤੇ ਪਾਣੀ ਦੀ ਕਮੀ ਹੈ ਉਸ ਇਲਾਕੇ ਨੂੰ ਨਦੀਆਂ ਨਾਲਿਆਂ ਨਾਲ ਜੋੜਿਆ ਜਾਏ। ਜਲ ਵੰਡ ਦੀ ਪ੍ਰਾਰਥਮਿਕਤਾ ਸਭ ਤੋਂ ਪਹਿਲਾਂ ਪੀਣ ਵਾਲੇ ਪਾਣੀ ਨੂੰ, ਫਿਰ ਸਿੰਚਾਈ, ਇਸਦੇ ਬਾਅਦ ਪਨ ਬਿਜਲੀ, ਖੇਤੀਬਾੜੀ ਅਤੇ ਗੈਰ ਉਦਯੋਗਾਂ ਆਦਿ ਨੂੰ ਕ੍ਰਮ ਵਿੱਚ ਕਰਨਾ ਚਾਹੀਦਾ ਹੈ। ਪਾਣੀ ਦੀ ਦੁਰ ਉਪਯੋਗਤਾ ਨੂੰ ਰੋਕਿਆ ਜਾਏ। ਪੁਨਰ ਸਥਾਪਿਤ ਤੇ ਪੁਨਰਵਾਸ ਤੋਂ ਯੋਜਨਾ ਮੰਤਰੀ ਨਾਲ ਕੰਮ ਕੀਤਾ ਜਾਏ ਤਾਂ ਕਿ ਇਸਦਾ ਲਾਭ ਪ੍ਰਭਾਵਿਤ ਲੋਕਾਂ ਨੂੰ ਵੀ ਮਿਲ ਸਕੇ। ਸਤਾ ਵਾਲੇ ਪਾਣੀ ਤੇ ਧਰਤੀ ਵਿਚਲੇ ਪਾਣੀ ਦੀ ਗੁਣਵੰਤਾ ’ਤੇ ਨਿਗਰਾਨੀ ਰੱਖੀ ਜਾਵੇ। ਦੂਸ਼ਿਤ ਪਾਣੀ ਨੂੰ ਪ੍ਰਾਕ੍ਰਿਤਿਕ ਪਾਣੀ ਵਿੱਚ ਮਿਲਾਉਣ ਦੀ ਕੋਸ਼ਿਸ਼ ਕੀਤੀ ਜਾਏ। ਪਾਣੀ ਦੇ ਪੱਧਰ ਲਈ, ਇਸਦੇ ਬਚਾਓ ਲਈ ਪ੍ਰਚਾਰ, ਪ੍ਰਸਾਰ, ਸਿੱਖਿਆ, ਦੰਡ ਅਤੇ ਮਾਨ ਸਨਮਾਨ ਦੀ ਜਰੀਏ ਜਲ ਬਚਾਓ ਚੇਤਨਾ ਨੂੰ ਉਤਸਾਹਿਤ ਕਰਨਾ ਚਾਹੀਦਾ ਹੈ। ਧਰਤੀ ਵਿਚਲਾ ਪਾਣੀ ਮਿੱਠਾ ਹੁੰਦਾ ਹੈ, ਕਿਉਂਕਿ ਇਹ ਮਿੱਟੀ ਦੇ ਕਣਾਂ ਵਿੱਚ ਵਸਿਆ ਹੁੰਦਾ ਹੈ। ਇਹ ਗਰਭਿਤ ਪਾਣੀ ਹੁੰਦਾ ਹੈ।

(ਬੋਤਲ ਉਪਯੋਗ) ਬਾਟਲਿੰਗ ਪਲਾਂਟਸ ਦੁਆਰਾ ਪਾਣੀ ਦੀ ਜਿਆਦਾ ਖੱਪਤ ਕਰਕੇ ਵੀ ਬਹੁਤ ਸਾਰਾ (ਲੱਖ ਟਨ) ਪਾਣੀ ਫਜ਼ੂਲ ਹੀ ਜਾਂਦਾ ਹੈ। ਹਿਮਾਚਲ ਪ੍ਰਦੇਸ਼ ਵਿੱਚ ਪਾਣੀ ਦਾ ਪੱਧਰ ਇਸ ਕਰਕੇ ਠੀਕ ਹੈ, ਕਿ ਉੱਥੇ ਨਦੀਆਂ-ਨਾਲਿਆਂ ਤੇ ਕੁਦਰਤੀ ਨਿਕਲਦੇ ਪਾਣੀਆਂ ਨੂੰ ਖੇਤੀ ਆਦਿ ਲਈ ਵਰਤਿਆ ਜਾਂਦਾ ਹੈ। ਧਰਤੀ ਹੇਠਲੇ ਪਾਣੀ ਦੇ ਡਿਗਦੇ ਪੱਧਰ ਨੂੰ ਬਚਾਉਣ ਲਈ ਸਰਕਾਰਾਂ ਨੂੰ ਹੋਰ ਕਈ ਉਪਰਾਲੇ ਸੁੰਘੜਤਾ ਨਾਲ ਕਰਨੇ ਚਾਹੀਦੇ ਹਨ। ਬਾਰਿਸ਼ ਦੇ ਪਾਣੀ ਨੂੰ ਸੰਗ੍ਰਹਿ ਕਰਕੇ ਉਚਿਤ ਪ੍ਰਯੋਗ ਵਿੱਚ ਲਿਆਉਣਾ ਵੀ ਇੱਕ ਵਧੀਆ ਢੰਗ ਹੈ। ਪਾਣੀ ਦੀ ਸ਼ੁੱਧੀ ਲਈ ਕਈ ਤਰ੍ਹਾਂ ਦੇ ਪਰੰਪਰਾਵਾਦੀ ਅਤੇ ਆਧੁਨਿਕ ਪ੍ਰਯੋਗ ਸਾਰਥਿਕ ਸਿਧ ਹੋ ਸਕਦੇ ਹਨ।

ਭਾਰਤ ਦੇ ਸੇਮ ਵਾਲੇ ਇਲਾਕੇ, ਗੰਦਲੇ ਦਰਿਆਈ ਇਲਾਕੇ, ਕੱਲਰੀ ਇਲਾਕੇ, ਗੰਦਲੇ ਨਾਲੇ ਵਾਲੇ ਇਲਾਕੇ ਵਿੱਚ ਲੱਖਾਂ ਲੋਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਕਿਉਂਕਿ ਓਧਰ ਪਿਛੜੇ ਇਲਾਕਿਆਂ ਵਿੱਚ ਸਾਫ ਸੁਥਰੇ ਪਾਣੀ ਦੀ ਬਹੁਤ ਘਾਟ ਹੈ। ਵਿਸ਼ੇਸ਼ ਕਰਕੇ ਪੰਜਾਬ ਵਿੱਚ ਹੀ ਪਾਣੀ ਸ਼ੁੱਧ ਨਾ ਮਿਲਣ ਕਰਕੇ ਹਜ਼ਾਰਾਂ ਲੋਕ ਕੈਂਸਰ, ਗੁਰਦੇ ਦੇ ਰੋਗ, ਪੇਟ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਅਨੇਕਾਂ ਲੋਕ ਮੌਤ ਦੇ ਮੂੰਹ ਵਿੱਚ ਜਾ ਚੁੱਕੇ ਹਨ। ਸਰਕਾਰ ਵੱਲੋਂ ਹਸਪਤਾਲ ਤਾਂ ਖੋਲੇ ਜਾ ਰਹੇ ਹਨ ਪਰ ਪੀਣ ਵਾਲੇ ਪਾਣੀ ਦਾ ਹਾਲੇ ਤੱਕ ਮੁਕੰਮਲ ਸਹੀ ਯੋਜਨਾ ਬੰਦ ਖੋਜ ਪੂਰਵਕ ਢੰਗ ਨਾਲ ਹੱਲ ਨਹੀਂ ਲੱਭਿਆ ਜਾ ਸਕਿਆ। ਹਸਪਤਾਲਾਂ ਦੀ ਜਗ੍ਹਾ ਤੇ ਲੋਕਾਂ ਨੂੰ ਸ਼ੁੱਧ ਪਾਣੀ ਮਿਲੇ। ਸ਼ੁੱਧੀਕਰਨ ਵਾਲੀਆਂ ਪਾਣੀ ਦੀਆਂ ਟੈਂਕੀਆਂ ਦਾ ਹਰ ਪਿੰਡ ਵਿੱਚ ਪ੍ਰਬੰਧ ਹੋਵੇ। ਹੋਰ ਤਾਂ ਹੋਰ ਪਾਣੀ ਫਿਲਟਰ ਕਰਨ ਵਾਲੇ ਉਪਕਰਣ ਸਸਤੇ ਰੇਟਾਂ ਤੇ ਘਰ ਘਰ ਮੁਹਈਆ ਕਰਵਾਏ ਜਾਣ।

ਭੌਤਿਕ ਮਾਪ ਦੇ ਅਨੁਸਾਰ ਪਾਣੀ ਵਾਲੇ ਸਾਫ ਪਾਣੀ ਸ਼ੀਤਲ ਗੰਦ ਰਹਿਤ ਹੋਣਾ ਚਾਹੀਦਾ ਹੈ। ਜੈਵਿਕ ਮਾਪ ਦੇ ਅਨੁਸਾਰ ਸ਼ੁੱਧ ਪਾਣੀ ਵਾਲੇ ਪਾਣੀ ਵਿੱਚ ਕੋਈ ਗੰਦਲਾ ਤੱਤ ਨਹੀਂ ਹੋਣਾ ਚਾਹੀਦਾ। ਕੈਲੀਫਾਰਮ ਫੋਕਟੀਰੀਆ 10 ਤੋਂ ਜਆਦਾ ਨਹੀਂ ਹੋਣੇ ਚਾਹੀਦੇ।

ਅਸ਼ੁੱਧ ਪਾਣੀ ਵਿੱਚ ਕੈਲਸ਼ੀਅਮ, ਸਲਫੇਟ, ਲੋਹਾ, ਮੈਗਨੀਜ, ਤਾਂਬਾ, ਜਿੰਕ, ਸ਼ੀਸ਼ਾ, ਕੈਡੀਸ਼ੀਅ, ਪਾਰਾ ਅਤੇ ਹੋਰ ਰਸਾਇਣਿਕ ਪਦਾਰਥ ਆਦਿ ਪਾਏ ਜਾਂਦੇ ਹਨ। ਜੇਕਰ ਕੋਈ ਰੋਗ ਫੈਲਦਾ ਹੈ ਉਸਦੇ ਰੋਗਾਣੂ ਪਾਣੀ ਵਿੱਚ ਘੁੱਲ ਕੇ ਬਿਮਾਰੀਆਂ ਫੈਲਾਉਂਦੇ ਹਨ।

ਖੂਹਾਂ, ਤਲਾਬਾਂ, ਨਾਲਿਆਂ, ਬੌਲੀਆਂ ਆਦਿ ਠਹਿਰੀ ਕਿਸਮ ਦੇ ਪਾਣੀ ਗੰਦਲੇ ਹੋਣ ਕਰਕੇ ਸਾਫ ਸੁਥਰੇ ਪਾਣੀ ਨੂੰ ਵੀ ਪ੍ਰਦੂਸ਼ਿਤ ਕਰ ਦਿੰਦੇ ਹਨ।

ਭਵਿੱਖ ਨੂੰ ਖਤਰਨਾਕ ਭੌਤਿਕ ਬਿਮਾਰੀਆਂ ਦਾ ਸ਼ਿਕਾਰ ਹੋਣਾ ਪਵੇਗਾ ਤੇ ਹੋਣਾ ਪੈ ਰਿਹਾ ਹੈ। ਭਾਰਤ ਸਰਕਾਰ ਅਤੇ ਰਾਜ ਸਰਕਾਰ ਕਈ ਸ਼ੁੱਧ ਜਲ ਯੋਜਨਾਵਾਂ ਚਲਾ ਰਹੀਆਂ ਹਨ ਪਰ ਵੱਡੇ ਪੱਧਰ ਦਾ ਖਰਚਾ ਆਉਣ ਕਰਕੇ ਅਧੂਰੀਆਂ ਹਨ।

ਭਾਰਤ ਜਲਵਾਯੂ ਦੀ ਦ੍ਰਿਸ਼ਟੀ ਨਾਲ ਮਾਨਸੂਨੀ ਪ੍ਰਦੇਸ਼ ਹੋਣ ਕਰਕੇ ਸਾਲ ਦੇ ਤਿੰਨ ਜਾਂ ਚਾਰ ਮਹੀਨੇ ਹੀ ਬਾਰਿਸ਼ ਹੁੰਦੀ ਹੈ। ਬਾਕੀ ਦੇ ਮਹੀਨੇ ਬਾਰਿਸ਼ ਨਾ ਹੋਣ ਕਰਕੇ ਬਹੁਤ ਸਾਰੇ ਭਾਗਾਂ ਵਿੱਚ ਧਰਾਤਲੀਏ ਜਲ ਦੀ ਕਮੀ ਰਹਿੰਦੀ ਹੈ। ਭਾਰੀ ਬਾਰਿਸ਼ ਵਾਲੇ ਇਲਾਕਿਆਂ ਵਿੱਚ ਵੀ ਖੁਸ਼ਕ ਮਹੀਨਿਆਂ ਵਿੱਚ ਪਾਣੀ ਦੀ ਕਮੀ ਰਹਿੰਦੀ ਹੈ। ਉੱਤਰ ਦੇ ਤਟੀਏ (ਕਿਨਾਰੇ) ਮੈਦਾਨਾਂ ਵਿੱਚ ਭੂਮੀਗਤ ਪਾਣੀ ਦੇ ਵਿਸ਼ਾਲ ਭੰਡਾਰ ਪਾਏ ਜਾਂਦੇ ਹਨ. ਦੇਸ਼ ਦੇ ਦੂਸਰੇ ਭਾਗਾਂ ਵਿੱਚ ਪਾਣੀ ਦੀ ਬਹੁਤ ਕਮੀ ਪਾਈ ਜਾਂਦੀ ਹੈ। ਅਜੇ ਤੱਕ ਦੇਸ਼ ਦੇ ਹਰ ਇੱਕ ਪਿੰਡ ਵਿੱਚ ਸੁਰੱਖਿਅਤ ਪੀਣ ਵਾਲੇ ਪਾਣੀ ਦੀ ਵਿਵਸਥਾ ਨਹੀਂ ਹੋ ਪਾਈ ਹੈ।ਦੇਸ਼ ਵਿੱਚ ਅੱਜ ਵੀ ਲੋਕਾਂ ਨੂੰ ਇੱਕ ਕਿਲੋਮੀਟਰ ਤੋਂ ਵੱਧ ਪੈਦਲ ਚੱਲ ਕੇ ਪਾਣੀ ਲਿਆਉਣਾ ਪੈਂਦਾ ਹੈ। ਸੰਪੂਰਨ ਜਲ ਸੰਸਾਧਨ ਦਾ ਅਧਿਐਨ, ਅਨੇਕ ਦ੍ਰਿਸ਼ਟੀਕੋਣ, ਜਿਸ ਵਿੱਚ ਨਦੀ, ਨਾਲੇ, ਨਿਕਾਸ ਪ੍ਰਣਾਲੀ, ਹੜ੍ਹ ਔੜ ਦੀ ਸਮੱਸਿਆ ਸਿੰਚਾਈ ਪਰੀਯੋਜਨਾ ਆਦਿ ਦੀ ਸਖ਼ਤ ਜ਼ਰੂਰਤ ਹੈ। ਧਰਤੀ ਉੱਪਰ ਜਲ ਨਿਕਾਸ ਬਹੁਤ ਮਹੱਤਵ ਹੈ। ਉਚਿਆਂ ਭਾਗਾਂ ਵਿੱਚ ਹੇਠਲੇ ਭਾਗਾਂ ਨੂੰ ਜਾਂਦੇ ਪਾਣੀ ਦਾ ਸੁਚੱਜਾ ਪ੍ਰਬੰਧ ਖੇਤੀ ਵਿਉਪਾਰ, ਧਾਰਮਿਕ ਪੂਜਾ ਤੇ ਇਲਾਕਾ ਪ੍ਰਬੰਧਨ ਤੇ ਨਿਯੋਜਨ ਵਿੱਚ ਨਦੀਆਂ ਦੀ ਭਰਪੂਰ ਉਪਯੋਗਤਾ ਹੈ। ਭਾਰਤੀ ਜਲ ਨਿਕਾਸ ਪ੍ਰਣਾਲੀ ਨੇ ਕਈ ਉਦਮ ਜਾਰੀ ਰੱਖੇ ਹੋਏ ਹਨ। ਪੰਜਾਬ ਹਰਿਆਣਾ ਤੇ ਉੱਤਰ ਪ੍ਰਦੇਸ਼ ਦੇ ਭਾਗਾਂ ਵਿੱਚ ਸਮਤਲ ਭੂਮੀ ਹੋਣ ਦੇ ਕਾਰਣ ਵਿਕਾਸ ਕਾਰਜ (ਨਵੀਆਂ ਸੜਕਾਂ, ਰੇਲ ਤੇ ਨਹਿਰੀ ਮਾਰਗ) ਦੇ ਕਾਰਨ ਫਾਲਤੂ ਪਾਣੀ ਦਾ ਨਿਕਾਸ ਪੂਰੀ ਤਰ੍ਹਾਂ ਨਾਲ ਨਹੀਂ ਹੋ ਸਕਿਆ।ਭਾਰਤ ਸਰਕਾਰ ਨੇ 1954 ਵਿੱਚ ਹੜ੍ਹਾਂ ਤੇ ਕਾਬੂ ਪਾਉਣ ਲਈ ਰਾਸ਼ਟਰੀਏ ਹੜ ਆਯੋਗ ਦੀ ਸਥਾਪਨਾ ਕੀਤੀ ਸੀ ਹੜਾਂ ਨਾਲ ਨਿਪਟਣ ਲਈ ਤਿੰਨ ਪੱਧਰੀ ਯੋਜਨਾ ਪ੍ਰਸਤੁਤ ਕੀਤੀ ਸੀ ਜਿਸ ਵਿੱਚ ਦਰਿਆਈ ਕਿਨਾਰੇ ਪੱਕੇ ਕਰਨਾ, ਦਰਿਆਈ ਮਾਰਗਾਂ ਨੂੰ ਵੰਡਣਾ, ਉੱਚੇ ਚਬੂਤਰੇ ਬਣਾਉਣਾ, ਪੌਦੇ ਲਗਾਉਣਾ, ਹੜ ਵਾਲੇ ਇਲਾਕਿਆਂ ਦਾ ਨਿਰਧਾਰਣ, ਹੜ ਸੁਰੱਖਿਆ ਅਤੇ ਭਵਿੱਖ ਬਾਣੀ ਦੇ ਸੰਕੇਤ ਦੇਣਾ ਤੇ ਢਲਾਣਾ ਉੱਪਰ ਬੰਨ ਆਦਿ ਢੰਗ ਅਪਣਾਏ ਗਏ।ਦੇਖਿਆ ਜਾਏ ਤਾਂ ਖਾਸ ਕਰਕੇ ਏਸ਼ੀਅਨ ਦੇਸ਼ਾਂ ਵਿੱਚ ਹੀ ਪਾਣੀ ਦੀਆਂ ਜਿਆਦਾ ਸਮੱਸਿਆਵਾਂ ਹਨ। ਖਾਸ ਕਰਕੇ ਭਾਰਤ ਵਿੱਚ ਗੰਧਲੇ ਪਾਣੀ ਦਾ ਪ੍ਰਦੂਸ਼ਣ ਲਗਾਤਾਰ ਵਾਧਾ ਜਾ ਰਿਹਾ ਹੈ, ਘਰਾਂ, ਪਿੰਡਾਂ। ਸ਼ਹਿਰਾਂ ਦੀਆਂ ਗਲੀਆਂ ਨਾਲੀਆਂ ਦੁਕਾਨਾਂ ਆਦਿ ਦਾ ਕੂੜਾ ਕਰਕਟ, ਨਦੀ ਨਾਲਿਆਂ ਵਿੱਚ ਪ੍ਰਵੇਸ਼ ਕਰਦਾ ਹੈ। ਸੇਮ ਦੇ ਇਲਾਕੇ ਜਾਂ ਗੰਦੇ ਨਾਲਿਆਂ ਵਿੱਚ ਤਰ੍ਹਾਂ ਤਰ੍ਹਾਂ ਦੇ ਪੰਛੀ ਜਾਨਵਰ ਮਰ ਜਾਂਦੇ ਹਨ ਜੋ ਗੰਧਲੇ ਪਾਣੀ ਵਿੱਚ ਹੀ ਗਲ ਸੜ੍ਹ ਕੇ ਬਦਬੂਆਂ ਮਾਰਦੇ ਰਹਿੰਦੇ ਹਨ। ਭਾਰਤੀ ਲੋਕਾਂ ਉੱਪਰ ਮੌਕੇ ਤੇ ਤੁਰੰਤ ਫੈਸਲੇ ਵਾਲਾ ਕਾਨੂੰਨ ਲਾਗੂ ਨਹੀਂ ਹੁੰਦਾ ਹਰ ਵਿਅਕਤੀ ਕਾਨੂੰਨ ਦੀਆਂ ਧੱਜੀਆਂ ਉਡਾਉਂਦਾ ਨਜ਼ਰ ਆਉਂਦਾ ਹੈ ਇਸ ਲਈ ਪਾਣੀ ਦੀ ਸ਼ੁੱਧਤਾ ਲਈ ਕੋਈ ਸਖ਼ਤ ਕਾਨੂੰਨ ਬਣਾਏ ਜਾਣੇ ਚਾਹੀਦੇ ਹਨ। ਭਾਰਤ ਸਰਕਾਰ ਨੇ 1974 ਵਿੱਚ ਕਾਨੂੰਨ ਬਣਾਇਆ ਸੀ ਕਿ ਗੰਦਾ ਪਾਣੀ ਨਦੀ ਨਾਲਿਆਂ ਵਿੱਚ ਨਹੀਂ ਸੁੱਟਿਆ ਜਾਏਗਾ ਪਰ ਇਸ ਕਾਨੂੰਨ ਦੀ ਕੌਣ ਪ੍ਰਵਾਹ ਕਰਦਾ ਹੈ ? ਅੱਜ ਭਾਰਤ ਦੇ ਸ਼ਹਿਰ-ਸ਼ਹਿਰ ਪਿੰਡ-ਪਿੰਡ ਵਿੱਚ ਪਾਣੀ ਦੇ ਨਿਕਾਸ, ਸ਼ੁੱਧ ਪਾਣੀ ਅਤੇ ਪਾਣੀ ਦੇ ਘਟਦੇ ਪੱਧਰ ਨੂੰ ਸ਼ਕਤੀ ਨਾਲ ਸੁਧਾਰਨ ਦੀ ਜ਼ਰੂਰਤ ਹੈ



# ਜੀਵਾਂ ਦੀ ਸਹੀ ਸਾਂਭ ਸੰਭਾਲ ਅਤੇ ਕੁਦਰਤ ਨਾਲ ਛੇੜਛਾੜ



ਕੁਦਰਤ ਨੇ ਸਾਰੇ ਜੀਵਾਂ ਲਈ ਭੋਜਨ ਦਾ ਪ੍ਰਬੰਧ ਕੀਤਾ ਹੁੰਦਾ ਹੈ। ਸਾਕਾਹਾਰੀ ਅਤੇ ਮਾਸਾਹਾਰੀ ਜੀਵਾਂ ਲਈ ਭੋਜਨ ਚੱਕਰ ਬਣਿਆ ਹੋਇਆ ਹੁੰਦਾ ਹੈ ਪਰ ਮਨੁੱਖੀ ਦਖਲਅੰਦਾਜੀ ਕਾਰਨ ਕਈ ਵਾਰੀ ਇਹ ਭੋਜਨ ਚੱਕਰ ਟੁੱਟ ਜਾਂਦਾ ਹੈ ਜੋ ਜੀਵਾਂ ਲਈ ਖਤਰਨਾਕ ਹੋ ਸਕਦਾ ਹੈ। ਇਸ ਸਾਲ ਗਰਮੀ ਦੀ ਰੁੱਤ ਸ਼ੁਰੂ ਹੁੰਦੇ ਹੀ ਤਾਪਮਾਨ ਵੱਧਦਾ ਜਾ ਰਿਹਾ ਹੈ , ਅਗਲੇ ਦਿਨਾਂ 'ਚ ਹੋਰ ਵੀ ਜ਼ਿਆਦਾ ਤੱਪਸ ਹੋਣ ਦੀ ਸ਼ੰਭਾਵਨਾ ਹੈ ।ਏਨੇ ਤਾਪਮਾਨ ਤੋਂ ਰਾਹਤ ਪਾਉਣ ਲਈ ਦਰੱਖਤਾਂ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ ਕਿਉਂ ਕਿ ਸਰਕਾਰ ਵਲੋਂ ਪੰਜਾਬ 'ਚ ਸੜਕਾਂ ਨੂੰ ਚੌੜਾ ਕਰਨ , ਨਵੇਂ ਬਾਈਪਾਸ ਕੱਢਣ ਅਤੇ ਹਰੇਕ ਸ਼ਹਿਰ ਵਿੱਚ ਨਵੀਆਂ ਕਾਲੋਨੀਆਂ ਦੇ ਨਿਰਮਾਣ ਆਦਿ ਨੂੰ ਪ੍ਰਵਾਨਗੀ ਦੇਣ ਕਰਕੇ ਹਜ਼ਾਰਾਂ ਦਰੱਖਤ ਪੁੱਟੇ ਗਏ ਹਨ ਪਰ ਇਨ੍ਹਾਂ ਦੀ ਥਾਂ ਨਵੇਂ ਸਮੇਂ ਸਿਰ ਨਹੀਂ ਲੱਗ ਸਕੇ ।ਇਸੇ ਤਰ੍ਹਾਂ ਸੜਕਾਂ ਅਤੇ ਬਿਲਡਿੰਗਾਂ ਦੇ ਨਿਰਮਾਣ ਲਈ ਮਿੱਟੀ ਦੀ ਜਰੂਰਤ ਕਾਰਨ ਟਿੱਬਿਆਂ ਅਤੇ ਪਹਾੜੀ ਖੇਤਰਾਂ ਨੂੰ ਪੱਧਰਾ ਕੀਤਾ ਜਾ ਰਿਹਾ ਹੈ ਜੰਗਲੀ ਜੀਵਾਂ ਦੀ ਸਾਂਭ ਸੰਭਾਲ ਲਈ ਪੰਜਾਬ ਅੰਦਰ 12 ਬੀੜ ਅਤੇ ਰੱਖਾਂ ਹਨ ਜੋ ਕਿ ਜਾਨਵਰਾਂ ਅਤੇ ਪੰਛੀਆਂ ਲਈ ਘੱਟ ਹਨ। ਰਾਜ ਦੀ ਸਾਢੇ ਤਿੰਨ ਪ੍ਰਤੀਸ਼ਤ ਧਰਤੀ ਜੰਗਲੀ ਖੇਤਰ 'ਚ ਆਉਂਦੀ ਹੈ, ਜੋ ਕਿ ਪ੍ਰਦੂਸ਼ਨ ਬੋਰਡ ਦੀਆਂ ਹਦਾਇਤਾਂ ਅਨੁਸਾਰ ਥੋੜੀ ਹੈ।ਕਰੋਨਾ ਕੋਵਿਡ-19 ਕਾਰਨ ਦੇਸ਼ ਅੰਦਰ ਲੰਬਾ ਸਮਾਂ ਲਾਕਡਾਊਨ ਰਹਿਣ ਕਰਕੇ ਪ੍ਰਦੂਸ਼ਨ ਘੱਟਣ ਕਾਰਨ ਕੁਦਰਤੀ ਵਾਤਾਵਰਣ ਪੈਦਾ ਹੋਣਾ ਸ਼ੁਰੂ ਹੋ ਗਿਆ ਸੀ। ਰੁੱਖਾਂ ਦੀ ਘੱਟ ਰਹੀ ਗਿਣਤੀ ਮਨੁੱਖੀ ਜੀਵਨ ਲਈ ਘਾਤਕ ਸਿੱਧ ਹੋ ਰਹੀ ਹੈ।ਕੁਦਰਤੀ ਬਨਸਪਤੀ ਦੀ ਮਨੁੱਖ ਦੇ ਜੀਵਨ ਵਿੱਚ ਬਹੁਤ ਮਹੱਤਤਾ ਹੈ।ਵਾਤਾਵਰਣ ਦਾ ਸੰਤੁਲਨ ਰੱਖਣ ਵਿੱਚ ਇਸ ਦੀ ਅਹਿਮ ਭੂਮਿਕਾ ਹੈ।ਜੰਗਲੀ ਜੀਵਾਂ ਦੇ ਨਾਲ ਇਸ ਦਾ ਡੂੰਘਾ ਰਿਸ਼ਤਾ ਹੈ।ਪੰਜਾਬ ਅੰਦਰ ਬਹੁਤ ਥਾਵਾਂ ਤੇ ਬੀੜਾਂ ਨੂੰ ਇਸੇ ਕਰਕੇ ਸੁਰੱਖਿਅਤ ਰੱਖਿਆ ਗਿਆ ਹੈ ਕਿ ਇਨ੍ਹਾਂ ਜੰਗਲੀ ਜੀਵਾਂ ਦੀ ਸਹੀ ਤਰੀਕੇ ਨਾਲ ਸਾਂਭ ਸੰਭਾਲ ਹੋ ਸਕੇ।ਇਤਿਹਾਸਕ ਸ਼ਹਿਰ ਨਾਭਾ ਦਾ ਨਾਂ ਇਥੋਂ ਦੇ ਰਿਆਸਤੀ ਰਾਜਿਆਂ ਦੀਆਂ ਅਭੁੱਲ ਯਾਦਾਂ ਕਾਰਨ ਬੜੇ ਮਾਣ ਨਾਲ ਲਿਆ ਜਾਂਦਾ ਹੈ ਇਤਿਹਾਸਕ ਸ਼ਹਿਰ ਨਾਭਾ ਦੇ ਪੂਰਬ ਵੱਲ ਰਾਜਿਆਂ ਵੇਲੇ ਦਾ 'ਬੀੜ ਦੁਸਾਂਝ' ਹੈ ।ਇਸ ਵਿੱਚ ਰੋਜ,ਨੀਲ ਗਊ,ਗਿੱਦੜ,ਬਾਂਦਰ ਅਤੇ ਹੋਰ ਜੰਗਲੀ ਜਾਨਵਰ ਰਹਿੰਦੇ ਹਨ।ਅਵਾਰਾ ਤਿੱਖੇ ਤਿੱਖੇ ਸਿੰਗਾਂ ਵਾਲੀਆਂ ਗਊਆਂ,ਸਾਨ੍ਹ ,ਕੁੱਤੇ ਆਦਿ ਵੀ ਜੰਗਲੀ ਬਣ ਚੁੱਕੇ ਹਨ।ਜੌੜੇਪੁਲਾਂ , ਘਣੀਵਾਲ , ਭੋੜੇ ਆਦਿ ਪਿੰਡਾਂ ਨੂੰ ਮਿਲਾਉਂਦੀ ਇਹ ਚੌੜੀ ਸੜਕ ਇਸ ਬੀੜ ਵਿੱਚੋਂ ਲੰਘਦੀ ਹੈ।ਇਸੇ ਰੋਡ ਤੇ ਨਾਭੇ ਦੇ ਰਾਜੇ ਵਲੋਂ ਬੀੜ'ਚ ਸ਼ਿਕਾਰ ਕਰਨ ਸਮੇਂ ਠਹਿਰ ਲਈ ਬਣਾਈ ਸ਼ਾਨਦਾਰ ਕਲਾਤਮਿਕ ਲਾਲ ਕੋਠੀ 'ਚ ਅੱਜਕੱਲ੍ਹ ਫਿਲਮਾਂ ਅਤੇ ਪ੍ਰੀ-ਵੈਡਿੰਗ ਦੀ ਸੂਟਿੰਗ ਹੁੰਦੀ ਰਹਿੰਦੀ ਹੈ।ਗੈਸ ਪਲਾਂਟ ਨਾਭਾ ਵਿਖੇ ਹੋਣ ਕਾਰਨ ਇਥੋਂ ਰੋਜ਼ਾਨਾ ਅਨੇਕਾਂ ਸਿਲੰਡਰਾਂ ਨਾਲ ਭਰੇ ਟਰੱਕ ਇਸ ਸੜਕ ਤੋਂ ਲੰਘਦੇ ਹਨ। ਇਸ ਕਰਕੇ ਆਵਾਜਾਈ ਹੋਰ ਵੀ ਵੱਧ ਗਈ ਹੈ।ਸੈਂਕੜੇ ਲੋਕ ਸਵੇਰੇ ਸ਼ਾਮ ਸਰਕਾਰੀ ਮੱਝ ਫਾਰਮ ਜੋ ਇਸੇ ਸੜਕ ਤੇ ਸਥਿਤ ਹੈ ਤੋਂ ਦੁੱਧ ਲੈਣ ਜਾਂਦੇ ਹਨ ਜਿਨ੍ਹਾਂ ਨੂੰ ਡੰਗਰਾਂ ਅਤੇ ਬਾਂਦਰਾਂ ਦੇ ਝੁੰਡਾਂ'ਚੋਂ ਲੰਘਣਾ ਮੁਸ਼ਕਲ ਹੁੰਦਾ ਹੈ ।ਇਸ ਸੜਕ ਤੋਂ ਲੰਘਣ ਵਾਲਿਆਂ ਦੇ ਇਨ੍ਹਾਂ ਅਵਾਰਾ ਡੰਗਰਾਂ,ਬਾਂਦਰਾਂ ਆਦਿ ਨਾਲ ਅਨੇਕਾਂ ਵਾਰੀ ਐਕਸੀਡੈਂਟ ਹੋ ਚੁੱਕੇ ਹਨ ।ਕਈ ਜਾਨਾਂ ਵੀ ਜਾ ਚੁੱਕੀਆਂ ਹਨ।ਸਕੂਲਾਂ,ਕਾਲਜਾਂ ਵਿੱਚ ਪੜ੍ਹਦੇ ਬੱਚੇ ਮਜਬੂਰੀਵਸ਼ ਰੋਜ਼ਾਨਾ ਇਥੋਂ ਦੀ ਡਰ ਡਰ ਕੇ ਲੰਘਦੇ ਹਨ।ਸਕੂਲ , ਕਾਲਜ / ਟਿਊਸ਼ਨ ਅਤੇ ਡਿਊਟੀ ਤੇ ਜਾਣ ਵਾਲੀਆਂ ਇੱਕਲੀਆਂ ਲੜਕੀਆਂ ਲਈ ਇਥੋਂ ਦੀ ਲੰਘਣਾ ਹੋਰ ਵੀ ਮੁਸ਼ਕਲ ਹੈ।ਮਾਪਿਆਂ ਦੇ ਆਪਣੇ ਬੱਚਿਆਂ ਦੇ ਸਹੀ ਸਲਾਮਤ ਘਰ ਆਉਣ ਤੱਕ ਸਾਹ ਸੂਤੇ ਰਹਿੰਦੇ ਹਨ।ਭੂਸਰੇ ਸਾਨ੍ਹ ਅਤੇ ਭੁੱਖੇ ਬਾਂਦਰ ਕਈ ਵਾਰ ਲੰਘ ਰਹੇ ਰਾਹੀਆਂ ਤੇ ਹਮਲਾ ਕਰਕੇ ਜਖ਼ਮੀ ਕਰ ਦਿੰਦੇ ਹਨ।ਦਾਨੀ ਸਜਣ ਬਾਂਦਰਾਂ ਨੂੰ ਖਾਣ ਲਈ ਵਸਤਾਂ ਅਤੇ ਡੰਗਰਾਂ ਲਈ ਚਾਰਾ ਅਕਸਰ ਹੀ ਸੜਕ ਦੇ ਕਿਨਾਰਿਆਂ ਤੇ ਸੁੱਟ ਜਾਂਦੇ ਹਨ ਜਿਸ ਨਾਲ ਕਈ ਵਾਰੀ ਲੰਘ ਰਹੇ ਰਾਹੀਆਂ ਦੇ ਐਕਸੀਡੈਂਟ ਹੋ ਜਾਂਦੇ ਹਨ ਕਿਉਂਕਿ ਦੂਸਰੀ ਸਾਈਡ ਤੋਂ ਭੁੱਖੇ ਬਾਂਦਰ ਅਤੇ ਡੰਗਰ ਦੌੜ ਕੇ ਖਾਣ ਲਈ ਆਉਂਦੇ ਹਨ।ਆਮ ਲੋਕ ਅਤੇ ਕਈ ਸੰਸਥਾਵਾਂ ਵਾਲੇ ਸ਼ਾਇਦ ਦਾਨ ਪੁੰਨ ਦੀ ਭਾਵਨਾ ਨਾਲ ਖਾਣ ਵਾਲੀਆਂ ਵਸਤਾਂ ਪਾ ਕੇ ਜਾਂਦੇ ਹਨ ਪਰ ਉਹ ਇਹ ਨਹੀਂ ਸੋਚਦੇ ਕਿ ਇਸ ਤਰ੍ਹਾਂ ਸੜਕ ਤੇ ਗੰਦ ਅਤੇ ਆਵਾਜਾਈ 'ਚ ਵਿਘਣ ਵੀ ਪੈਂਦਾ ਹੈ ।ਜਿਥੇ ਸਰਕਾਰ ਨੇ ਬੀੜ ਦੇ ਦੁਆਲੇ ਖੇਤਾਂ ਦੇ ਉਜਾੜੇ ਨੂੰ ਰੋਕਣ ਲਈ ਜਾਲੀਦਾਰ ਵਾੜ ਲਗਾਈ ਹੈ ਉਥੇ ਬੀੜ ਦੇ ਏਰੀਏ ਵਿੱਚ ਹੁਣ ਸੜਕ ਦੇ ਦੋਨਾਂ ਪਾਸੇ ਵੀ ਉੱਚੀ ਜਾਲੀਦਾਰ ਵਾੜ ਲਗਾਈ ਜਾ ਰਹੀ ਹੈ ਤਾਂ ਜੋ ਇਹ ਜੰਗਲੀ ਜਾਨਵਰ / ਡੰਗਰ ਸੜਕ ਤੇ ਆ ਕੇ ਰਾਹਗੀਰਾਂ ਲਈ ਪ੍ਰੇਸ਼ਾਨੀ ਪੈਦਾ ਨਾ ਕਰਨ।ਬੀੜ ਦੇ ਨਾਲ ਲਗਦੇ ਚੋਧਰੀ ਮਾਜਰਾ ਪਿੰਡ ਦੇ ਖੇਤਾਂ ਵਾਲੇ ਕਿਸਾਨ ਰਲ ਕੇ 24 ਘੰਟੇ ਡੰਗਰਾਂ ਦੀ ਰਾਖੀ ਤੋਂ ਅੱਤ ਦੀ ਗਰਮੀ ਅਤੇ ਸਰਦੀ ਦੇ ਬਾਵਜੂਦ ਪਹਿਰਾ ਦਿੰਦੇ ਹਨ ਤਾਂ ਜਾ ਕੇ ਫਸਲਾਂ ਬਚਦੀਆ ਹਨ।ਭਾਵੇਂ ਸਰਕਾਰ ਨੇ ਪੰਜਾਬ ਗਊ ਸੇਵਾ ਕਮਿਸ਼ਨ ਐਕਟ,2014 ਅਧੀਨ 'ਪੰਜਾਬ ਗਊ ਸੇਵਾ ਕਮਿਸ਼ਨ' ਦੀ ਸਥਾਪਨਾ ਕੀਤੀ ਗਈ ਹੈ ਜਿਸ ਵਿੱਚ ਗਊ,ਸਾਨ੍ਹ, ਬਲਦ,ਵੱਛੇ-ਵੱਛੜੀਆਂ ਦੀ ਸੁਰੱਖਿਆ ਅਤੇ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਸ਼ੌਂਪੀ ਗਈ ਹੈ।ਇਸ ਲਈ ਫੰਡ ਲਈ ਬਜਟ ਦੀ ਵਿਵਸਥਾ ਕੀਤੀ ਗਈ ਹੈ ਜਿਸ ਨਾਲ ਗਊ-ਪਰਿਵਾਰ ਦੀ ਸੰਭਾਲ ਕਰਨੀ ਹੈ ਅਤੇ ਮੱਨੁਖੀ ਅੱਤਿਆਚਾਰ ਤੋਂ ਬਚਾਉਣਾ ਹੈ।ਵਧੇਰੇ ਫੰਡ ਲਈ ਸਥਾਨਕ ਸਰਕਾਰਾਂ ਵਲੋਂ ਗਊ ਸੈੱਸ ਵੀ ਲਾ ਰੱਖਿਆ ਹੈ।ਪਰ ਗਊਧਨ ਦੀ ਸੰਭਾਲ ਲਈ ਕੋਈ ਠੋਸ ਨੀਤੀ ਸਾਹਮਣੇ ਨਹੀਂ ਆਈ ।ਬਾਜ਼ਾਰਾਂ ਵਿੱਚ ਆਮ ਆਵਾਰਾ ਡੰਗਰ ਘੁੰਮ ਰਹੇ ਹਨ ਜੋ ਲੋਕਾਂ ਦਾ ਜਾਨ ਅਤੇ ਮਾਲ ਦਾ ਨੁਕਸਾਨ ਅਕਸਰ ਕਰਦੇ ਰਹਿੰਦੇ ਹਨ।ਸ਼ੋਸ਼ਲ ਮੀਡੀਆ ਤੇ ਲੜਦੇ ਭਿੜਦੇ ਡੰਗਰਾਂ ਨਾਲ ਰਾਹਗੀਰਾਂ ਦੇ ਹੋਏ ਐਕਸ਼ੀਡੈਂਟਾਂ ਦੀਆਂ ਵੀਡੀਉਜ਼ ਅਕਸਰ ਦੇਖਣ ਨੂੰ ਮਿਲਦੀਆਂ ਹਨ।ਹਿੰਦੂ ਸੰਗਠਨ ਵੀ ਅਵਾਰਾ ਗਊਆਂ ਦੇ ਇਸ ਮਸਲੇ ਪ੍ਰਤੀ ਗੰਭੀਰ ਨਹੀਂ , ਉਨ੍ਹਾਂ ਨੂੰ ਵੀ ਸਰਕਾਰ ਨਾਲ ਤਾਲ ਮੇਲ ਕਰਕੇ ਇਸ ਸਮੱਸਿਆ ਦਾ ਹੱਲ਼ ਕਢਵਾਉਣਾ ਚਾਹੀਦਾ ਹੈ।ਪਿਛਲੇ ਸਮੇਂ ਪਟਿਆਲਾ ਜਿਲ੍ਹੇ ਦੇ ਮਾਣਯੋਗ ਡਿਪਟੀ ਕਮਿਸਨਰ ਨੇ ਉੱਚ ਅਧਿਕਾਰੀਆਂ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਪ੍ਰਤੀਨਿਧਾਂ ਨਾਲ ਮੀਟਿੰਗ ਕਰਕੇ ਜਿਲ੍ਹੇ ਅੰਦਰ ਅਵਾਰਾ ਡੰਗਰਾਂ ਨੂੰ ਸੜਕਾਂ ਉੱਪਰ ਦਿੱਖਣ ਨਾ ਦੇਣ ਦੀ ਗੱਲ ਕਹੀ ਸੀ , ਇਹ ਵਾਅਦਾ ਕਿਵੇਂ ਅਤੇ ਕਦੋਂ ਪੂਰਾ ਹੋਵੇਗਾ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਉਂਝ ਇਹ ਫੈਸ਼ਲਾ ਸਲਾਹੁਣਯੋਗ ਹੈ।

ਲੋਕਾਂ ਅਤੇ ਇਨ੍ਹਾਂ ਆਵਾਰਾ ਜਾਨਵਰਾਂ ਦੀ ਸੁਰੱਖਿਆ ਯਕੀਨੀ ਬਨਾਉਣਾ ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਹੈ।ਜੇ ਨਵੀਂ ਸਰਕਾਰ ਇਹ ਕਰ ਵਿਖਾਉਂਦੀ ਹੈ ਤਾਂ ਇਹ ਪੰਜਾਬ ਵਾਸੀਆਂ ਲਈ ਬਹੁਤ ਵੱਡੀ ਰਾਹਤ ਹੋਵੇਗੀ। ਇਨ੍ਹਾਂ ਜੰਗਲੀ ਥਾਵਾਂ ਦੀ ਉੱਚਿਤ ਵਰਤੋਂ ਕਰਕੇ ਦੋਵੇਂ ਮਸਲੇ ਹੱਲ ਕੀਤੇ ਜਾ ਸਕਦੇ ਹਨ।ਇਲਾਕੇ ਦੇ ਬੱਚਿਆਂ ਦੇ ਮਨਪ੍ਰਚਾਵੇ ਲਈ ਇਨ੍ਹਾਂ ਥਾਵਾਂ ਤੇ ਛੋਟਾ ਜਿਹਾ 'ਚਿੜੀਆ ਘਰ' ਬਣਾ ਕੇ ਉਨ੍ਹਾਂ ਦੇ ਵਹਿਲੇ ਸਮੇਂ ਨੂੰ ਉਸਾਰੂ ਪਾਸੇ ਲਾਉਣ ਲਈ ਸਮਾਜ ਵਿੱਚ ਪਨਪ ਰਹੀਆਂ ਬੁਰਾਈਆਂ ਤੋਂ ਬੱਚਿਆਂ ਨੂੰ ਦੂਰ ਰੱਖਿਆ ਜਾ ਸਕਦਾ ਹੈ ।ਚੋਧਰੀ ਮਾਜਰਾ ਪੂਲੀ ਤੋਂ ਲੈ ਕੇ ਬੀੜ ਤੱਕ ਸੜਕ ਦੇ ਨਾਲ ਜਾਂਦੇ ਰਜਬਾਹੇ ਨੂੰ ਪੱਕਾ ਕਰਵਾ ਦਿੱਤਾ ਜਾਵੇ ਅਤੇ ਇਸ ਦੀ ਪਟੜੀ ਸੈਰ ਕਰਨ ਵਾਲਿਆਂ ਲਈ ਪੱਕੀ ਕਰਵਾ ਕੇ ਆਲੇ ਦੁਆਲੇ ਰੰਗ ਦਾਰ ਬੂਟੇ ਲਗਵਾ ਦਿੱਤੇ ਜਾਣ ਜਿਸ ਨਾਲ ਇਸ ਇਤਿਹਾਸਕ ਸ਼ਹਿਰ ਦੀ ਸ਼ਾਨ ਵੀ ਵੱਧੇਗੀ ਅਤੇ ਇਸ ਤਰ੍ਹਾਂ ਲੋਕਾਂ ਲਈ ਸਿਰਦਰਦੀ ਬਣਿਆ ਇਹ ਏਰੀਆ ਲੋਕਾਂ ਲਈ ਰਮਣੀਕ ਸ਼ੈਰਗਾਹ ਬਣ ਸਕਦੀ ਹੈ।ਆਸ ਹੈ ਕਿ ਇਹ ਕੰਮ ਨਾਭਾ ਹਲਕੇ ਦੇ ਸੂਝਵਾਨ ਹਲਕਾ ਵਿਧਾਇਕ ਕਰਵਾ ਸਕਦੇ ਹਨ , ਉਹ ਇਸ ਨੇਕ ਕੰਮ ਨੂੰ ਕਰਵਾ ਕੇ ਹਮੇਸ਼ਾਂ ਲਈ ਹਲਕੇ ਦੇ ਲੋਕਾਂ ਤੋਂ ਵਾਹ ਵਾਹ ਖੱਟ ਸਕਦੇ ਹਨ। ਮਹਿਕਮੇ ਵਲੋਂ ਸੜਕ ਦੇ ਆਲੇ ਦੁਆਲੇ ਸੁੱਕੇ ਅਤੇ ਨਿਕੰਮੇ ਦਰਖੱਤਾਂ ਦੀ ਪੁਟਾਈ / ਕਟਾਈ ਕਰਵਾ ਕੇ ਇਸ ਥਾਂ ਨਵੇਂ ਫਲਦਾਰ ਅਤੇ ਛਾਂਦਾਰ ਕੀਮਤੀ ਲਕੜੀ ਵਾਲੇ ਪੌਦੇ / ਬੂਟੇ ਲਾਏ ਜਾਣ ਜੋ ਕਿ ਜੰਗਲੀ ਜਾਨਵਰਾਂ ਲਈ ਜੀਵਤ ਰਹਿਣ ਲਈ ਵੀ ਸਹਾਈ ਹੋਣਗੇ।ਇਸ ਤਰ੍ਹਾਂ ਇਨ੍ਹਾਂ ਜਾਨਵਰਾਂ ਦੀ ਸਹੀ ਸੰਭਾਲ ਵੀ ਕੀਤੀ ਜਾ ਸਕਦੀ ਹੈ ਅਤੇ ਵਾਤਾਵਰਣ ਵੀ ਸਵੱਛ ਹੋਵੇਗਾ ਜਿਸ ਨਾਲ ਮਨੁੱਖੀ ਜ਼ਿੰਦਗੀ ਵੀ ਸਿਹਤਮੰਦ ਹੋਵੇਗੀ।

ਮੇਜਰ ਸਿੰਘ ਨਾਭਾ
ਮੋ:9463553962

# ਜਿੱਥੇ ਸਿਰ.ਫ ਇੱਕ ਅ.ਖ਼ਬਾਰ ਆਉਂਦਾ ਹੈ

ਫ਼ੌਜ ਵਿਚੋਂ ਕਦੇ ਛੇ ਮਹੀਨੇ ਮ.ਗਰੋਂ ਘਰ ਜਾਣ ਦਾ ਸਬੱਬ ਬਣਦਾ ਹੈ ਅਤੇ ਪੰਜ ਮਹੀਨੇ ਮ.ਗਰੋਂ। ਪਰ ! ਹਰ ਵਾਰ ਕੁਝ 'ਨਵਾਂ' ਦੇਖਣ ਨੂੰ ਮਿਲਦਾ ਹੈ। ਖ਼ਾਲੀ ਪਲਾਟਾਂ ਵਿਚ ਹਰ ਵਾਰ ਕੋਈ ਨਾ ਕੋਈ ਨਵਾਂ ਮਕਾਨ ਬਣਿਆ ਹੁੰਦਾ ਹੈ। ਪਿੰਡ ਸਹਿਜੇ- ਸਹਿਜੇ ਸ਼ਹਿਰ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ। ਗਲੀ ਛੋਟੀ ਹੁੰਦੀ ਜਾ ਰਹੀ ਹੈ, ਦੁਕਾਨਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ ਅਤੇ ਆਵਾ-ਜਾਈ ਵੱਧਦੀ ਜਾਪਦੀ ਹੈ। ਇਹ ਵਰਤਾਰਾ ਹਰ ਵਾਰ ਇੱਕੋ ਜਿਹਾ ਹੀ ਹੁੰਦਾ ਹੈ। ਮੇਰਾ ਪਿੰਡ ਬਦਲਦਾ ਜਾ ਰਿਹਾ ਹੈ।
ਫ਼ੌਜੀਆਂ ਨੂੰ ਸਵੇਰੇ (ਸਾਜਰੇ) ਉੱਠਣ ਦੀ ਆਦਤ ਹੁੰਦੀ ਹੈ। ਮੈਂ ਵੀ ਛੇਤੀ ਉੱਠ ਕੇ ਬਾਹਰ ਨਿਕਲਦਾ ਹਾਂ। ਬਾਹਰ ਗਲੀ ਵਿਚ ਸਿਰ.ਫ ਬਜ਼ੁਰਗ ਹੀ ਘੁੰਮਦੇ ਨਜ਼ਰ ਆਉਂਦੇ ਹਨ। ਨੌਜਵਾਨ ਤਾਂ ਬਹੁਤ ਘੱਟ ਦਿੱਖਦੇ ਹਨ। ਸ਼ਾਇਦ ! ਸਾਡਾ ਰਹਿਣ-ਸਹਿਣ, ਖ਼ਾਣ- ਪੀਣ ਬਦਲਦਾ ਜਾ ਰਿਹਾ ਹੈ। ਰਾਤੀਂ ਦੇਰ ਤੱਕ ਜਾਗਣਾ ਅਤੇ ਸਵੇਰੇ ਦੇਰ ਤੱਕ ਸੌਣਾ; ਸਾਡੀ ਆਦਤ ਵਿਚ ਸ਼ਾਮਿਲ ਹੋ ਗਿਆ ਹੈ। ਖ਼ੈਰ !
ਸੈਰ ਕਰਦਿਆਂ; ਹਾਕਰ (ਅਖ਼ਬਾਰ ਵੰਡਣ ਵਾਲਾ) ਮੁੰਡਾ ਟੱਕਰ ਜਾਂਦਾ ਹੈ।
'ਫ਼ੌਜੀ ਸਾਬ੍ਹ, ਜੈ ਹਿੰਦ।' ਆਖ ਉਹ ਮੇਰੇ ਕੋਲ ਆਪਣਾ ਸਾਇਕਲ ਰੋਕ ਲੈਂਦਾ ਹੈ।
'ਜੈ ਹਿੰਦ ਬਾਈ। ਕੰਮ ਕਿੱਦਾਂ ਚੱਲ ਰਿਹਾ ?' ਮੈਂ ਪੁੱਛਿਆ।
ਅਖੇ; 'ਥੋੜ੍ਹਾ ਮੱਠਾ ਪੈ ਗਿਆ ਹੁਣ।'
'ਅੱਛਾ !' 'ਹਾਂ ਜੀ।' ਆਖ ਉਹ ਪੁੱਛਦਾ ਹੈ, 'ਕਿੰਨੀ ਛੁੱਟੀ ਆਏ ?'
'ਇੱਕ ਮਹੀਨਾ।'
'ਠੀਕ ਹੈ ਜੀ।' ਆਖ ਉਹ ਜਾਣ ਲੱਗਾ ਤਾਂ ਮੈਂ ਪੁੱਛਿਆ, 'ਇੱਕ ਮਹੀਨੇ ਲਈ ਅਖ਼ਬਾਰ ਦੇ ਸਕਣੈਂ ?'
'ਹਾਂ ਜੀ, ਕਿਉਂ ਨਹੀਂ ?'
'ਫੇਰ ਇੱਕ 'ਪੰਜਾਬੀ ਅਖ਼ਬਾਰ' ਦੇ ਜਾਇਆ ਕਰ।'
'ਪੰਜਾਬੀ ?' ਉਹ ਹੈਰਾਨ ਹੋ ਕੇ ਬੋਲਿਆ।
'ਕਿਉਂ ਪੰਜਾਬੀ ਅਖ਼ਬਾਰ ਨਹੀਂ ਆਉਂਦੀ ?'
'ਆਉਂਦੀ ਹੈ ਜੀ[[[ ਪਰ ! ਸਿਰ.ਫ 'ਇੱਕ'
'ਸਿਰ.ਫ ਇੱਕ ?' ਮੈਨੂੰ ਹੈਰਾਨੀ ਹੋਈ ਕਿ ਇੰਨੇ ਵੱਡੇ 'ਪਿੰਡ' ਵਿਚ ਸਿਰ.ਫ ਇੱਕ ਹੀ ਪੰਜਾਬੀ ਅਖ਼ਬਾਰ ਆਉਂਦੀ ਹੈ।
ਉਹ ਕਹਿੰਦਾ, 'ਫ਼ੌਜੀ ਸਾਬ੍ਹ, ਪੰਜਾਬੀ ਹੀ ਪੰਜਾਬੀ ਨਹੀਂ ਪੜ੍ਹਦੇ। ਫੇਰ ਗ਼ੈਰ ਪੰਜਾਬੀਆਂ ਨੇ ਕਿੱਥੇ ਪੜ੍ਹਣੀ ਹੈ ?'
ਮੈਂ ਕਿਹਾ, 'ਕਿੰਨੀ ਵੋਟ ਹੋਊ ਆਪਣੇ ?'
ਅਖੇ, 'ਗਿਆਰਾਂ ਹਜ਼ਾਰ ਦੇ ਨੇੜੇ ਹੈ।'
ਅ.ਫ਼ਸੋਸ ! ਗਿਆਰਾਂ ਹਜ਼ਾਰ ਵਿਚੋਂ ਇੱਕ ਬੰਦਾ ਹੀ 'ਪੰਜਾਬੀ' ਪੜ੍ਹਦਾ ਹੈ। ਹਾਲਾਂਕਿ ਅੱਧੇ ਤੋਂ ਵੱਧ ਪਿੰਡ ਪੰਜਾਬੀਆਂ ਦਾ ਹੈ। ਖ਼ੈਰ !
'ਚੱਲ ਮੈਨੂੰ ਤਾਂ ਦੇ ਜਾਇਆ ਕਰ। ਬਾਕੀ ਰੱਬ ਭਲੀ ਕਰੂ।' ਮੈਂ ਉਦਾਸ ਮਨ ਨਾਲ ਕਿਹਾ।
'ਚੰਗਾ ਜੀ' ਆਖ ਉਹ ਅੱਗੇ ਲੰਘ ਗਿਆ। ਪਰ ! ਮੈਨੂੰ ਮਹਿਸੂਸ ਹੋਇਆ ਕਿ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਕਿਹੜੇ ਗਰਤ ਵਿਚ ਧੱਕ ਰਹੇ ਹਾਂ ? ਨਾ ਸਾਡਾ ਖ਼ਾਣਾ ਠੀਕ ਰਿਹਾ; ਨਾ ਸੌਣਾ ਅਤੇ ਨਾ ਹੀ ਪੜ੍ਹਣਾ।
'ਪੰਜਾਬੀ ਅਖ਼ਬਾਰਾਂ/ ਰਸਾਲਿਆਂ ਨੂੰ ਪੰਜਾਬੀ ਲੋਕ ਹੀ ਪੜ੍ਹਣਾ ਭੁੱਲਦੇ ਜਾ ਰਹੇ ਹਨ। ਪਤਾ ਨਹੀਂ ਕਿਉਂ ?'
ਇਹ ਸੋਚਦਿਆਂ ਮੈਂ ਆਪਣੇ ਘਰ ਵੱਲ ਨੂੰ ਮੁੜ ਪਿਆ।

ਡਾ: ਨਿਸ਼ਾਨ ਸਿੰਘ ਰਾਠੌਰ
ਸੰਪਰਕ:- 90414-98009

# ਬਾਲ ਕਹਾਣੀ - ਚਿੜੀ ਅਤੇ ਪਰੀ



ਇੱਕ ਵਾਰ ਦੀ ਗੱਲ ਹੈ। ਇੱਕ ਜੰਗਲ ਵਿੱਚ ਇੱਕ ਸ਼ਰੀਫ ਚਿੜੀ ਰਹਿੰਦੀ ਸੀ। ਉਹ ਬਹੁਤ ਗਰੀਬ ਸੀ। ਇੱਕ ਦਿਨ ਇੱਕ ਲਾਲਚੀ ਕਾਂ ਉੱਥੇ ਆ ਗਿਆ। ਉਸ ਦਿਨ ਬਹੁਤ ਬਾਰਿਸ਼ ਲੱਗੀ ਹੋਈ ਸੀ। ਕਾਂ ਨੇ ਆਪਣਾ ਘਰ ਛੇਤੀ - ਛੇਤੀ ਬਣਾ ਲਿਆ। ਚਿੜੀ ਦਾ ਘਰ ਕੱਚਾ ਸੀ। ਉਹ ਟੁੱਟ ਗਿਆ। ਚਿੜੀ ਨੇ ਕਾਂ ਨੂੰ ਕਿਹਾ ਕਿ ਤੂੰ ਮੈਨੂੰ ਆਪਣੇ ਘਰ ਵਿੱਚ ਰੱਖ ਲੈ , ਮੈਂ ਬਾਰਿਸ਼ ਵਿੱਚ ਭਿੱਜ ਰਹੀ ਹਾਂ। ਕਾਂ ਨੇ ਕਿਹਾ ਕਿ ਤੂੰ ਬਾਰਿਸ਼ ਨਾਲ ਭਿੱਜ ਗਈ ਹੈ। ਮੈਂ ਤੈਨੂੰ ਅੰਦਰ ਨਹੀਂ ਆਉਣ ਦੇ ਸਕਦਾ। ਤੇਰੇ ਆਉਣ ਨਾਲ ਮੇਰਾ ਘਰ ਗਿੱਲਾ ਹੋ ਜਾਣਾ ਹੈ। ਫਿਰ ਉੱਧਰੋਂ ਇੱਕ ਪਰੀ ਆਈ। ਉਸਨੇ ਚਿੜੀ ਨੂੰ ਨਿਰਾਸ਼ ਦੇਖਿਆ। ਉਹ ਚਿੜੀ ਦੇ ਕੋਲ ਗਈ ਅਤੇ ਉਸਨੂੰ ਉਸ ਕੋਲੋਂ ਸਾਰੀ ਗੱਲ ਪੁੱਛੀ। ਚਿੜੀ ਨੇ ਸਾਰੀਆਂ ਗੱਲਾਂ ਉਸ ਪਰੀ ਨੂੰ ਦੱਸ ਦਿੱਤੀਆਂ। ਪਰੀ ਨੇ ਆਪਣੀ ਛੜੀ ਘੁਮਾਈ ਅਤੇ ਉਸ ਵਿੱਚੋਂ ਇੱਕ ਸੋਹਣਾ ਘਰ ਨਿਕਲਿਆ। ਚਿੜੀ ਹੈਰਾਨ ਹੋ ਗਈ ਅਤੇ ਖੁਸ਼ ਹੋ ਗਈ।

**ਰੁਪਿੰਦਰ ਸਿੰਘ,**
**ਸ੍ਰੀ ਅਨੰਦਪੁਰ ਸਾਹਿਬ**

# ਬਾਲ ਕਹਾਣੀ - ਦੋ ਸਹੇਲੀਆਂ



ਇੱਕ ਵਾਰ ਦੀ ਗੱਲ ਹੈ। ਇੱਕ ਪਿੰਡ ਵਿੱਚ ਦੋ ਸਹੇਲੀਆਂ ਰਹਿੰਦੀਆਂ ਸਨ। ਇੱਕ ਦਾ ਨਾਂ ਸਰਬਜੀਤ ਸੀ। ਦੂਜੀ ਦਾ ਨਾਂ ਮਨਸੀਰਤ ਕੌਰ ਸੀ। ਉਹ ਦੋਵੇਂ ਸਹੇਲੀਆਂ ਬਹੁਤ ਚੰਗੀਆਂ ਸਨ। ਉਹ ਕਦੇ ਲੜਦੀਆਂ ਵੀ ਨਹੀਂ ਸੀ। ਉਹ ਦੋਵੇਂ ਬਹੁਤ ਹੁਸ਼ਿਆਰ ਸੀ। ਇੱਕ ਸਹੇਲੀ ਸਰਬਜੀਤ ਨੂੰ ਚੋਰੀ ਕਰਨ ਦੀ ਆਦਤ ਸੀ। ਇੱਕ ਦਿਨ ਉਸ ਨੇ ਚੋਰੀ ਕੀਤੀ। ਉਸ ਨੂੰ ਪੁਲਿਸ ਨੇ ਫੜ ਲਿਆ। ਹੁਣ ਉਹ ਬਹੁਤ ਪਛਤਾ ਰਹੀ ਸੀ।
**ਸਿੱਖਿਆ** - ਇਸ ਕਹਾਣੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਕਦੇ ਚੋਰੀ ਨਹੀਂ ਕਰਨੀ ਚਾਹੀਦੀ ਅਤੇ ਚੰਗੇ ਕੰਮ ਕਰਨੇ ਚਾਹੀਦੇ ਹਨ।

**ਸੁਮਨਪ੍ਰੀਤ ਕੌਰ, ਜਮਾਤ ਪੰਜਵੀਂ ਸ਼੍ਰੀ ਅਨੰਦਪੁਰ ਸਾਹਿਬ ,**
**ਜਿਲ੍ਹਾ ਰੂਪਨਗਰ**

# ਪ੍ਰੀਤ ਫੁਲਵਾੜੀ

## ਅਨੋਖਾ ਪਿਆਰ

ਐਵੇਂ ਵੇਖਿਆ ਖ਼ਾਬ ਇਸ਼ਕੇ ਦਾ
ਚੇਹਰਾ ਸ਼ੀਸ਼ਾ ਸੀ ਪਰ ਧੋਖਾ ਸੀ
ਚੂੜਾ ਰੁੱਸ ਬੈਠਾ, ਵੰਗਾਂ ਟੁੱਟੀਆਂ
ਤੇਰਾ ਮੇਰਾ ਪਿਆਰ ਅਨੋਖਾ ਸੀ
ਮਹਿੰਦੀ ਹੱਥਾਂ ਉੱਤੇ ਫਿੱਕੀ ਹੋਈ
ਧਾਰੀ ਸੁਰਮੇ ਦੀ ਡਾਹਡੀ ਰੋਈ
ਰੰਗ ਸ਼ਰਬਤੀ ਠਾਠਾਂ ਵਾਲਾ ਸੀ
ਜਦ ਚੱਖਿਆ ਚੰਦਰਾ ਫੋਕਾ ਸੀ
ਫਣ ਜ਼ੁਲਫਾਂ ਦੇ ਸ਼ੂਕਾਂ ਸ਼ੂਕ ਗਏ
ਚਾਅ ਦਿਲ ਦੇ ਸਾਰੇ ਫੂਕ ਗਏ
ਸੀ ਮਣੀ ਫਨੀਅਰ ਸਿਰ ਵਾਲੀ
ਮੈਨੂੰ ਰੇਹਾ ਭੁਲੇਖਾ ਕਿ ਕੋਕਾ ਸੀ
ਬੁੱਲ ਤੇਰੇ ਨਸ਼ੀਲੇ ਤੇ ਜ਼ਹਿਰੀਲੇ
ਲੱਭੇ ਚੰਦਨ ਸਾਹਵਾਂ ਦੇ ਵਸੀਲੇ
ਜੋ ਮਹਿਲ ਸਾਜਿਆ ਸਧਰਾਂ ਦਾ
ਓਹ ਥਾਂ ਥਾਂ ਤੋਂ ਚੋਂਵਦਾ ਖੋਖਾ ਸੀ
**ਚੰਦਨ ਹਾਜੀਪੁਰੀਆ**

## ਫ਼ਰਕ

ਕੋਈ ਮਰਦਾ ਮੌਤ ਕੁੱਤੇ ਦੀ ਤੇ ਕੋਈ ਹੱਸ ਕੇ
ਸ਼ਹੀਦੀ ਜਾਮ ਪੀ ਜਾਂਦਾ
ਕਿਉਂਕਿ ਅੰਤ-ਅੰਤ 'ਚ ਵੀ ਫ਼ਰਕ ਹੁੰਦੈ!
ਅਖੌਤੀ ਬਾਬੇ ਲਗਜ਼ਰੀ ਜਿਊਣ ਜ਼ਿੰਦਗੀ,
ਅਸਲੀ ਮਾਣਦੇ ਨਿੱਘ ਫਕੀਰੀਆਂ ਦਾ
ਕਿਉਂਕਿ ਸੰਤ-ਸੰਤ 'ਚ ਵੀ ਫ਼ਰਕ ਹੁੰਦੈ!
ਇੱਕ ਕਰਦਾ ਸੀ ਘਾਣ ਜਵਾਨੀ ਦਾ, ਦੂਜਾ ਲੈਂਦਾ
ਬਦਲਾ ਬਲਿਊ ਸਟਾਰ ਦਾ
ਕਿਉਂਕਿ ਬੇਅੰਤ-ਬੇਅੰਤ 'ਚ ਵੀ ਫ਼ਰਕ ਹੁੰਦੈ!
**ਅਮਰਬੀਰ ਸਿੰਘ ਚੀਮਾ**
**ਸਰਹਿੰਦ, ਜ਼ਿਲ ' ਫ਼ਤਿਹਗੜ ਸਾਹਿਬ**
**ਮੋਬਾਈਲ ਨੰ: 9888940211**

## ਗੁਰੂ ਨਾਨਕ

ਗੁਰੂ ਨਾਨਕ ਦਾ ਦਰ ਸਭ ਤੋਂ ਉੱਚਾ,
ਨੀਵਿਆਂ ਉੱਚੇ ਕੀਤਾ ਹੂ।
ਖਾਲੀ ਕੋਈ ਨਾ ਦਰ ਤੋਂ ਮੁੜਿਆ,
ਜਿਸ ਪਿਆਲਾ ਪੀਤਾ ਹੂ।
ਗਿਆਨ ਦੇ ਸਾਗਰ ਸਤਿਗੁਰੂ ਮੇਰੇ,
ਜਿੰਨ ਸੇਵਿ ਜੱਗ ਜੀਤਾ ਹੂ।
ਹਸਤੀ ਕੀ ਸੀ ਪੱਤੋ ਦੀ ਸਾਹਿਬਾ,
ਦਿੱਤੀਆਂ ਦਾਤਾਂ ਲੀਤਾ ਹੂ।
ਕੀ ਗੁਣ ਲਿਖਾਂ ਮੈਂ ਤੇਰੇ ਘਰ ਦੇ,
ਜੋ ਜਾਣੇ ਮਨ ਸੀਤਾ ਹੂੰ।
ਵੱਡੇ ਕੀਆਂ ਵਡਿਆਈਆਂ ਪੀਤੇ
ਸੁਣੋਂ ਮੇਰੇ ਭਾਈ ਮੀਤਾ ਹੂੰ।
**ਹਰਪ੍ਰੀਤ ਪੱਤੋ।**

## ਨਾਰੇ ਨੀ ਨਾਰੇ

ਨਾਰੇ ਨੀ ਨਾਰੇ,
ਸਦਕੇ ਮੈ ਤੈਥੋ ਵਾਰੇ ਵਾਰੇ,
ਨਾਂ ਹੀ ਜੰਮਣ ਦੇ ਸ਼ਗਨ ਮਨਾਏ,
ਨਾਂ ਹੀ ਬੂਹੇ ਤੇ ਖੁਸਰੇ ਆਏ,
ਨਾਂ ਹੀ ਕਿਸੇ ਨੇ ਵੰਡੇ ਲੱਡੂ,
ਨਾ ਹੀ ਬੂਹੇ ਨਿੰਮ ਲਟਕਾਏ,
ਐੱਦਾ ਦਾ ਜੱਗ ਤੇ ਹੋਇਆ ਸਵਾਗਤ
ਸਭ ਦੇ ਮਨ ਸੀ ਭਾਰੇ ਭਾਰੇ ।
ਨਾਰੇ ਨੀ ਨਾਰੇ,
ਜਿੰਦਗੀ ਤੇਰੀ ਇੱਕ ਸੰਗਰਸ ਏ,
ਕਰਦੀ ਜਾ ਨਾਰੇ, ਲੜਦੀ ਜਾ ਨਾਰੇ,
ਲੋਕ ਦੋਗਲੇ ਦੁਨੀਆ ਦੇ ਨਾਰੇ,
ਇੱਕ ਹੱਥ ਤੇਰੀ ਪੂਜਾ ਕਰਦੈ
ਦੂਜਾ ਤੇਰੇ ਚੀਰ ਨੂੰ ਹਰਦੈ,
ਆਪੇ ਅਪਣਾ ਰਾਹ ਬਣਾਲਾ
ਬਣਾਉਂਦੀ ਜਿਵੇ ਨਦੀ ਚੀਰ
ਪਹਾੜ ਏ।
ਨਾਰੇ ਨੀ ਨਾਰੇ,
ਸਦਕੇ ਮੈਂ ਤੈਥੋਂ ਵਾਰੇ ਵਾਰੇ।
**ਅਵਤਾਰ ਕੌਰ 9530584818**

## ਗ਼ਜ਼ਲ

ਪੰਛੀਆਂ ਦੀ ਚਹਿਚਹਾਹਟ ਧੋਦੀਆਂ ਦੇ ਡੋਲਣੇਂ।
ਹੁਣ ਗਗਨ ਦੇ ਆਲ੍ਹਣੇ ਵਿਚੋਂ ਸਵੇਰੇ ਬੋਲਣੇਂ।
ਨਫ਼ਰਤਾਂ ਵਾਲੇ ਤਰਾਜ਼ੂ ਤੋਂ ਹੈ ਬੰਦਾ ਸਿਖਿਆ,
ਦੌਲਤਾਂ ਦੇ ਨਾਲ ਹੁਣ ਰਿਸ਼ਤੇ ਤੋਂ ਰਿਸ਼ਤੇ ਤੋਲਣੇਂ।
ਚੰਨ ਜਾਂ ਤਾਰਾ ਜਾਂ ਜੁਗਨੂੰ ਬਣਕੇ ਉਨ੍ਹਾਂ ਚਮਕਣਾ,
ਰਾਤ ਵਾਲੀ ਮਾਂਗ ਵਿਚ ਸਿੰਦੂਰ ਜਿਨ੍ਹਾਂ ਘੋਲਣੇਂ।
ਸੋਨੇ ਦੀ ਲੰਕਾ ਨੂੰ ਉਹਨਾਂ ਅੱਗ ਲਵਾਂ ਕੇ ਛਡਣੀਂ,
ਆਪਣੇਂ ਘਰ ਦੇ ਭੇਦ ਜਿਨ੍ਹਾਂ ਬਾਹਰ ਜਾ ਕੇ ਖੋਲਣੇਂ।
ਇਸ ਤਰ੍ਹਾਂ ਦਾ ਪਿਆਰ ਹੈ ਮਾਂਵਾਂ ਧੀਆਂ ਦਾ ਦੋਸਤੋ,
ਤਾਰਿਆਂ ਦੀ ਲੋਅ ਚ ਕੱਠੇ ਬਹਿਕੇ ਦੁਖ ਸੁਖ ਫੋਲਣੇਂ।
ਪਰ ਲਗਾ ਕੇ ਉਡ ਹੈ ਜਾਣਾ ਵਕ ?ਤ ਵਾਲੇ ਪੰਛੀਆਂ,
ਆਲ੍ਹਣੇ ਕੀ ਲੱਭਣੇਂ ਤੇ ਬੋਟ ਕਿਥੋਂ ਟੋਲਣੇਂ।
ਬਾਲਮਾਂ, ਹੁਣ ਤੇਰਿਆਂ ਹੱਥਾਂ ਚ ਸਾਰੀ ਖੇਡ ਹੈ,
ਚਾਅ ਮੇਰੇ ਤੂੰ ਰੱਖ ਲੈ ਜਾਂ ਰੋਲਦੇ ਦੇ ਜੇ ਰੋਲਣੇਂ।
**ਬਲਵਿੰਦਰ ਬਾਲਮ ਗੁਰਦਾਸਪੁਰ ਓਂਕਾਰ**
**ਨਗਰ ਗੁਰਦਾਸਪੁਰ ਪੰਜਾਬ**
**ਐਡਮਿੰਟਨ ਕਨੇਡਾ+919815625409**

## ਮੀਂਹ ਵਰਸਾਦੇ

ਕਵਿਤਾ ਮੰਜ਼ਰ
ਵੇਖਿਆ ਮੈਂ ਮੰਜ਼ਰ ਇਕ ਐਸਾ,
ਸ਼ਹਿਦ ਤੋਂ ਵੀ ਮਿੱਠਾ ਦਰਦ ਲੱਗਦਾ।
ਸੁੰਨ ਸ਼ਨਾਟਾ ਗਲੀਂ 'ਚ ਛਾਇਆ,
ਡਿੱਠਾ ਇਸ਼ਕ ਮਹਿਲ ਉਸਰਦਾ।
ਕੰਬਣ ਰਾਤਾਂ ਪੋਹ ਦੇ ਛਾਇਆ,
ਕੁੱਝ ਨਾ ਵੇਖਿਆ ਗਮ ਦੇ ਨਿੱਘ ਦਾ।
ਚਾਨਣ ਲੋਅ ਦਰਦਾਂ ਦਾ ਐਸਾ,
ਵਿਚ ਭੱਠਾ ਦੇ ਸੀਤ ਜਿਹਾ ਲੱਗਦਾ।
ਕੋਰਾ ਵਰਕਾ ਬਹਿਕੇ ਪੜਲੈ ਤੂੰ,
ਮਿਸ਼ਰੀ ਵਰਗੇ ਦਰਦ ਨੂੰ ਜਰਲਾਂ।
ਪੁੱਛ ਵੇਖ ਪੀੜਾਂ ਮਾਰੇ ਨੂੰ,
ਵੇਖਿਆ ਹਾਲ ਨਾ ਅੱਖੀਂ ਜਾਂਦਾ।
ਲਿੱਖਣਾ ਮੇਰੀ ਸੱਚੀ ਕਮਾਈ,
ਜਗਜੀਤ ਸੱਚ ਲਿਖਿਆ ਕਰਦਾ।
**-ਜਗਜੀਤ ਸਿੰਘ ਝੱਤਰਾ**
**ਪਿੰਡ ਝੱਤਰਾ, ਤਹਿਸੀਲ ਜੀਰਾ,**
**ਜਿਲ੍ਹਾ ਫਿਰੋਜਪੁਰ।**
**ਮੋਬਾ-7814490249**

## ਅਜੋਕੀ ਸੋਨੇ ਦੀ ਚਿੜੀ

ਗੰਦਾ ਸਿਸਟਮ ,ਲਿੱਬੜੇ ਹਲਾਤ ,ਗਲ ਤੇ ਗੋਡਾ
ਆਪਣੇ ਧਰੀ ਬੈਠੇ ਪੰਜਾਬ ਦੇ ,
ਨਬਜ਼ ਕੱਟ ਦਿੱਤੀ,ਜੀਭ ਮਚਾ ਛੱਡੀ,ਲੱਤਾਂ ਤੋਂ
ਲੰਗੜਾ,ਅੱਖਾਂ ਚ ਤੇਜਾਬ ਏ,
ਜਵਾਨੀ ਕੂੜ,ਬੁਢਾਪਾ ਰੁਲਦਾ,ਰੁਜ਼ਗਾਰ ਖਤਮ
ਆ ਤੇ ਨਸ਼ਾ ਸਰੇਆਮ ਏ,
ਇੱਜ਼ਤ ਰੁਲਦੀ,ਬਲਾਤਕਾਰ,ਕਾਤਿਲ ਵਾਧੂ
ਮਜਦੂਰ ਦਾ ਹੱਕ ਮਰੇ ਨਿੱਤ ਚੜਦੇ ਦਿਨ,
ਵਿਹੜਿਆਂ ਚ ਸੱਥਰ,ਸੱਥਾਂ ਖਾਲੀ,ਸਿਵਿਆਂ ਚ
ਰੌਣਕਾਂ,ਦੀਵੇ ਗੁੱਲ ਕਾਲਜੇ ਜਲਦੇ,
ਸੋਨੇ ਦੀ ਚਿੜੀ,ਸਿਆਸੀ ਕਾਵਾਂ ਨੇ ਨੋਚ ਕੇ ਖਾ
ਲਈ,ਨਿਗਲ ਗਏ ਵਿਰਾਸਤ ਨੂੰ,
ਬਾਣੀ ਰੋਲੀ,ਲਾਹਨਤੀਂ ਗੱਦਿਆਂ ਤੇ ਪੰਜਾਬ ਮੱਚ
ਰਿਹਾ ਰਾਖੇ ਵਿਦੇਸ਼ਾਂ ਚ,,
ਧਰਮਾਂ ਦੀ ਆੜ,ਸਿਆਸਤ ਦੀ
ਪਾੜ,ਚਮਚਾਗਿਰੀ ਚ ਰੰਗੇ ਫੋਕੇ ਨਾਂ ਦੇ ਮਰਦ,
ਮਾਵਾਂ ਰੋ ਰੋ ਅੰਨੀਆਂ,ਬਾਪੂ ਕਮਲੇ ਹੋਏ,ਜਵਾਕ
ਯਤੀਮ ਹੋਏ,ਚੁੱਲੇ ਘਾਹ,
ਮੱਖਣ ਸ਼ਿਆਂ ਫਿਰ ਵੀ ਮੁੱਛ ਖੜੀ ਸਾਡੀ,ਅੱਣਖ
ਸਿਰੇ,ਬੇਸ਼ੱਕ ਜ਼ਮੀਰਾਂ ਮੋਈਆਂ ਨੇ,,
**ਮੱਖਣ ਸ਼ੇਰੋਂ ਵਾਲਾ**
**ਸੰਪਰਕ98787-98726**

## ਗ਼ਜ਼ਲ

ਆਪਣੀਂ ਖ਼ੁਦ ਤਕਦੀਰ ਰਿਹਾ ਹਾਂ।
ਅਰਜੁਨ ਦਾ ਮੈਂ ਤੀਰ ਰਿਹਾ ਹਾਂ।
ਘੁੰਗਰੂ ਬਣਿਆ ਝਾਂਜਰ ਬਣਿਆ,
ਪੈਰ੍ਹਾਂ ਦੀ ਜ਼ੰਜੀਰ ਰਿਹਾ ਹਾਂ।
ਜੀਵਨ ਦੇ ਨਾਲ ਲੜ੍ਹਦੇ ਲੜ੍ਹਦੇ,
ਟੁਟ ਚੁੱਕੀ ਸ਼ਮਸ਼ੀਰ ਰਿਹਾ ਹਾਂ।
ਕੀ ਹੋਇਆ ਜੇ ਭੁੱਲ ਗਿਆ ਸਾਨੂੰ,
ਮਾਂਗ ਤਿਰੀ ਦਾ ਚੀਰ ਰਿਹਾ ਹਾਂ।
ਹੰਝੂ ਬਣ ਕੇ ਡੁਲ੍ਹਿਆ ਨਈਂ ਸਾਂ,
ਤੇਰੀ ਅੱਖ ਦਾ ਨੀਰ ਰਿਹਾ ਹਾਂ।
ਵੇਖਣ ਨੂੰ ਮੈਂ ਸਬਰ ਸਬੂਤਾਂ,
ਅੰਦਰੋਂ ਲੀਰੋ-ਲੀਰ ਰਿਹਾ ਹਾਂ।
ਝੂਠ ਦੇ ਅੱਗੇ ਝੁਕਿਆ ਨਾ ਮੈਂ,
ਸੱਚ ਦਾ ਪੀਰ ਫਕੀਰ ਰਿਹਾ ਹਾਂ।
ਜੋ ਨਈਂ ਹੁੰਦਾ ਉਹ ਵੀ ਕੀਤਾ,
ਪਾਣੀ ਉਪਰ ਲਕੀਰ ਰਿਹਾ ਹਾਂ।
ਘਰ ਦੀ ਛੱਤ ਨੂੰ ਢਹਿਣ ਨਾ ਦਿੱਤਾ,
ਇਕ ਮਜ਼ਬੂਤ ਛਤੀਰ ਰਿਹਾ ਹਾਂ।
ਸੋਚ ਮਿਰੀ ਵਿੱਚ ਇੱਕ ਕ੍ਰਾਂਤੀ,
ਵੇਖਣ ਨੂੰ ਗੰਭੀਰ ਰਿਹਾ ਹਾਂ।
ਘਰ ਦੇ ਫ਼ਰਜ਼ ਨਿਭਾ ਕੇ ਵੀ ਮੈਂ,
ਘਰ ਦੇ ਵਿਚ ਆਖੀ ?ਰ ਰਿਹਾ ਹਾਂ।
ਬੇਸ਼ਕ ਕਿਸਮਤ ਦੇ ਵਿਚ ਨੇਰ੍ਹਾ,
ਚਾਨਣ ਦਾ ਦਿਲਗੀਰ ਰਿਹਾ ਹਾਂ।
ਨਾ ਗੁਰੂ ਨਾ ਚੇਲਾ ਨਾ ਦਰਗਾਹ,
ਅਪਣਾ ਆਪ ਫ਼ਕੀਰ ਰਿਹਾ ਹਾਂ।
ਫਿਰ ਵੀ ਕੋਈ ਦੁਖ ਨਈਂ,ਬਾਲਮ,
ਰਾਹੀਆਂ ਲਈ ਰਾਹਗੀਰ ਰਿਹਾ ਹਾਂ।
**ਬਲਵਿੰਦਰ ਬਾਲਮ ਗੁਰਦਾਸਪੁਰ ਓਂਕਾਰ**
**ਨਗਰ ਗੁਰਦਾਸਪੁਰ ਪੰਜਾਬ**
**ਐਡਮਿੰਟਨ ਕਨੇਡਾ 919815625409**

## ਚੋਣਾਂ ਦਾ ਪਰਵ

ਚੋਣਾਂ ਦਾ ਪਰਵ ਹੈ ਆਇਆ
ਸਭ ਨੇ ਹੈ ਜਸ਼ਨ ਮਨਾਇਆ ,
ਅਸੀਂ ਸਾਰੇ ਵੋਟਾਂ ਪਾਵਾਂਗੇ
ਲੋਕਤੰਤਰ ਨੂੰ ਮਜ਼ਬੂਤ ਬਣਾਵਾਂਗੇ।
ਰਿੰਕੂ ਵੀ ਆਇਆ , ਟਿੰਕੂ ਵੀ ਆਇਆ
ਭੈਣ ਵੀ ਆਈ , ਮਾਸੀ ਵੀ ਆਈ
ਸਭ ਨੇ ਹੈ ਵੋਟ ਬਣਵਾਈ ,
ਇੱਕ ਜੂਨ ਨੂੰ ਵੋਟਾਂ ਪਾਵਾਂਗੇ
ਚੋਣਾਂ ਦਾ ਪਰਵ ਮਨਾਵਾਂਗੇ।
ਵੋਟ ਦੇ ਅਧਿਕਾਰ ਦੀ ਵਰਤੋਂ ਕਰਕੇ
ਆਪਣਾ ਮਤਦਾਨ ਕਰਨ ਆਵਾਂਗੇ ,
ਅਸੀਂ ਆਪਣਾ ਫਰਜ਼ ਨਿਭਾਵਾਂਗੇ
ਅਸੀਂ ਰਲ਼ - ਮਿਲ਼ ਵੋਟਾਂ ਪਾਵਾਂਗੇ।
ਵੋਟ ਦਾ ਸਾਨੂੰ ਹੱਕ ਹੈ ਮਿਲਿਆ
ਅਸੀਂ ਆਪਣਾ ਹੱਕ ਜਤਾਵਾਂਗੇ ,
ਪਹਿਲੀ ਜੂਨ ਨੂੰ ਵੋਟਾਂ ਪਾਵਾਂਗੇ
ਭਾਰਤ ਨੂੰ ਖੁਸ਼ਹਾਲ ਬਣਾਵਾਂਗੇ।
ਦੇਸ਼ ਦੇ ਸੂਝਵਾਨ ਨਾਗਰਿਕ ਹੋਣ ਦਾ
ਅਸੀਂ ਆਪਣਾ ਫਰਜ਼ ਨਿਭਾਵਾਂਗੇ ,
ਬਿਨਾਂ ਕਿਸੇ ਡਰ - ਲਾਲਚ ਤੋਂ
ਚੋਣਾਂ ਦਾ ਪਰਵ ਮਨਾਵਾਂਗੇ।
ਵੋਟ ਦੇ ਅਧਿਕਾਰ ਦੀ ਵਰਤੋਂ ਲਈ ,
ਸਭ ਪਾਸੇ ਅਲਖ ਜਗਾਵਾਂਗੇ ,
ਅਸੀਂ ਖੁਦ ਮਤਦਾਨ ਕੇਂਦਰ @ਤੇ ਜਾ ਕੇ
ਆਪਣੀ ਵੋਟ ਜਰੂਰ ਪਾਵਾਂਗੇ।
ਅਸੀਂ ਦੇਸ਼ ਨੂੰ ਖੁਸ਼ਹਾਲ ਬਣਾਵਾਂਗੇ
ਲੋਕਤੰਤਰ ਦਾ ਪਰਵ ਮਨਾਵਾਂਗੇ ,
ਚੋਣਾਂ ਦਾ ਪਰਵ ਮਨਾਵਾਂਗੇ
ਅਸੀਂ ਰਲ਼ - ਮਿਲ਼ ਵੋਟਾਂ ਪਾਵਾਂਗੇ ,
ਭਾਰਤ ਨੂੰ ਮਹਾਨ ਬਣਾਵਾਂਗੇ।
**ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ**
**9478561356**

## ਕੀ ਹਾਲ ਪ੍ਰਦੇਸੀਆਂ ਦੇ (ਟੱਪੇ)

ਰਾਹਵਾਂ ਉਏ ਰਾਹਵਾਂ
ਜਿੰਨ੍ਹਾਂ ਦੇ ਧੀਆਂ ਪੁੱਤ ਪਰਦੇਸੀ ਹੋ ਗਏ
ਚੇਤੇ ਕਰ ਕਰ ਹੰਝੂ ਕੇਰਦੀਆਂ ਮਾਵਾਂ
ਗੋਟੇ ਉਏ ਗੋਟੇ
ਲੈ ਕੇ ਉੱਡ ਗਏ ਜਹਾਜ ਚੰਦਰੇ
ਮਾਵਾਂ ਦੇ ਜਿਗਰ ਦੇ ਟੋਟੇ
ਛਾਵਾਂ ਉਏ ਛਾਵਾਂ
ਪ੍ਰਦੇਸਾ ਵਿੱਚ ਜਦ ਲਾਹੀਏ ਰੋਟੀਆਂ
ਚੇਤੇ ਆਉਦੀਆਂ ਰੱਬ ਵਰਗੀਆਂ ਮਾਵਾਂ
ਕੱਢਣੇ ਉਏ ਕੱਢਣੇ
ਜੇ ਆਪਣੇ ਵਤਨਾਂ ਚ ਹੋਵੇ ਰੁਜਗਾਰ ਮਿਲਦਾ
ਸਵਰਗਾਂ ਤੋਂ ਸੋਹਣੇ ਕਾਹਤੋਂ ਪੈਣ ਸਾਨੂੰ ਘਰ
ਛੱਡਣੇ
ਦਾਣੇ ਉਏ ਦਾਣੇ
ਲੋਕੀਂ ਕਹਿਣ ਪ੍ਰਦੇਸੀਂ ਬੜੇ ਸੌਖੇ ਵੱਸਦੇ
ਪਰ ਸਾਡੇ ਕੌਣ ਦਿਲਾਂ ਦੀਆਂ ਜਾਣੇ
ਪਾਵੇ ਉਏ ਪਾਵੇ
ਮੈਂ ਕੁੱਟ ਕੁੱਟ ਕਾਵਾਂ ਤੈਨੂੰ ਪਾਵਾਂ ਚੂਰੀਆਂ
ਕੋਈ ਮੇਰੇ ਪੁੱਤ ਦਾ ਸੁੱਖ ਦਾ ਸੁਨੇਹਾ ਲੈ ਕੇ ਆਵੇ
ਆਪੇ ਉਏ ਆਪੇ
ਪ੍ਰਦੇਸ਼ਾਂ ਵਿੱਚ ਬਲਤੇਜ ਸੰਧੂਆਂ ਧੀਆਂ ਪੁੱਤ ਰੁੱਲਦੇ
ਵਤਨਾਂ ਚ ਬੈਠੇ ਔਲਾਦ ਨੂੰ ਤਰਸਦੇ ਮਾਪੇ
**ਬਲਤੇਜ ਸੰਧੂ ਬੁਰਜ ਲੱਧਾ**
**ਬਠਿੰਡਾ 9465818158**

## ਰੁੱਖਾਂ ਦੇ ਸੁੱਖ

ਸੈਂਕੜੇ ਜੇ ਚਾਹੁੰਦੇ ਤੁਸੀਂ ਸੁੱਖ ਦੋਸਤੋ .
ਬਿਨਾਂ ਗਿਣੇਂ ਲਾਈਂ ਚੱਲੋ ਰੁੱਖ ਦੋਸਤੋ .
ਇਹਨਾਂ ਬਿਨਾਂ ਹੋਣਾ ਨਾ ਬਚਾਅ ਮਿੱਤਰੋ .
ਇਹਨਾਂ ਤੋਂ ਬਗੈਰ ਨਹੀਂਓਂ ਸਾਹ ਮਿੱਤਰੋ .
ਇਹਨਾਂ ਨਾਲ ਜਿਉਂਦੇ ਨੇ ਮਨੁੱਖ ਦੋਸਤੋ .
ਬਿਨਾਂ ਗਿਣੇਂ ਲਈਂ ਚੱਲੋ --------
ਸਾਡੇ ਵੱਲੋਂ ਛੱਡੀ ਗੰਦੀ ਹਵਾ ਖਾਂਦੇ ਨੇ .
ਦੁੱਖਾਂ ਸੁੱਖਾਂ ਵਿੱਚ ਸਾਡੇ ਕੰਮ ਆਉਂਦੇ ਨੇ .
ਰੁੱਖ ਨੇ ਮਿਟਾਉਂਦੇ ਸਾਡੀ ਭੁੱਖ ਦੋਸਤੋ .
ਬਿਨਾਂ ਗਿਣੇਂ ਲਾਈਂ ਚੱਲੋ ---------
ਬੜੇ ਇਤਿਹਾਸ ਮਾਣ ਮੱਤੇ ਇਹਨਾਂ ਦੇ .
ਸਾੜੋ ਨਾ ਪਰਾਲ਼ੀ ਨਾਲ ਪੱਤੇ ਇਹਨਾਂ ਦੇ .
ਇਹਨਾਂ ਨਾਲ ਧਰਤੀ ਦੀ ਠੁੱਕ ਦੋਸਤੋ .
ਬਿਨਾਂ ਗਿਣੇਂ ਲਾਈਂ ਚੱਲੋ -------- -
ਆਖਰੀ ਸਮੇਂ ਵੀ ਇਹ ਕੰਮ ਆਉਂਦੇ ਨੇ .
ਮੋਇਆਂ ਨੂੰ ਜਲਾ ਕੇ ਮਿੱਟੀ 'ਚ ਮਿਲਾਉਂਦੇ ਨੇ .
ਕਿਸੇ ਗੱਲੋਂ ਮੋੜਦੇ ਨਾ ਮੁੱਖ ਦੋਸਤੋ .
ਬਿਨਾਂ ਗਿਣੇਂ ਲਾਈਂ ਚੱਲੋ -------- -
ਦੁਨੀਆਂ 'ਚ ਜਦੋਂ ਹਰਿਆਲੀ ਘਟ ਗਈ .
ਫੇਰ ਨਾ ਕਿਹੋ ਕਿ ਖੁਸ਼ਹਾਲੀ ਘਟ ਗਈ .
ਧਰਤੀ ਮਾਂ ਰੋਊ ਬੁੱਕ ਬੁੱਕ ਦੋਸਤੋ .
ਬਿਨਾਂ ਗਿਣੇਂ ਲਾਈਂ ਚੱਲੋ ----------
ਰੁੱਖ ਲਾ ਕੇ ਪਾਲ ਕੇ ਬਚਾਅ ਕੇ ਰੱਖਿਓ .
ਧਰਤੀ ਦਾ ਵਿਹੜਾ ਮਹਿਕਾ ਕੇ ਰੱਖਿਓ .
ਖਾਦ ਹੈ ਬਣਾਉਂਦਾ ਨਿੱਕ ਸੁੱਕ ਦੋਸਤੋ .
ਬਿਨਾਂ ਗਿਣੇਂ ਲਾਈਂ ਚੱਲੋ ---------
ਰੁਲਦੂ ਦੀ ਇੱਕ ਅਰਜੋਈ ਮੰਨ ਲਓ .
ਰੰਚਣਾਂ ਵਾਲੇ ਦੀ ਗੱਲ ਲੜ ਬੰਨ੍ ਲਓ .
ਜਿੰ ?ਦਗੀ ਹੰਢਾਊ ਲੱਖਾਂ ਸੁੱਖ ਦੋਸਤੋ .
ਬਿਨਾਂ ਗਿਣੇਂ ਲਾਈਂ ਚੱਲੋ ---------
**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ .**
**99148336037 , 9478408898**

## ਮੇਰੀ ਮਾਂ

ਮੈਂ ਜਿਹੜੀ ਮਾਂ ਦੀ ਕੁੱਖ ਦੀ ਜਾਈਂ,
ਅੱਜ ਯਾਦ ਹੈ ਉਸਦੀ ਆਈ,
ਉਹਨੇ ਕੀ ਕੀ ਜੂਨ ਹੰਢਾਈ,
ਅਸੀਂ ਜਿਸਦੇ ਹਾਂ ਕਰਜ਼ਾਈ।
ਅੱਜ ਰੂਹ ਵੀ ਅੰਬੀ ਲੱਗੇ ,
ਜਿਵੇਂ ਸਦੀਆਂ ਦੀ ਹੰਬੀ ਲੱਗੇ,
ਸ਼ਾਹ ਸੁੱਕਣ ਨਾਲੇ ਟੁੱਟਣ,
ਦਰਦਾਂ ਦੀ ਝੰਬੀ ਲੱਗੇ।
ਅੱਜ ਮੋੜ ਮੈਂ ਉਸੇ ਖੜ ਗਈ,
ਜਿੱਥੇ ਮਾਂ ਮੇਰੀ ਨਾਲ ਹਲਾਤਾਂ ਲੜ ਗਈ,
ਖੌਰੇ ਕਿੰਨੇ ਹੀ ਦੁੱਖ ਜਰ ਗਈ,
ਜੋ ਸਾਨੂੰ ਖੜਨ ਦੇ ਯੋਗੇ ਕਰ ਗਈ।
ਜ਼ਿੰਦਗੀ ਨੇ ਲੱਖ ਤਸੀਹੇ ਦਿੱਤੇ,
ਉਹਨੇ ਘੁੱਟ ਸਬਰਾਂ ਦੇ ਪੀਤੇ,
ਲੋਕਾਂ ਕੀ ਕੀ ਜ਼ੁਲਮ ਨੇ ਕੀਤੇ,
ਉਹਨੇ ਫਿਰ ਵੀ ਰਿਸ਼ਤੇ ਸੀਤੇ।
ਅਸੀਂ ਕਰਜ਼ਦਾਰ ਹਾਂ ਮੇਰੀ ਮਾਂ ਦੇ,
ਸਾਡੀ ਸਿਰ ਦੀ ਠੰਢੀ ਛਾਂ ਦੇ,
ਸਾਡੇ ਲਈ ਮਦਿੰਰ ਹੈ ਉਹ
ਵਿੱਚ ਵੱਸਦੀ ਜਿਸ ਗਰਾਂ ਦੇ।
**ਰਾਜਵਿੰਦਰ ਕੌਰ ਬੰਨੂੰ**
**ਅਸਪਾਲ ਕਲਾਂ**
**ਸੰਪਰਕ 98787-98726ਓ**

## ਲੋਕ ਤੱਥ

ਆਸ ਦਾ ਨਾ ਛੱਡੀ ਕਦੇ ਪੱਲਾ ਮਿੱਤਰਾ,
ਨਾ ਸੁੰਨੇ ਰਾਹ 'ਤੇ ਤੁਰੀ ਕਦੇ 'ਕੱਲਾ ਮਿੱਤਰਾ।
ਰਾਹ ਦੇ ਵਿੱਚ ਕਿਸੇ ਦੇ ਨਾ ਰੋੜਾ ਬਣੀ ਤੂੰ,
ਕਮਜ਼ੋਰ ਮੂਹਰੇ ਹਿੱਕ ਆਪਣੀ ਨਾ ਤਣੀ ਤੂੰ।
ਬਹੁਤਾ ਲਾਡ-ਪਿਆਰ ਹੁੰਦਾ ਮਾੜਾ ਮਿੱਤਰਾ,
ਦਿਲੋਂ ਨਾ ਭੁਲਾਈ ਊੜਾ-ਆੜਾ ਮਿੱਤਰਾ।
ਕੱਚ ਦੇ ਖਿਡੌਣੇ ਹਵਾ 'ਚ ਉਛਾਲੀ ਨਾ,
ਸੱਪ ਦੇ ਬੱਚੇ ਨੂੰ ਘਰ ਵਿੱਚ ਪਾਲੀ ਨਾ।
ਪ੍ਰਛਾਵੇਂ ਵਾਂਗ ਕਿਸੇ ਦਾ ਨਾ ਸਾਥ ਛੱਡੀ ਤੂੰ,
ਮਾਂ-ਭੈਣ ਦੀ ਨਾ ਕਦੇ ਗਾਲ ਕੱਢੀ ਤੂੰ।
ਕਿੱਕਰਾਂ ਦੇ ਬੂਟੇ ਨਾ ਵਿਹੜੇ 'ਚ ਲਾਈ ਓਏ,
ਤਲੇ ਹੋਏ ਭੋਜਨ ਨਾ ਬਹੁਤੇ ਖਾਈ ਓਏ।
ਪੰਛੀਆਂ ਨੂੰ ਕਦੇ ਪਿੰਜਰੇ 'ਚ ਤਾੜੀਂ ਨਾ,
ਨਿੱਕੀ ਜਿਹੀ ਗੱਲ ਪਿੱਛੇ ਵਿਗਾੜੀ ਨਾ।
'ਕੱਲਾ ਨਾ ਉਠਾਈ ਕਦੇ ਭਾਰ ਮਿੱਤਰਾ,
ਗਰੀਬਾਂ ਦੀ ਵੀ ਲੈਂਦਾ ਰਹੀ ਸਾਰ ਮਿੱਤਰਾ।
'ਬੜੈਚ' ਦੇ ਇਹ ਤੱਤ ਕੱਢੇ ਖਾਨੇ ਪਾ ਲਵੀਂ,
ਸੋਲਾਂ ਆਨੇ ਗੱਲਾਂ ਇਹ ਸੱਚ ਨੇ ਜਵੀਂ।
**-ਤਸਵਿੰਦਰ ਸਿੰਘ ਬੜੈਚ**
**ਮੋਬਾ÷7527931887**

## ਕਿਸਾਨ

ਆਪਣੇ ਦੇਸ਼ ਦਾ ਅਜਿਹਾ ਕਿਸਾਨ ਹਾਂ ਮੈਂ
ਕਰਜ਼ੇ ਦੇ ਬੋਝ ਹੇਠ ਦੱਬ ਚੁੱਕਿਆ ਹਾਂ ਮੈਂ
ਮੈਂ ਭਾਰਤ ਦੇਸ਼ ਦਾ ਕਿਸਾਨ ਹਾਂ
ਜੋ ਹੁਣ ਵੀ ਕੰਗਾਲ ਹਾਂ
ਬਹੁਤ ਵਾਰ ਕਿਸਮਤ ਅਜਮਾ ਚੁੱਕਿਆਂ ਹਾਂ ਮੈਂ
ਕਹਿਣ ਨੂੰ ਤਾਂ ਮੇਰੇ ਦੇਸ਼ ਦੀ ਧਰਤੀ 'ਤੇ
ਅੱਜ ਵੀ ਅਜ਼ਾਦ ਹਾਂ
ਉਹੀ ਲੋਟੂ ਸਰਕਾਰਾਂ ਤੇ ਸ਼ਾਹੂਕਾਰਾਂ ਦਾ ਸ਼ਿਕਾਰ ਹਾਂ
ਜਾਨ ਤੋੜ ਕੇ ਪਕਾਈ ਫਸਲ
ਬੇ ਮੌਸਮ ਦੇ ਹੱਥੋਂ ਲੁੱਟ ਚੁੱਕਿਆ ਹਾਂ ਮੈਂ
ਧੀਆਂ ਪੁੱਤ ਵੀ ਵਿਆਹ ਦਿੱਤੇ
ਆੜਤੀਏ ਦਾ ਕਰਜ਼ਦਾਰ ਹਾਂ ਮੈਂ
ਦਿਨ ਰਾਤ ਮਿਹਨਤ ਕਰ ਭੁੱਖਾ ਭਾਣਾ
ਅੰਨਦਾਤਾ ਦੇਸ਼ ਦਾ ਢਿੱਡ ਭਰਨ ਵਾਲਾ
ਕਈ ਵਾਰ ਸਲਫਾਸ ਖਾ ਤੇ ਫਾਹਾ ਲੈ
ਮਰ ਚੁੱਕਿਆ ਹਾਂ ਮੈਂ
ਗਗਨ ਅੱਜ ਮੇਰੇ ਦੇਸ਼ ਦੀ ਚਿੜੀ
ਵਿਕਣ ਲਈ ਤਿਆਰ ਹੈ
ਇਹ ਗੱਲ ਸੋਚ ਧਾਲੀਵਾਲ ਧਰਤ ਮਾਂ ਦੇ ਗਲ ਲੱਗ
ਬਹੁਤ ਵਾਰ ਰੋ ਚੁੱਕਿਆ ਹਾਂ ਮੈਂ
**ਗਗਨਦੀਪ ਧਾਲੀਵਾਲ ਝਲੂਰ**

# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 253

Website: www.preetnama.com Email preetnamausa@gmail.com

17 MAY TO 23 MAY , 2024


